# ਚਿਰਾਗ

ਅਕਤੂਬਰ-ਦਸੰਬਰ 2004

**October - December 2004**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਮੁੱਲ : 15 ਰੁਪਏ -50- ਅਕਤੂਬਰ-ਦਸੰਬਰ, 2004

# ਚਿਰਾਗ਼ ਤਿਮਾਹੀ

**ਅਕਤੂਬਰ-ਦਸੰਬਰ 2004**

ਸੰਪਾਦਕ : ਹਰਭਜਨ ਸਿੰਘ ਹੁੰਦਲ

ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ, ਸੁਰਜੀਤ ਗਿੱਲ

ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)


## ਤਤਕਰਾ


- ਸੰਪਾਦਕੀ ਟਿੱਪਣੀ - ਪਾਬਲੋ ਨੇਰੂਦਾ ਦਾ ਸੌਵਾਂ ਜਨਮਦਿਨ ( -ਸੰਪਾਦਕੀ ਮੰਡਲ)
- ਇਸ ਵਾਰ ਦਾ ਕਵੀ - ਹਰਭਜਨ ਸਿੰਘ ਰੈਣੂ ਦੀਆਂ ਛੇ ਕਵਿਤਾਵਾਂ
- ਵਿਸ਼ੇਸ਼ ਲੰਬੀ ਪਾਕਿਸਤਾਨੀ ਕਹਾਣੀ - ਗੁੰਝਲ-ਗੁੰਝਲ ਹੋਈਆਂ ਸਾਡੀ ਆਸ ਦੀਆਂ ਤੰਦਾ (ਅਫ਼ਜਲ ਤੌਸੀਫ)
- ਵਾਘਿਓਂ ਪਾਰ - ਜ਼ਫ਼ਰ ਇਕਬਾਲ ਦੀਆਂ ਚੋਣਵੀਆਂ ਚਾਰ ਗ਼ਜ਼ਲਾਂ, ਫਰਖੰਦਾ ਲੋਧੀ, ਨਜ਼ਮ ਹੁਸੈਨ ਸੱਯਦ
- ਗ਼ਜ਼ਲਾਂ - ਸੁਲੱਖਣ ਸਰਹੱਦੀ, ਸਰਵਣ ਰਾਹੀਂ, ਅਮਰਦੀਪ ਸੰਧਾਵਾਲੀਆਂ
- ਵਤਨੋਂ ਦੂਰ - ਨਜ਼ਮ ( ਗੁਰਨਾਮ ਢਿੱਲੋਂ)
- ਵਿਸ਼ਵ ਕਵਿਤਾ - ਪਾਬਲੋ ਨੇਰੂਦਾ ਦੀਆਂ ਦੋ ਕਵਿਤਾਵਾਂ
- ਪੰਜਾਬੀ ਕਹਾਣੀ - ਸਿਰਦਾਰ (ਜ਼ੋਰਾ ਸਿੰਘ ਸੰਧੂ) ਅਣਗਿਣਤ ਵਰ੍ਹਾ (ਜਸਪਾਲ ਮਾਨ ਖੇੜਾ)
- ਵਿਸ਼ੇਸ਼ ਲੇਖ - ਉੱਤਰ-ਆਧੁਨਿਕਤਾਵਾਦ ਅਤੇ ਅਜੋਕਾ ਸਮਾਂ (ਪ੍ਰੋ. ਰਣਧੀਰ ਸਿੰਘ) ਨਿਰੰਜਣ ਮਸ਼ਾਲਚੀ (ਸੁਰਜੀਤ ਗਿੱਲ)
- ਆਹਮੋਂ-ਸਾਹਮਣੇ - ਰਾਮ ਸਰੂਪ ਰਿਖੀ ਨਾਲ ਮੁਲਾਕਾਤ ( ਡਾ. ਕਰਮਜੀਤ ਸਿੰਘ)
- ਵਾਦ-ਵਿਵਾਦ - ਸੁਲੱਖਣ ਸਰਹੱਦੀ
- ਪੁਸਤਕ ਪੜਚੋਲ - ਵਰਜਨਾ ਤੋਂ ਪਾਰ (ਬਲਵੀਰ ਪਰਵਾਨਾ) ਸਬਰੰਗ ( ਚਮਨ ਲਾਲ ਚਮਨ) -ਗੁਰਨਾਮ ਢਿੱਲੋਂ, ਸੀ ਕੋਈ ( ਸੁਸ਼ੀਲ ਰਹੇਜਾ) -ਸੁਲੱਖਣ ਸਰਹੱਦੀ
- ਖਿਆਲ ਆਪੋ-ਆਪਣਾ - ਪ੍ਰੋ. ਹਰਿੰਦਰ ਮਹਿਬੂਬ, ਸੁਲੱਖਣ ਸਰਹੱਦੀ



**Postal Address :**
**Harbhajan Singh Hundal,**
**V. Fatu Chak,**
**P.O. Dhilwan,**
**Distt.Kapurthala - 144804**
**(Pb.) India.**
**Phone No. 01822-273188**



ਚੰਦਿਆਂ ਦਾ ਵੇਰਵਾ ---- :

| | |
|---|---|
| ਦੇਸ਼ ਵਾਰਸ਼ਿਕ | : 50 ਰੁ. |
| ਇਕ ਪਰਚਾ | : 15 ਰੁ. |
| ਸੰਸਥਾਵਾਂ (ਵਾਰਸ਼ਿਕ) | : 70 ਰੁ. |
| ਵਿਦੇਸ਼, ਯੂ.ਕੇ. | : 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : 300 ਰੁ. |

ਨੋਟ- ਸਾਰੇ ਚੈੱਕ ਅਤੇ ਪੋਸਟਲ ਆਰਡਰ ਹਰਭਜਨ ਸਿੰਘ ਹੁੰਦਲ ਸੰਪਾਦਕ ਚਿਰਾਗ਼ ਦੇ ਨਾਂ ਭੇਜੇ ਜਾਣ।

ਚਿਰਾਗ਼ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1006 ਦੇ ਅਨੁਸਾਰ ਹਾਈ/ ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼, 274-ਚੰਨ ਰੋਡ, ਜਲੰਧਰ ( ਫੋਨ-98142-73311) ਤੋਂ ਛਪਵਾ ਕੇ, ਭਾਈ ਰਤਨ ਸਿੰਘ, ਟਰੱਸਟ ਬਿਲਡਿੰਗ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ : ਅਕਤੂਬਰ 2004


ਸੰਪਾਦਕੀ ਟਿੱਪਣੀ

# ਕਵੀ ਨੇਰੂਦਾ ਦਾ ਸੌਵਾਂ ਜਨਮ-ਦਿਨ

ਸਾਰੇ ਸੰਸਾਰ ਵਿਚ ਕਵਿਤਾ ਦੇ ਪ੍ਰੇਮੀ ਅਤੇ ਨੇਰੂਦਾ ਦੇ ਪਾਠਕ ਸੰਸਾਰ ਪ੍ਰਸਿੱਧ ਜਨਵਾਦੀ / ਕ੍ਰਾਂਤੀਕਾਰੀ ਕਵੀ ਦਾ ਸੌਵਾਂ ਜਨਮ-ਦਿਨ (1904-1973) ਮਨਾ ਕੇ ਹਟੇ ਹਨ। ਚਿਰਾਗ਼ ਦਾ ਸੰਪਾਦਕੀ- ਮੰਡਲ ਆਪਣੀ ਪਤ੍ਰਿਕਾ ਦੇ ਆਰੰਭ ਤੋਂ ਹੀ ਨੇਰੂਦਾ ਦੀਆਂ ਕਵਿਤਾਵਾਂ ਅਤੇ ਹੋਰ ਵਾਰਤਕ ਲਿਖਤਾਂ ਅਨੁਵਾਦ ਕਰ ਕੇ ਨਿਰੰਤਰ ਛਾਪਣ ਦਾ ਮਾਣ ਪ੍ਰਾਪਤ ਕਰਦਾ ਰਿਹਾ ਹੈ। ਅਸੀਂ ਪੰਜਾਬੀ ਵਿਚ ਪਹਿਲੀ ਵਾਰ ਪਾਬਲੋ ਨੇਰੂਦਾ ਦਾ ਵਿਸ਼ੇਸ਼ ਅੰਕ (ਜੁਲਾਈ 2002) ਪ੍ਰਕਾਸ਼ਤ ਕਰ ਕੇ ਕਵੀ ਦੇ ਕਾਵਿ-ਮਹੱਤਵ ਨੂੰ ਉਜਾਗਰ ਕੀਤਾ ਸੀ।

ਨੇਰੂਦਾ ਦੇ ਪ੍ਰਸੰਸਕ ਕਵੀਆਂ ਤੇ ਸਾਹਿਤ ਪ੍ਰੇਮੀਆਂ ਨੇ ਉਸ ਨੇ ਜਨਮ-ਦਿਨ ਤੇ ਉਸ ਦੇ ਘਰ ਤੋਂ ਲੱਗ ਕੇ ਦੋ ਮੀਲ ਤੀਕ ਨੇਰੂਦਾ ਬਾਰੇ ਛਪੀਆਂ, ਵੱਖ-ਵੱਖ ਭਾਸ਼ਾਵਾਂ ਦੀਆਂ ਨਜ਼ਮਾਂ ਦੀ ਲੰਮੀ ਲੜੀ ਬਣਾ ਕੇ ਆਪਣੇ ਪਿਆਰ ਤੇ ਸ਼ਰਧਾ ਦਾ ਪ੍ਰਮਾਣ ਦਿੱਤਾ ਹੈ। 1973 ਵਿਚ ਅਲੈਂਡੇ ਦੀ ਲੋਕ-ਰਾਜੀ ਢੰਗ ਨਾਲ ਚੁਣੀ ਸਰਕਾਰ ਨੂੰ ਅਮਰੀਕੀ ਜੰਗਬਾਜ਼ਾਂ ਦੀ ਸਹਾਇਤਾ ਨਾਲ ਜਦੋਂ ਟੈਂਕਾਂ ਤੇ ਹਵਾਈ-ਜਹਾਜ਼ਾਂ ਨਾਲ ਤਬਾਹ ਕਰ ਕੇ ਚਿੱਲੀ ਵਿਚ ਫੌਜੀ ਰਾਜ ਸਥਾਪਿਤ ਕੀਤਾ ਗਿਆ ਸੀ ਤਾਂ ਉਥੋਂ ਦੀ ਫੌਜੀ ਜੁੰਡਲੀ ਨੇ ਨੇਰੂਦਾ ਦੇ ਘਰ ਦੇ ਦਰਸ਼ਣ ਕਰਨ ਉੱਤੇ ਸਖ਼ਤ ਪਾਬੰਦੀ ਲਾ ਦਿੱਤੀ ਸੀ ਅਤੇ ਉਸ ਦੀ ਲਾਇਬ੍ਰੇਰੀ ਦੀ ਵੀ ਭੰਨ-ਤੋੜ ਕੀਤੀ ਗਈ ਸੀ। ਉਸ ਵੇਲੇ ਵੀ ਨੇਰੂਦਾ ਦੀ ਕਵਿਤਾ ਦੇ ਪ੍ਰਸੰਸਕ ਉਸ ਦੇ ਘਰ ਆਪਣਾ ਸਤਿਕਾਰ ਭੇਂਟ ਕਰਨ ਆਉਂਦੇ ਅਤੇ ਨੇਰੂਦਾ ਦੇ ਬਾਗ ਵਿਚ, ਦਰੱਖਤਾਂ ਦੇ ਤਣਿਆਂ ਉੱਤੇ ਆਪਣੇ ਸੁਨੇਹੇ ਤੇ ਸ਼ੁੱਭ-ਇੱਛਾਵਾਂ ਕਰਦਾਂ, ਬਲੇਡਾਂ ਅਤੇ ਚਾਕੂਆਂ ਨਾਲ ਉਕਰ ਜਾਂਦੇ ਰਹੇ ਸਨ।

ਨੋਬਲ ਪੁਰਸਕਾਰ ਵਿਜੇਤਾ ਨੇਰੂਦਾ ਦੇ 60 ਤੋਂ ਵੱਧ ਕਾਵਿ-ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ ਅਤੇ ਸਪੇਨੀ ਬੋਲੀ ਵਿਚ ਇਹ ਸੰਗ੍ਰਹਿ ਛਪਦੇ ਸਾਰ ਹੀ ਅੰਗ੍ਰੇਜ਼ੀ ਵਿਚ ਅਨੁਵਾਦ ਹੋ ਕੇ ਛਪ ਜਾਂਦੇ ਰਹੇ। ਨੇਰੂਦਾ ਬੇਹੱਦ, ਸਿਰਜਣਾਤਮਿਕ ਲੇਖਕ ਸੀ, ਜੋ ਨਿਰੰਤਰ ਤੌਰ ਉੱਤੇ ਸੰਸਾਰ ਦੇ ਅਮਨ ਪਸੰਦ ਤੇ ਆਜ਼ਾਦੀ ਪ੍ਰੇਮੀਆਂ ਦੀਆਂ ਮੰਗਾਂ ਉਮੰਗਾਂ ਨਾਲ ਜੁੜਿਆ ਰਿਹਾ ਸੀ।

ਲਾਤੀਨੀ ਅਮਰੀਕੀ ਦੇ ਦੇਸ਼ ਚਿੱਲੀ ਵਿਚ ਕਾਫ਼ੀ ਦੇਰ ਤੋਂ ਇਹ ਪਰੰਪਰਾ ਚਲੀ ਆਉਂਦੀ ਸੀ ਕਿ ਉੱਥੋਂ ਦੇ ਪ੍ਰਸਿੱਧ ਕਵੀ ਨੂੰ ਬਾਹਰਲੇ ਦੇਸ਼ਾਂ ਦੇ ਸਫ਼ਾਰਤਖਾਨੇ ਵਿਚ ਡਿਪਲੋਮੇਟ ਦੀ ਪਦਵੀ ਦੇ ਕੇ ਸਨਮਾਨਿਆਂ ਜਾਂਦਾ ਰਿਹਾ ਸੀ। ਸ਼ੁਰੂ ਦੇ ਚਾਰ-ਪੰਜ ਸਾਲ ਨੇਰੂਦਾ ਵੀ ਜਾਵਾ-ਸਮਾਟਰਾ ਤੇ ਲੰਕਾ ਵਰਗੇ ਛੋਟੇ ਦੇਸ਼ਾਂ ਵਿਚ ਡਿਪਲੋਮੇਟ ਵਜੋਂ ਕੰਮ ਕਰਦਾ ਰਿਹਾ ਸੀ।

ਚੜ੍ਹਦੀ ਜਵਾਨੀ ਵਿਚ ਨੇਰੂਦਾ ਦੇ ਪਹਿਲੇ, ਦੂਜੇ ਕਾਵਿ-ਸੰਗ੍ਰਹਿ ਦੇ ਛਪਣ ਨਾਲ (ਵੀਹ ਪਿਆਰ ਕਵਿਤਾਵਾਂ) ਉਹ ਸਾਹਿਤ-ਜਗਤ ਵਿਚ ਬਹੁਤ ਪ੍ਰਸਿੱਧ ਹੋ ਚੁੱਕਾ ਸੀ ਤੇ ਨੌਜਵਾਨ ਉਸ ਦੀਆਂ ਇਹਨਾਂ ਕਵਿਤਾਵਾਂ ਨੂੰ ਯਾਦ ਕਰ-ਕਰ ਕੇ ਆਪਣੇ ਯਾਰਾਂ ਤੇ ਪ੍ਰੇਮੀਆਂ / ਪ੍ਰੇਮਕਾਵਾਂ ਨੂੰ ਸੁਣਾਉਂਦੇ ਹੁੰਦੇ ਸਨ।

ਸਪੇਨ ਦੇ 1936-39 ਦੇ ਸਾਲਾਂ ਦੌਰਾਨ ਗ੍ਰਹਿ-ਯੁੱਧ ਸਮੇਂ ਨੇਰੂਦਾ ਉੱਥੇ ਆਪਣੇ ਦੇਸ਼ ਵੱਲੋਂ ਡਿਪਲੋਮੇਟ ਸੀ। ਇਸ ਘਮਸਾਨ ਦੇ ਯੁੱਧ ਵਿਚ 10 ਲੱਖ ਸਪੇਨੀ ਮਾਰੇ ਗਏ ਤੇ ਏਨੇ ਹੀ ਜਲਾਵਤਨੀ ਲਈ ਮਜਬੂਰ ਹੋਏ। ਇਹਨਾਂ ਘਟਨਾਵਾਂ ਨੇ ਨੇਰੂਦਾ ਦੀ ਸ਼ਾਇਰੀ, ਸੋਚਣੀ ਤੇ ਜੀਵਨ-ਦ੍ਰਿਸ਼ਟੀ ਨੂੰ ਬਿਲਕੁਲ ਬਦਲ ਦਿੱਤਾ। ਨੇਰੂਦਾ ਦੇ ਮਿੱਤਰ-ਕਵੀ ਲੋਰਕਾ ਦਾ

ਫਾਸਿਸਟਾਂ ਹੱਥੋਂ ਨਿਰਦਇਤਾ ਨਾਲ ਕੀਤੇ ਕਤਲ ਨੇ ਨੇਰੂਦਾ ਦੇ ਦਿਲ ਉੱਤੇ ਸਦੀਵੀ ਤੇ ਡੂੰਘਾ ਜ਼ਖ਼ਮ ਲਾ ਦਿੱਤਾ। ਇਹਨਾਂ ਘਟਨਾਵਾਂ ਕਾਰਨ ਨੇਰੂਦਾ ਹੌਲੀ-ਹੌਲੀ ਕਮਿਊਨਿਸਟ ਲਹਿਰ ਦਾ ਸਮਰਥਕ ਬਣ ਗਿਆ ਤੇ ਫਾਸਿਸਟਾਂ ਦਾ ਕੱਟੜ-ਵਿਰੋਧੀ ਵੀ।

ਵਤਨ ਵਾਪਸ ਪਰਤ ਕੇ ਆਪਣਾ ਅਹੁਦਾ ਤਿਆਗਣ ਤੋਂ ਬਾਅਦ ਨੇਰੂਦਾ ਆਪਣੇ ਦੇਸ਼ ਦੀ ਪਾਰਲੀਮੈਂਟ ਦਾ ਸੈਨੇਟਰ ਵੀ ਰਿਹਾ ਤੇ ਸਪੱਸ਼ਟ ਲੋਕ-ਪੱਖੀ ਅਤੇ ਮਜ਼ਦੂਰ-ਪੱਖੀ ਤਕਰੀਰਾਂ ਕਰਨ ਕਾਰਨ ਦੇਸ਼ ਦੇ ਰਾਸ਼ਟਰਪਤੀ ਦੀਆਂ ਅੱਖਾਂ ਵਿਚ ਰੜਕਣ ਲੱਗ ਪਿਆ। ਸਿੱਟੇ ਵਜੋਂ ਨੇਰੂਦਾ ਕਈ ਸਾਲ ਜਲਾਵਤਨ ਰਿਹਾ।

ਬਾਅਦ ਦੇ ਵਰ੍ਹਿਆਂ ਵਿਚ ਅਲੈਂਡੇ ਦੀ ਸਰਕਾਰ ਬਣਨ ਵੇਲੇ ਉਸ ਨੂੰ ਫਰਾਂਸ ਵਿਚ ਸਫੀਰ ਬਣਾ ਕੇ ਭੇਜਿਆ ਗਿਆ। ਇਹਨਾਂ ਸਾਲਾਂ ਵਿਚ ਉਸ ਨੂੰ ਨੋਬੇਲ ਪੁਰਸਕਾਰ ਪ੍ਰਦਾਨ ਕੀਤਾ ਗਿਆ।

ਦੇਸ਼ ਵਿਚ ਜਮਾਤੀ ਟਕਰਾਅ ਵਧਣ ਨਾਲ ਤੇ ਅਮਰੀਕੀ ਸਾਜ਼ਿਸ਼ਾਂ ਦੇ ਸਿੱਟੇ ਵਜੋਂ ਅਲੈਂਡੇ ਦਾ ਕਤਲ ਕਰ ਕੇ ਫੌਜੀ ਜੁੰਡਲੀ ਦੇਸ਼ ਉੱਤੇ ਕਾਬਜ਼ ਹੋ ਗਈ। ਫੌਜੀ ਰਾਜ ਦੀ ਕਾਇਮੀ ਦੇ ਦੋ ਹਫ਼ਤੇ ਬਾਅਤ ਨੇਰੂਦਾ ਦੀ ਮੌਤ ਹੋ ਗਈ।

ਨੇਰੂਦਾ ਦਾ ਸਾਰਾ ਜੀਵਨ ਸੰਸਾਰ ਪ੍ਰਸਿੱਧ ਘਟਨਾਵਾਂ ਤੇ ਇਤਿਹਾਸਕ ਘੱਲੂਘਾਰਿਆਂ ਨਾਲ ਭਰਿਆ ਪਿਆ ਹੈ। ਪਰ ਉਸ ਨੇ ਔਖੀਆਂ ਪ੍ਰਸਥਿਤੀਆਂ ਵਿਚ ਵੀ ਕਵਿਤਾ ਵੱਲੋਂ ਮੂੰਹ ਨਹੀਂ ਮੋੜਿਆ। ਉਸ ਦੀ ਕਵਿਤਾ ਵਿਚਲਾ ਪ੍ਰਗਟ ਕੀਤਾ ਗਿਆ ਜੀਵਨ ਅਨੁਭਵ ਬਹੁ-ਭਾਂਤੀ ਤੇ ਬਹੁ-ਪਰਤੀ ਹੈ। ਕੋਈ ਉਸ ਨੂੰ ਪਿਆਰ ਦਾ ਵੱਡਾ ਕਵੀ ਮੰਨਦਾ ਹੈ ਤੇ ਕੋਈ ਰਾਜਨੀਤੀ ਦਾ ਕਵੀ। ਪਰ ਉਹ ਆਖਦਾ ਹੈ, "ਮੇਰੇ ਜੀਵਨ ਨੂੰ ਕਵਿਤਾ ਤੇ ਸਿਆਸਤ ਦੇ ਵੱਖਰੇ-ਵੱਖਰੇ ਖਾਨਿਆਂ ਵਿਚ ਨਹੀਂ ਵੰਡਿਆ ਜਾ ਸਕਦਾ।"

ਉਸ ਦੇ ਜਨਮ-ਦਿਨ ਦੀ ਸੌਵੀਂ ਵਰ੍ਹੇ-ਗੰਢ ਉੱਤੇ ਅਸੀਂ ਇਹ ਸੂਚਨਾ ਪਾਠਕਾਂ ਨਾਲ ਸਾਂਝੀ ਕਰਨੀ ਚਾਹਾਂਗੇ ਕਿ ਜਲਦੀ ਹੀ ਅਸੀਂ ਨੇਰੂਦਾ ਦੀਆਂ ਕਵਿਤਾਵਾਂ ਦੀ ਵੱਡ-ਆਕਾਰੀ ਪੁਸਤਕ ਪੰਜਾਬੀ ਵਿਚ ਛਾਪਣ ਦੀ ਕੋਸ਼ਿਸ਼ ਕਰਾਂਗੇ ਤੇ ਇੰਝ ਹੀ ਉਸ ਦੀਆਂ ਵਾਰਤਕ ਲਿਖਤਾਂ ਵੀ।

ਨੇਰੂਦਾ ਸੰਸਾਰ ਦੀ ਪ੍ਰਗਤੀਵਾਦੀ ਕਵਿਤਾ ਦੀ ਉਚਤਮ ਪ੍ਰਾਪਤੀ ਹੈ, ਜਿਸ ਉੱਤੇ ਅਸੀਂ ਮਾਣ ਕਰ ਸਕਦੇ ਹਾਂ। ਏਡੇ ਹਰਮਨ ਪਿਆਰੇ ਤੇ ਮਹਾਨ ਸ਼ਾਇਰ ਸਦੀਆਂ ਤੀਕ ਪਾਠਕਾਂ ਨੂੰ ਪ੍ਰਭਾਵਿਤ ਕਰਦੇ ਰਹਿੰਦੇ ਹਨ। • — ਸੰਪਾਦਕੀ ਮੰਡਲ

### ਪੰਚਮ ਮਾਸਕ -ਪੱਤਰ ਦਾ ਯਾਦਗਾਰੀ ਅੰਕ

ਪੰਚਮ, ਲਾਹੌਰ ਨੇ ਅਪਰੈਲ /ਮਈ 2004 ਵਿਚ ਇਕ ਵਿਸ਼ੇਸ਼ 'ਮਾਂ ਬੋਲੀ ਨੰਬਰ' ਕੱਢਿਆ ਹੈ। ਇਸ ਵਿਚ ਮਾਂ ਬੋਲੀ ਬਾਰੇ 45 ਲੇਖ, ਖੋਜ-ਪੱਤਰ ਤੇ ਇੰਟਰਵਿਊ ਪੇਸ਼ ਕੀਤੇ ਹਨ। ਮਾਂ ਬੋਲੀ ਦੇ ਮਹੱਤਵ ਨੂੰ ਉਜਾਗਰ ਕਰਦੀਆਂ ਇਹ ਸਮੁੱਚੀਆਂ ਲਿਖਤਾਂ ਦੋਹਾਂ ਪੰਜਾਬਾਂ ਵਿਚ ਪੰਜਾਬੀ ਬੋਲੀ ਦੀ ਤਰੱਕੀ ਦੇ ਰਾਹ ਵਿਚ ਆ ਰਹੀਆਂ ਔਕੜਾਂ ਬਾਰੇ ਠੋਸ ਸੁਝਾਵਾਂ ਸਮੇਤ ਵਿਚਾਰ-ਚਰਚਾ ਕਰਦੀਆਂ ਹਨ। ਭਾਰਤੀ ਪੰਜਾਬ ਦੇ ਵਿਦਵਾਨਾਂ ਤੇ ਚਿੰਤਕਾਂ ਦੇ ਵੀ ਕਾਫੀ ਲੇਖ ਇਸ ਵਿਚ ਅੰਕ ਸ਼ਾਮਿਲ ਕੀਤੇ ਗਏ ਹਨ। 424 ਸਫ਼ਿਆਂ ਦਾ ਇਹ ਅਦੁੱਤੀ ਅੰਕ ਮਕਸੂਦ ਸਾਬ ਦੀ ਅਣਥੱਕ ਮਿਹਨਤ ਤੇ ਲਗਨ ਦਾ ਨਤੀਜਾ ਹੈ। •

ਮਿਲਣ ਦਾ ਪਤਾ
ਪੰਚਮ, 11, ਸ਼ਰਫ਼ ਮੈਨਸ਼ਨ, 16, ਨਿਊਨਜ਼ ਰੋਡ
ਚੌਕ ਗੰਗਾ ਰਾਮ ਹਸਪਤਾਲ, ਲਾਹੌਰ, ਪਾਕਿਸਤਾਨ



ਇਸ ਵਾਰ ਦਾ ਕਵੀ

# ਹਰਿਭਜਨ ਸਿੰਘ ਰੈਣੂ

## 1 ਭਾਈ ਮੰਨਾ ਸਿੰਘ ਦੇ ਨਾਂ

ਭਾਈ ਮੰਨਾ ਸਿੰਘ
ਕਿਹਨਾਂ ਤੋਂ ਪੁੱਛਦਾ ਹੈਂ
ਵਾਰ ਵਾਰ ਇਹ ਸਵਾਲ
ਕਿੰਨਾ ਕੁ ਬਦਲਿਆ ਮੌਸਮ
ਤੇ ਕੌਣ ਬਦਲੇਗਾ
ਕੌਣ ਨਿੱਤਰੇਗਾ

ਉਹ
ਜੁਆਬ ਦੇਣ ਨਹੀਂ ਆਏ
ਨਾ ਸੁਆਲ ਸੁਣਨ
ਦਵਾਈ ਦੀ ਤਰ੍ਹਾਂ ਖਾਣ ਨਹੀਂ ਆਏ
ਤੇਰੇ
ਪਰਚੀਆਂ 'ਤੇ ਲਿਖੇ ਨੁਸਖੇ
ਇਹ ਤੇ ਭੀੜ ਜੁੜੀ ਹੈ
ਜੋ ਕਿਵੇਂ ਵੀ ਜੁੜ ਜਾਂਦੀ ਹੈ
ਕੁਝ ਸਮੇਂ ਦੀ ਤਫ਼ਰੀਹ ਖਾਤਿਰ

ਤੇ ਤੂੰ ਜਿਨ੍ਹਾਂ ਦੀ ਗੱਲ ਕਰਦੈਂ
ਉਹ ਤਾਂ
ਤੇਰੇ ਹੀ ਸ਼ਬਦ
ਚਲਾਉਂਦੇ ਨੇ ਤਲਵਾਰ ਦੀ ਤਰ੍ਹਾਂ
ਉਹ ਤੇਰੇ ਪਾਤਰਾਂ ਦੀ ਤਰ੍ਹਾਂ
ਮੰਚ 'ਤੇ ਗਤਕਾ ਨਹੀਂ ਖੇਡਦੇ
ਗਲੀਆਂ ਬਜ਼ਾਰਾਂ ਵਿਚ
ਕਰਦੇ ਨੇ ਕਤਲੇਆਮ
ਤੂੰ ਮੌਸਮ ਦੀ ਗੱਲ ਕਰਨੈਂ
ਮੌਸਮ ਤਾਂ ਹੈ
ਉਹਨਾਂ ਦੀਆਂ
ਅੱਖੀਆਂ ਦੀ ਪੁਤਲੀ ਵਿਚ ਕੈਦ
ਤੇ ਹਵਾ ਦਾ ਰੁੱਖ ਫਿਰਨੈਂ
ਉਹਨਾਂ ਦੇ ਮੋਢਿਆਂ 'ਤੇ ਟੰਗੇ
ਹਥਿਆਰਾਂ ਦੇ ਨਾਲ-ਨਾਲ
ਤੂੰ ਉਹਨਾਂ ਦੇ ਕੰਨਾਂ ਵਿਚ ਪਾਉਂਦੈ
ਬਰੋਬਰੀ ਦਾ ਮੰਤਰ
ਜੋ ਦੌੜ ਰਹੇ ਨੇ
ਅਗਲੀ ਭੀੜ ਵਿਚ ਸ਼ਾਮਲ ਹੋਣ ਲਈ
ਜਿਹਨਾਂ ਦੀ ਸੋਚ
ਉਣਦੀ ਹੈ ਮੱਕੜ-ਜਾਲ
ਹਰ ਸੱਤਾ-ਕੁਰਸੀ ਦੇ ਪੈਰਾਂ ਨਾਲ
ਤੇਰੇ ਹਾਅ ਦੇ ਨਾਅਰੇ ਵਿਚੋਂ ਵੀ ਲੈਣ
ਚਾਕਲੇਟੀ ਕੌਫ਼ੀ ਜਿਹਾ ਸਵਾਦ
ਜਾਂ ਫਿਰ ਭਰ ਲਿਆ ਹੋਵੇ
ਕੋਕਾ ਕੋਲਾ ਦਾ ਤਿੱਖਾ ਭਰਪੂਰ ਘੁੱਟ
ਇਥੇ ਤਾਂ
ਹਰ ਇਕ ਦੇ ਝੋਲੇ 'ਚ
ਆਪਣਾ-ਆਪਣਾ ਸੱਚ
ਮੰਨੇ ਦੀ ਦਲੀਲ
ਸਭ ਕੁਝ ਉਡਾ ਦੇਣ
ਸਿਗਰਟ ਦੇ ਧੂੰਏ ਦੇ ਛੱਲਿਆਂ ਦੀ ਤਰ੍ਹਾਂ

ਸੁਣਦੇ ਹੁੰਦੇ ਸਾਂ
ਰੰਗ ਲਿਆਉਂਦਾ ਹੈ ਖ਼ੂਨ
ਦੱਸੀਂ ਜ਼ਰਾ
ਆਪਣੀ ਬੀਤੀ ਔਧ ਦਾ ਕਰਕੇ ਲੇਖਾ
ਕਿੰਨੀ ਵਾਰ ਮੁੜ-ਮੁੜ ਜੰਮਣ
ਭਗਤ ਸਿੰਘ, ਸਫ਼ਦਰ ਹਾਸ਼ਮੀ ਤੇ ਪਾਸ਼
ਕੌਣ ਤੁਰਦਾ ਹੈ
ਉਨ੍ਹਾਂ ਦੇ ਨਾਲ
ਇਹ ਤਾਂ ਕਲਮਾਂ ਨੇ ਕਲਮਾਂ
ਆਪਣੇ ਖ਼ੂਨ 'ਚੋਂ ਲੈ ਕੇ ਜੀਵਨ ਪ੍ਰਾਣ
ਜੁੜਦੀਆਂ ਜੂਝਦੀਆਂ
ਵਾਰ ਵਾਰ

ਲੋਕ ਤਾਂ ਲੋਕ ਨੇ
ਅੱਧੀ ਜਾਂ ਪੂਰੀ ਖਾ ਕੇ
ਸੌਂ ਜਾਣ ਵਾਲੇ
ਭਾਈ ਮੰਨਾ ਸਿੰਘ
ਕਿਹਨਾਂ ਤੋਂ ਪੁੱਛਦੈਂ
ਤੂੰ ਸਵਾਲ •

## 2 ਤੂੰ ਕਿਹਾ

ਤੂੰ ਕਿਹਾ
ਗ਼ੈਬ 'ਚੋਂ ਆਉਂਦੀ ਹੈ
ਆਵਾਜ਼
ਮੈਂ ਜੜ੍ਹ ਹੋ ਗਿਆ
ਉਸਨੂੰ ਸੁਣਨ ਦੀ ਤਾਂਘ ਵਿਚ
ਤੂੰ ਕਿਹਾ ਸਹਿਜ ਰਹਿ ਹਰ ਘੜੀ
ਮੈਂ ਬੈਠਾ ਰਿਹਾ ਅਡੋਲ
ਬੁੱਚੜਖਾਨੇ 'ਚ ਸਹਿਜ ਭਾਅ

ਤੂੰ ਕਿਹਾ
ਮਾਇਆ ਹੈ ਛਲ ਹੈ
ਸੁਪਨੇ ਦਾ ਹੈ ਵਿਸਤਾਰ
ਇਹ ਸੰਸਾਰ
ਮੈਂ ਵੇਖਦਾ ਰਿਹਾ
ਵਗਦੇ ਪਾਣੀਆਂ 'ਚੋਂ
ਬਣਦੇ ਟੁੱਟਦੇ ਬੁਲਬੁਲੇ
ਤੇ ਕਰਦਾ ਰਿਹਾ ਰੂਹਾਂ ਦੀ ਤਲਾਸ਼

ਤੂੰ ਕਿਹਾ
ਜਨਮ-ਮਰਨ
ਦੁੱਖ-ਸੁੱਖ, ਪੁੰਨ-ਪਾਪ
ਮਾਨ-ਅਪਮਾਨ
ਸਭ ਨੇ ਕਲਪਨਾ ਦੇ ਅਨੁਮਾਨ
ਕਰਮ-ਫਲ, ਮੋਖ-ਦੁਆਰ
ਕੁਝ ਨਹੀਂ ਮੇਰੇ ਤੋਂ ਪਾਰ
ਮੈਂ ਹੁੰਦਾ ਗਿਆ
ਤੇਰੇ ਸਨਮੁੱਖ ਸਿਰ-ਭਾਰ
ਤੂੰ ਕਿਹਾ......
ਤੂੰ ਕਿਹਾ......
ਤੂੰ ਕਿਹਾ......
ਤੂੰ ਕਹਿੰਦਾ ਰਿਹਾ
ਤੇ ਹੁੰਦਾ ਗਿਆ ਵਿਰਾਟ ਵਿਰਾਟ !!
ਮੈਂ ਸੁਣਦਾ ਰਿਹਾ
ਅਮਲ ਕਰਦਾ ਰਿਹਾ
ਤੇ ਗੁਆ ਬੈਠਾ
ਆਪਣੀ ਪਛਾਣ
ਹੋਂਦ ਦੇ ਅਰਥ, ਉਦੇਸ਼ •

## 3 ਮੈਂ ਕਿਸ ਨੂੰ ਆਖਾਂ

ਦਿਲਾਂ 'ਚੋਂ ਨਿਕਲ ਕੇ
ਰਹਿਣ ਲੱਗੇ ਮੰਦਰੀਂ ਮਸੀਤੀਂ
ਰਾਮ ਰਹੀਮ
ਸਲੀਬ ਤੋਂ ਉੱਤਰ ਕੇ
ਮਸੀਹਾ
ਗਿਰਜੇ 'ਚ ਹੋ ਗਿਆ ਸਥਾਪਤ
ਉੱਚੀ ਥਾਂ
ਉਡੀਕਦਾ ਰਹਿੰਦੈ
ਮੋਮਬੱਤੀਆਂ ਦੀ ਲੋਅ
ਕਿਸੇ ਨਿਰੰਕਾਰ ਲਈ
ਹੋਣ ਲੱਗਿਆ
ਇਮਾਰਤਾਂ ਦਾ ਵਿਸਥਾਰ
ਗੂੰਜਣ ਲੱਗੇ
ਬਾਂਗਾਂ, ਟੱਲੀਆਂ, ਘੜਿਆਲ

ਹਰ ਭੀੜ
ਹਰ ਸ਼ੋਰ ਵਿਚ
ਮੈਂ ਰਹਿ ਗਿਆ ਕੱਲਾ
ਤਾਂ ਜਾਣਿਆ
ਮੈਂ ਅੱਲਾ ਨਾ ਰਾਮ ਦਾ
ਮੇਰੇ ਰਾਮ ਨਾ ਅੱਲਾ
ਮੇਰਾ ਜੀਉਣ ਦਾ ਹੱਕ
ਖੋਹਿਆ ਜਾ ਰਿਹੈ
ਇਸ ਲਈ
ਮੈਂ ਕੁਝ ਨਹੀਂ ਲੱਗਦਾ ਉਸਦਾ
ਉਹ ਲੈ ਰਹੇ ਨੇ ਪ੍ਰਾਣ
ਜਿਸ ਲਈ
ਕਿਸ ਉਪਦੇਸ਼-ਵਾਕ ਦੇ
ਇਨੇ ਅਰਥ-ਵਿਸਤਾਰ
ਹੋਣ ਲੱਗਿਐ
ਅਨਰਥ ਅੰਧਕਾਰ
ਕਿੱਥੇ ਨੇ
ਈਸ਼ਵਰ, ਧਰਮ, ਸੰਸਕਾਰ
ਖਲਕਤ ਹੋ ਰਹੀ ਲਹੂ ਲੁਹਾਨ
ਜਿਹਨਾਂ ਦੇ ਨਾਮ 'ਤੇ
ਮੈਂ ਕਿਸ ਨੂੰ ਆਖ ਦਿਆਂ



ਜਗਤ ਜਲੰਦਾ ਰੱਖ ਲੈ।

ਮੈਂ ਤੇ ਲੈ ਕੇ ਨਹੀਂ ਆਇਆ
ਥਾਪਨਾ ਕਿਸੇ ਦੀ
ਗ਼ੈਬ ਦਾ ਕੋਈ ਸੰਦੇਸ਼
ਕੋਈ ਫ਼ੁਰਮਾਨ

ਮੈਂ ਤਾਂ ਇਕੱਲਾ
ਬੰਦੇ ਦਾ ਬੰਦਾ
ਮੈਂ ਅੱਲਾ ਨਾ ਰਾਮ ਦਾ
ਮੇਰੇ ਰਾਮ ਨਾ ਅੱਲਾ •

## ਕਾਲੀਏ / ਗੁਰਨਾਮ ਢਿੱਲੋਂ

ਉਸ ਵਕਤ
ਅੰਬਰ ਦੀ ਗੂੜ੍ਹੀ ਨਿਲੱਤਣ ਨੂੰ
ਸ਼ੇਸ਼ਨਾਗ ਡੰਗ ਜਾਂਦੇ ਹਨ।
ਤਿੱਤਰ-ਖੰਭੀਏ ਮੇਘ
ਤੇਜ਼ਾਬ ਰੋਂਦੇ ਹਨ।
ਪੌਣਾਂ ਤਰਾਛੇ ਹੋਏ ਜਿਸਮਾਂ ਨੂੰ
ਚੀਰ ਕੇ ਲੰਘਦੀਆਂ ਹਨ।
ਬਾਰੂਦੀ ਧੂੰਆਂ
ਸੂਰਜ ਨੂੰ ਅਗਵਾ ਕਰ ਲੈਂਦਾ ਏ।
ਪ੍ਰਕਿਰਤੀ ਦਾ ਨੂਰੀ ਜਲਾਲ
ਅਗਨੀ ਦੇ ਡੂੰਘੇ ਅਥਾਹ ਸਾਗਰ ਵਿਚ
ਉਤਰ ਜਾਂਦਾ ਏ।
ਹੋਣੀਂ ਦੀ ਖ਼ੂਨੀ ਕਟਾਰ-ਜੀਭ
ਗਿੱਠ ਗਿੱਠ ਬਾਹਰ ਲਮਕਦੀ ਏ।
ਪੰਛੀਆਂ ਦੇ ਗੀਤਾਂ ਦੇ ਚਸ਼ਮੇ
ਹਰੇ ਬਿਰਛਾਂ ਦੀਆਂ ਕਬਰਾਂ ਵਿਚ
ਦਫ਼ਨ ਹੋ ਜਾਂਦੇ ਹਨ।
ਭਾਵਾਂ ਵਿਚੋਂ
ਰੱਤ ਦੇ ਭਰੇ ਦਰਿਆ ਵਗਦੇ ਹਨ।
ਸੋਚਾਂ ਦੀਆਂ ਨਵੀਆਂ-ਨਕੋਰ ਨਦੀਆਂ
ਭੈਅ ਦੇ ਰੇਗਿਸਤਾਨ ਨਿਗਲ ਜਾਂਦੇ ਹਨ।
ਸਧਰਾਂ ਦੀਆਂ ਫੁਲਕਾਰੀਆਂ
ਉਬਲਦੇ ਲਹੂ ਵਿਚ
ਡੁੱਬ ਮਰਦੀਆਂ ਹਨ
ਆਤਮਾ ਦਾ ਸੁਹਾਵਣਾ ਸੰਗੀਤ
ਗੋਲ ਦਾਇਰਾ ਹੋ ਜਾਂਦਾ ਏ।
ਤਕਦੀਰਾਂ ਦੇ ਭਰੇ ਮੇਲੇ
ਉਜੜ ਜਾਂਦੇ ਹਨ
ਧਰਤੀ ਦੇ ਵਿਸ਼ਾਲ ਸਫ਼ੇ ਉੱਤੇ
ਨਿਊਕਲਿਆਈ ਮਿਜ਼ਾਇਲਾਂ ਦੀ
ਛਤਰ ਛਾਇਆ ਹੇਠ
ਬੇਸ਼ੁਮਾਰ ਫੱਟੇ ਅਤੇ ਪਰਕਾਰਾਂ
ਆਪਣੀ ਕਲਾ ਦੇ ਜੌਹਰ ਵਿਖਾਉਂਦੇ
ਹਨ
ਜਦੋਂ ਵੀ ਖ਼ੁਦਾ ਦੇ ਬੰਦੇ
ਕਾਲੀਆਂ ਦਾ ਰੂਪ ਧਾਰ
ਅਡੋਲੱਫ ਹਿਟਲਰ, ਹਲਾਕੂ,
ਮੁਸੋਲਿਨੀ ਅਤੇ ਗੋਲਵਾਲਕਰ ਵਾਂਗ
ਇਤਿਹਾਸ ਦੇ ਚਿਤਰਪਟ ਉੱਤੇ
ਯਕਲਖਤ ਨਮੂਦਾਰ ਹੁੰਦੇ ਸਨ।
ਉਸ ਵਕਤ •

ਵਿਸ਼ਵ ਕਵਿਤਾ
(ਚਿੱਲੀ)

ਪਾਬਲੋ ਨੇਰੂਦਾ

# 1. ਮੈਂ ਵਾਲਟ ਵਿੱਟਮੈਨ ਦੀ ਸਹੁੰ ਖਾ ਕੇ ਗੱਲ ਸ਼ੁਰੂ ਕਰਦਾ ਹਾਂ

ਕਿਉਂਕਿ ਮੈਂ ਆਪਣੇ ਦੇਸ਼ ਨੂੰ
ਪਿਆਰ ਕਰਦਾ ਹਾਂ,
ਇਸ ਲਈ ਹੇ ਵਾਲਟ ਵਿੱਟਮੈਨ!
ਮੇਰੇ ਮਹਾਨ ਬੁੱਢੇ ਭਰਾਵਾ!
ਮੈਂ ਤੇਰੇ ਬੁੱਢੇ ਹੱਥਾਂ ਉੱਤੇ
ਆਪਣਾ ਹੱਕ ਦਰਸਾਉਂਦਾ ਹਾਂ।
ਤਾਂ ਕਿ ਤੇਰੀ ਉਚੇਚੀ ਸਹਾਇਤਾ ਨਾਲ,
ਪੰਗਤੀ ਪੰਗਤੀ ਕਰ ਕੇ,
ਅਸੀਂ ਇਸ ਲਹੂ-ਤਿਹਾਏ ਰਾਸ਼ਟਰਪਤੀ ਨਿਕਸਨ
ਦੀਆਂ ਜੜ੍ਹਾਂ ਪੁੱਟ ਸੁੱਟੀਏ।

ਇਸ ਧਰਤੀ 'ਤੇ ਓਨੀ ਦੇਰ
ਕੋਈ ਵੀ ਆਦਮੀ ਖ਼ੁਸ਼ ਨਹੀਂ ਹੋ ਸਕਦਾ,
ਨਾ ਹੀ ਇਸ ਗ੍ਰਹਿ ਉੱਤੇ ਚੰਗੀ ਤਰ੍ਹਾਂ ਕਿਰਤ ਕਰ ਸਕਦਾ ਹੈ
ਜਿੰਨੀ ਵਰੇ ਵਾਸ਼ਿੰਗਟਨ ਵਿਚ
ਉਹ ਨੱਕ ਸਾਹ ਲੈਂਦਾ ਹੈ।

ਮੈਂ ਬਿਨਾਂ ਕਿਸੇ ਅਫ਼ਸੋਸ ਤੋਂ
ਇਸ ਸਜ਼ਾ ਨੂੰ ਨੇਪਰੇ ਚਾੜ੍ਹਾਂਗਾ
ਜਿਹੜੀ ਕਿਸੇ ਨੇ ਪਹਿਲਾਂ ਨਹੀਂ ਤੱਕੀ
ਘੇਰੇ ਵਿਚ ਆਏ ਇਸ ਮੁਜਰਮ ਨੂੰ ਗੋਲੀ ਮਾਰਨ ਦੀ।

ਜਿਹੜਾ ਮੁਜਰਮ,
ਚੰਨ ਉੱਤੇ ਆਪਣੀਆਂ ਏਨੀਆਂ ਜਾਤਰਾਵਾਂ
ਦੇ ਬਾਵਜੂਦ
ਇਸ ਧਰਤੀ ਉੱਤੇ ਏਨੇ ਆਦਮੀ ਕਤਲ ਕਰਦਾ ਹੈ
ਕਿ ਕਾਗਜ਼ ਉੱਡਦਾ ਹੈ
'ਤੇ ਕਲਮ ਖੋਲ ਵਿਚੋਂ ਬਾਹਰ ਆ ਜਾਂਦੀ ਹੈ,
ਤਾਂ ਕਿ ਇਸ ਦੁਸ਼ਟ ਦਾ ਨਾਮ ਲਿਖਿਆ ਜਾਵੇ
ਜਿਹੜਾ ਵਾਈਟ ਹਾਊਸ ਵਿਚ ਬੈਠਾ,
ਕੁੱਲ-ਨਾਸ਼ ਦਾ ਅਭਿਆਸ ਕਰਦਾ ਹੈ। •

(ਹ.ਸ.ਹ.)



# 2. ਇਕ ਬੰਦੇ ਦਾ ਰੇਖਾ-ਚਿਤਰ

ਪਾਬਲੋ ਨੇਰੂਦਾ

ਇਹ ਜ਼ਰੂਰੀ ਹੈ ਕਿ ਉਹਨਾਂ ਹੱਥਾਂ ਦੀ
ਪਛਾਣ ਕੀਤੀ ਜਾਵੇ,
ਜਿਹੜੇ ਦਹਿਸ਼ਤ ਸਦਕਾ
ਕਤਲ ਕੀਤੇ ਗਿਆਂ ਦੇ ਲਹੂ
ਨਾਲ ਲਿੱਬੜੇ ਹੋਏ ਨੇ।

ਮਾਰੇ ਗਏ ਲੋਕ
ਧਰਤੀ ਹੇਠੋਂ ਦੁੱਖ ਦੇ ਬੀਜਾਂ ਵਾਂਗ
ਫੁੱਟ ਰਹੇ ਨੇ।

ਇਹ ਉਹ ਸਮਾਂ ;ਹੈ,
ਜਿਸ ਦਾ ਪਹਿਲਾਂ ਕਦੇ
ਸੁਪਨਾ ਵੀ ਨਹੀਂ ਸੀ ਲਿਆ ਗਿਆ

ਤੇ ਨਿਕਸਨ ਪਿੰਜਰੇ ਫਸੇ ਚੂਹੇ ਵਾਂਗ
ਡਰ ਨਾਲ ਜਿਸ ਦੀਆਂ
ਅੱਖਾਂ ਪਾਟ ਰਹੀਆਂ ਨੇ
ਗੋਲੀ ਮਾਰ ਕੇ ਸੁੱਟੇ ਪਰਚਮਾਂ ਨੂੰ
ਦੁਬਾਰਾ ਜਨਮ ਲੈਂਦੇ ਵੇਖ ਰਿਹਾ ਹੈ।

ਉਹ ਹਰ ਰੋਜ਼ ਵੀਅਤਨਾਮ ਵਿਚ
ਹਾਰ ਖਾ ਰਿਹਾ ਸੀ,
ਕਿਊਬਾ ਵਿਚ ਉਸ ਦੇਂ ਗੁੱਸੇਂ ਨੂੰ
ਭਾਜੜਾਂ ਪੈ ਗਈਆਂ ਸੀ,
ਤੇ ਹੁਣ ਦਫ਼ਨ ਹੋਏ ਘੁਸਮੁਸੇ ਵਿਚੋਂ
ਇਹ ਚੂਹਾ ਚਿੱਲੀ ਨੂੰ ਟੁੱਕਣ ਦੀ
ਕੋਸ਼ਿਸ਼ ਕਰ ਰਿਹਾ ਹੈ।
ਪਰ ਉਹ ਇਹ ਨਹੀਂ ਜਾਣਦਾ
ਕਿ ਨਗੂਣੀ ਚਿੱਲੀ ਉਸਨੂੰ
ਸਤਿਕਾਰ ਬਾਰੇ ਸਬਕ ਸਿਖਾ ਦੇਵੇਗੀ। •

(ਪੰਜਾਬੀ ਰੂਪ - ਹ.ਸ.ਹ.

# ਮੈਂ ਤੇ ਦਰਿਆ

ਅਫ਼ਜ਼ਲ ਤੌਸੀਫ਼

ਮੈਂ ਦੁਨੀਆਂ ਦੇ ਦੁੱਖ ਦੀ ਕਹਾਣੀ ਦਰਿਆ ਨੂੰ ਸੁਣਾਈ ਤਾਂ ਉਹ ਮੇਰੇ ਕੋਲੋਂ ਪੁੱਛਣ ਲੱਗਾ, "ਤੂੰ ਕਿੱਥੋਂ ਆਈ ਏਂ, ਜੇ ਅਸਮਾਨੋਂ ਉੱਤਰੀ ਏਂ ਤਾਂ ਜਾ ਉਧਰ ਈ ਮੁੜ ਜਾ। ਜੇ ਜ਼ਮੀਨੋਂ ਨਿਕਲੀ ਏਂ ਤਾਂ ਮੁੜ ਕੇ ਨਿੱਘਰ ਜਾ, ਨਹੀਂ ਤਾਂ ਜਾ ਓਸੇ ਸਮੁੰਦਰ ਵਿਚ ਜਿੱਥੇ ਸ਼ੈਤਾਨ ਲੁਕਿਆ ਬੈਠਾ ਏ। ਤੈਨੂੰ ਪਤਾ ਨਹੀਂ ਇਨਸਾਨ ਵਰਗਾ ਬੇ ਖ਼ੈਰਾ ਤੇ ਨਾ ਸ਼ੁਕਰਾ ਕੋਈ ਵੀ ਨਹੀਂ।"

ਮੇਰੇ ਵੱਲ ਵੇਖ, ਮੈਂ ਸਾਰਿਆਂ ਨੂੰ ਪਾਣੀ ਪਿਆਇਆ, ਸੁੱਕੀ ਧਰਤੀ ਨੂੰ, ਪਿਆਸੀ ਹਿਰਨੀ ਨੂੰ, ਚਿੜੀ ਨੂੰ, ਕਾਂ ਨੂੰ, ਸ਼ੇਰ-ਬੱਕਰੀ ਨੂੰ। ਉਹ ਸਾਰੇ ਈ ਮੇਰੇ ਬੇਲੀ ਹੋ ਗਏ। ਪਾਣੀ ਦੇ ਸ਼ੁਕਰਾਨੇ ਵਜੋਂ ਧਰਤੀ ਮੇਰੇ ਲਈ ਹੱਸਦੀ ਰਹੀ, ਚਿੜੀਆਂ ਮੇਰੇ ਲਈ ਗੀਤ ਗਾਉਂਦੀਆਂ ਰਹੀਆਂ। ਹਿਰਨੀ ਬੱਚੇ ਲੈ ਕੇ ਆਈ। ਸ਼ੇਰ ਮੇਰਾ ਅਣਖੀ ਮਿੱਤਰ ਹੋਇਆ।

ਪਰ ਜਦੋਂ ਆਦਮੀ ਆਇਆ, ਉਹਨੇ ਜੋ ਕੀਤਾ ਵੇਖ ਮੇਰਾ ਹਾਲ....... ਗੰਦਾ ਜ਼ਹਿਰੀਲਾ ਮੈਲਾ ਵਜੂਦ, ਸੜੇ-ਸੁੱਕੇ ਕੰਢੇ, ਮੇਰੀਆਂ ਮੱਛੀਆਂ ਮਰ ਗਈਆਂ, ਚਿੜੀਆਂ ਉੱਡ ਗਈਆਂ ਤੇ ਮੇਰੇ ਸ਼ੇਰ ਉਹਨਾਂ ਗੋਲੀਆਂ ਮਾਰ ਕੇ ਭੁੰਨ ਸੁੱਟੇ।

ਹੁਣ ਜੇ ਤੂੰ ਇਨਸਾਨਾਂ ਦੀ ਕਹਾਣੀ ਵਿਚ ਮੇਰਾ ਕੋਈ ਕਿਰਦਾਰ ਚਾਹੁੰਦੀ ਏ ਤਾਂ ਮੇਰੇ ਕੋਲ ਕੁਝ ਵੀ ਨਹੀਂ, ਬੱਸ ਜ਼ਹਿਰੀਲਾ ਪਾਣੀ, ਸੁੱਕੇ-ਸੜੇ ਕੰਢੇ, ਬੇ-ਆਸ ਅੱਖਾਂ ਤੇ ਮੁਰਦਾ ਧਰਤੀ। ਪਰ ਜੇ ਤੂੰ ਮੇਰੀ ਕਹਾਣੀ ਲਿਖਣੀ ਏ ਤਾਂ ਲਿਖ ਮੈਂ ਰਾਵੀ ਹਾਂ, ਲਾਹੌਰ ਦਾ ਦਰਿਆ। ਕਦੇ ਮੈਂ ਵੀ ਟੇਮਜ਼ ਵਰਗਾ ਹੁੰਦਾ ਸੀ। ਟੇਮਜ਼ ਲੰਡਨ ਦਾ ਦਰਿਆ ਏ। ਅੰਮ੍ਰਿਤ ਵਰਗਾ ਪਾਣੀ ਜੰਨਤ ਵਰਗੇ ਕੰਢੇ, ਫੁੱਲਾਂ-ਭਰੀ ਧਰਤੀ। ਮੇਰੇ ਨਾਲ ਜੋ ਵੀ ਹੋਇਆ ਇਨਸਾਨ ਦੀ ਕਰਨੀ ਏ।

ਮੈਂ ਰਾਵੀ ਹਾਂ। ਕਦੇ ਆਪ ਕਹਾਣੀ ਮੇਰੀਆਂ ਲਹਿਰਾਂ 'ਤੇ ਤਰਦੀ ਸੀ। ਹੁਣ ਜੇ ਤੂੰ ਮੇਰੇ ਕੋਲ ਬਹਿ ਕੇ ਕਹਾਣੀ ਲਿਖੀ ਤਾਂ ਸਾਫ਼ ਕਹਿੰਦਾ, ਤੇਰੀ ਕਹਾਣੀ ਮੇਰੇ ਕੰਢੇ 'ਤੇ ਤਿਹਾਈ ਮਰ ਜਾਵੇਗੀ। •

(ਅਮਨ ਵੇਲੇ ਮਿਲਾਂਗੇ, ਕਹਾਣੀ ਸੰਗ੍ਰਹਿ

ਪੰਜਾਬੀ ਕਹਾਣੀ

# ਗੁੰਝਲ-ਗੁੰਝਲ ਹੋਈਆਂ ਸਾਡੀ ਆਸ ਦੀਆਂ ਤੰਦਾਂ

ਅਫ਼ਜ਼ਲ ਤੌਸੀਫ਼

ਟਰੰਕ ਵਿਚ ਪਈਆਂ ਸ਼ੈਆਂ ਵੀ ਵੇਲੇ ਨਾਲ ਘਸਮੈਲੀਆਂ ਜਿਹੀਆਂ ਹੋ ਜਾਂਦੀਆਂ ਨੇ। ਉਹਨੇ ਆਪਣੇ ਮੰਜੇ ਥੱਲੇ ਪਏ ਪੁਰਾਣੇ ਟਰੰਕ ਨੂੰ ਬੰਦ ਕਰਦੇ ਹੋਏ ਸੋਚਿਆ- ਇਹ ਸੋਚਣ ਵਾਲੀ ਗੱਲ ਬੜੀ ਮਾੜੀ ਏ। ਹੁਣ ਤਾਈਂ ਉਹਨੂੰ ਭੁੱਲ ਚੁੱਕਾ ਸੀ। ਉਹਨੇ ਟਰੰਕ ਖੋਲ੍ਹਿਆ ਕਾਹਦੇ ਲਈ ਸੀ। ਖੌਰੇ ਉਸ ਫੁਲਕਾਰੀ ਨੂੰ ਵੇਖਣ ਲਈ। ਕਿਤੇ ਕੀੜੇ ਨਾ ਲੱਗ ਗਏ ਹੋਣ, ਬੜੀ ਖ਼ਾਸ ਸ਼ੈਅ ਜੋ ਖੱਦਰ ਦੇ ਕੱਪੜੇ ਉੱਤੇ ਰੇਸ਼ਮ ਦੀ ਗੁਲਕਾਰੀ ਕਿਸੇ ਪੰਜਾਬਣ ਦੇ ਹੱਥ ਦੀ ਮਿਹਨਤ। ਉਹਨੇ ਬੜੀ ਸਾਂਭ ਕੇ ਰੱਖੀ ਹੋਈ ਸੀ। ਆਮ ਜਿਹੇ ਖੱਦਰ ਉੱਤੇ ਕਲਾਸੀਕਲ ਡੀਜ਼ਾਈਨ ਦੇ ਫੁੱਲ ਬੂਟੇ ਕਿਸੇ ਵੀ ਦੌਰ ਵਿਚ ਪੁਰਾਣੇ ਨਹੀਂ ਹੁੰਦੇ। ਪਰ ਵੇਲਾ ਦਾ ਕੀੜਾ ...... ਕਿਸੇ ਨੂੰ ਪਤਾ ਨਹੀਂ ਸੀ, ਉਸ ਫੁਲਕਾਰੀ ਵਿਚ ਪਿਉਂਦ ਵੀ ਲੱਗੇ ਪਏ ਹੋਏ ਸੀ। ਉਹਦੀ ਆਪਣੀ ਜ਼ਿੰਦਗੀ ਵਾਂਗ।

ਕਈ ਵਾਰੀ ਤਾਂ ਉਹਨੂੰ ਏਸ ਤਰ੍ਹਾਂ ਲੱਗਦਾ ਵੀ ਸੀ। ਆਪਣਾ-ਆਪ ਲੁਕਾ ਕੇ ਰੱਖਣ ਲਈ ਉਹਨੇ ਉਹੋ ਫੁਲਕਾਰੀ ਆਪਣੇ ਉੱਤੇ ਲਈ ਹੋਈ ਏ। ਉਹ ਕਿਸੇ ਨੂੰ ਵੀ ਆਪਣੇ ਬਹੁਤੇ ਨੇੜੇ ਨਹੀਂ ਸੀ ਲੱਗਣ ਦਿੰਦੀ ਤੇ ਬੜੇ ਆਹਰ ਨਾਲ ਦੁੱਖ ਦਰਦ ਦੇ ਹਰ ਇੱਕ ਪਿਉਂਦ ਉੱਤੇ ਜ਼ਿੰਦਗੀ ਵਰਗੇ ਰੰਗ ਦੀ ਗੁਲਕਾਰੀ ਕਰਦੇ ਹੋਏ ਰੰਗੀਨ ਧਾਗਿਆਂ ਨੂੰ ਮਿੱਟੀ ਵਿਚ ਮਧੋਲ ਕੇ ਰਤਾ ਕੁ ਮੈਲਾ ਕਰ ਲੈਂਦੀ ਤਾਂ ਜੋ ਪੁਰਾਣੇ ਨਾਲ ਮੈਚ ਕਰ ਜਾਵੇ। ਆਪਣੇ ਮੂੰਹ 'ਤੇ ਮੇਕਅੱਪ ਉਸੇ ਸਵੇਰ ਲਾਉਂਦੀ, ਜਿਸ ਵੀ ਪਹਿਲੀ ਰਾਤ ਰੱਜ ਕੇ ਰੋਈ ਹੁੰਦੀ। ਕਾਲਜ ਤੋਂ ਛੁੱਟੀ ਵੀ ਕਿਸੇ ਅਜਿਹੇ ਦਿਨ ਲੈਂਦੀ, ਜਦੋਂ ਉਹਨੂੰ ਲੱਗਦਾ ਦਿਲ ਦੀ ਗੱਲ ਮੂੰਹ 'ਤੇ ਲਿਖੀ ਗਈ ਏ। ਫਿਰ ਛੁੱਟੀ ਦਾ ਦਿਨ ਅੱਧਾ-ਅੱਧਾ ਵੰਡਿਆ ਜਾਂਦਾ। ਰਜ਼ਾਈ ਵਿਚ ਵੜ ਕੇ ਰੋਣ ਦਾ ਕੋਟਾ ਪੂਰਾ ਹੁੰਦੇ ਸਾਰ ਉਹ ਸੂਈ ਧਾਗਾ ਲੈ ਕੇ ਆਪਣੀ ਪੁਰਾਣੀ ਫੁਲਕਾਰੀ ਦੇ ਨਵੇਂ ਲਫਾਰ ਰਫੂ ਕਰਨ ਬਹਿ ਜਾਂਦੀ ਜਾਂ ਕੋਈ ਨਵੀਂ ਕਿਤਾਬ ਪੜ੍ਹਦੀ। ਕਿਸੇ ਪੁਰਾਣੇ ਬੰਦੇ ਨੂੰ ਫੋਨ ਕਰਦੀ ਕੋਈ ਪੁਰਾਣੀ ਗੱਲ ਕਰਨ ਲਈ।

ਫਿਰ ਅਗਲਾ ਦਿਨ ਬੜਾ ਚੰਗਾ ਰਹਿੰਦਾ। ਕਲਾਸ ਕਲਚਰ ਦੇ ਨਾਲ-ਨਾਲ ਤਾਲਬ-ਇਲਮਾਂ ਨਾਲ ਬੜੀਆਂ ਆਸ-ਭਰੀਆਂ ਗੱਲਾਂ ਵੀ ਹੁੰਦੀਆਂ। ਚੰਗੇ ਕੱਪੜੇ ਪਾ ਕੇ ਬੁਰਾ ਪੜ੍ਹਾਉਣ ਵਾਲੀਆਂ ਟੀਚਰਾਂ ਦੀ ਨਿੰਦਿਆ, ਅਕਲ ਫ਼ਿਕਰ ਦੀਆਂ ਗੱਲਾਂ, ਤਾਲੀਮ ਦੇ ਮਸਲੇ ਦੇ ਨਾਲ-ਨਾਲ ਕਾਲਜ ਦੇ "ਅਵਾਮ" ..... ਛੋਟੇ ਮੁਲਾਜ਼ਮ, ਜੂਨੀਅਰ ਵੀ ਆਪਣੇ ਮਸਲੇ ਉਹਦੇ ਕੋਲ ਲਿਆਉਂਦੇ। ਭੈੜੇ ਹਾਲਾਤ, ਬੁਰੇ ਹੁਕਮਰਾਨ, ਸੋਸ਼ਲਿਸਟ ਇਨਕਲਾਬ ਦਾ ਕੋਈ ਨੁਕਤਾ, ਗਰੀਬਾਂ ਦੀ ਹਾਲਤ ਸੁਧਾਰਨੇ ਦਾ ਕੋਈ ਸੁਨੇਹਾ। ਬੱਸ ਐਨੀ ਜਿਹੀ ਗੱਲ ਵਾਸਤੇ ਉਹ ਲੀਡਰ ਸੀਗੀ। ਪਰ ਕਾਲਜ ਦੀ ਵਾਈਸ ਪ੍ਰਿੰਸੀਪਲ, ਜੋ ਘਰੋਂ ਬੜੀ ਅਮੀਰ ਤੇ ਬਹੁਤ ਵੱਡੇ ਅਫ਼ਸਰ ਦੀ ਜ਼ਨਾਨੀ ਸੀਗੀ, ਉਹਨੂੰ ਖ਼ਤਰੇ ਦਾ ਲਾਲ ਸੁਰਖ਼ ਨਿਸ਼ਾਨ ਸਮਝਦੀ। ਅਸਲ ਵਿਚ ਉਹ ਦੋਵੇਂ ਇਕ ਦੂਜੀ ਲਈ ਏਸੇ ਤਰ੍ਹਾਂ ਸਨ।

ਉਹਨੂੰ ਚੰਗੀ ਤਰ੍ਹਾਂ ਪਤਾ ਸੀ ਭਈ ਮਿਸਿਜ਼ ਸਮਾ ਸਟਾ ਦਾ ਏਹੋ, ਵਾਈਸ ਪ੍ਰਿੰਸੀਪਲ ਦਾ ਨਾਂ ਬੁਲਾਇਆ ਜਾਂਦਾ ਸੀ। ਕਿਸੇ ਵੱਡੇ ਅਫ਼ਸਰ ਦੀ ਜ਼ਨਾਨੀ ਬਹੁਤ ਵੱਡੀ ਕੋਠੀ ਵਿਚ ਰਹਿੰਦੀ ਤੇ ਬਹੁਤ ਸਾਰੇ ਸ਼ਹਿਰੀ ਮੁਰੱਬਿਆਂ ਤੇ ਬਾਗਾਂ ਦੀ ਮਾਲਕ ਏ। ਕਾਲਜ ਵਿਚ ਉਹ ਨੌਕਰੀ ਫੈਸ਼ਨ ਦੇ ਹਿਸਾਬ ਕਰ ਰਹੀ ਸੀ ਜਾਂ ਆਪਣੇ ਕੁੰਬੇ-ਕਬੀਲੇ ਦੀਆਂ ਔਰਤਾਂ ਉੱਤੇ ਰੋਅਬ ਪਾਉਣ ਲਈ, ਜੋ ਦੌਲਤ ਵਿਚ ਉਸ ਤੋਂ ਵੀ ਵਡੇਰੀਆਂ ਸਨ। ਪਰ ਤਾਲੀਮ



ਵਿਚ ਘੱਟ । ਉਂਝ ਇਲਮ ਨਾਂ ਦੀ ਕੋਈ ਸ਼ੈਅ ਤਾਂ ਮਿਸਿਜ਼ ਸਮਾਸਟਾ ਦੇ ਪੱਲੇ ਵੀ ਨਹੀਂ, ਬੱਸ ਇੱਕ ਡਿਗਰੀ ਦਾ ਕੋਰਸ ਰਟਾ ਮਾਰਨ ਪਿਛੋਂ ਉਹਨੇ ਕਿਤਾਬ ਨੂੰ ਕਦੇ ਹੱਥ ਈ ਨਾ ਲਾਇਆ। ਉਹਨੂੰ ਵਿਹਲ ਵੀ ਕਿੱਥੇ? ਕਾਲਜ ਵਿਚ ਪੜ੍ਹਾਉਣ ਦੀ ਥਾਂ ਕਈ ਹੋਰ ਤਰ੍ਹਾਂ ਦੇ ਕੰਮ ਕਰਦੀ ਰਹਿੰਦੀ। ਇਹ ਤਾਂ ਰੋਜ਼ ਦੀ ਗੱਲ ਸੀ, ਪਈ ਜਦੋਂ ਉਹ ਆਪਣੀ ਕਲਾਸ ਨੂੰ ਲੈਕਚਰ ਦੇ ਰਹੀ ਹੁੰਦੀ ਤਾਂ ਪ੍ਰਿੰਸੀਪਲ ਬਾਹਰ ਦਰਵਾਜ਼ੇ ਨਾਲ ਕੰਨ ਲਾਈ ਖੜ੍ਹੀ ਹੁੰਦੀ। ਉਹਨੂੰ ਲੋੜ ਸੀਗੀ ਕੁਝ ਅਜਿਹਾ ਲੱਭ ਜਾਵੇ ਜਿਹਨੂੰ ਕਮਿਊਨਿਜ਼ਮ ਨਾਲ ਜੋੜ ਕੇ ਰਿਪੋਰਟ ਬਣਾ ਲਈ ਜਾਵੇ ਅਜਿਹੀ ਰਿਪੋਰਟ ਜੋ 'ਸੁਰਖ਼ਿਆਂ' ਨੂੰ ਕਾਲਜ ਵਿਚੋਂ ਕੱਢਣ ਦੇ ਕੰਮ ਆ ਸਕੇ।

ਪਰ ਇਸ ਤਰ੍ਹਾਂ ਦੀ ਗੱਲ ਕਦੇ ਬਣ ਨਾ ਸਕੀ। ਮਿਸਿਜ਼ ਸਮਾਸਟਾ ਦੀ ਛੋਟੀ ਜਿਹੀ ਖੋਪੜੀ ਵਿੱਚ ਇਹ ਗੱਲ ਕਦੇ ਨਾ ਆਈ ਪਈ ਜਿਹਨੂੰ ਉਹ ਕਾਫ਼ਰ ਮਲਹਦ ਕਮਿਊਨਿਸਟ ਸਮਝਦੀ ਏ, ਉਹ ਕਲਾਸ ਵਿਚ ਫ਼ਰਮਾਨ ਖ਼ੁਦਾ ਕਿਉਂ ਸੁਣਾਉਂਦੀ ਰਹਿੰਦੀ ਹੈ। "ਉਠੋ ਮੇਰੀ ਦੁਨੀਆ ਕੇ ਗਰੀਬੋਂ ਕੋ ਜਗਾ ਦੋ।" ਮਿਸਿਜ਼ ਸਮਾਸਟਾ ਨੂੰ ਇਕਬਾਲ ਦੀ ਸ਼ਾਇਰੀ ਬਾਰੇ ਬਸ ਇਕੋ ਗੱਲ ਦਾ ਪਤਾ ਸੀ। "ਬਹਿਰੇ ਜ਼ੁਲਮਾਤ ਮੇਂ ਦੌੜਾ ਦੀਏ ਘੋੜੇ ਹਮ ਨੇ"। ਸਾਮਰਾਜ ਦੀ ਉਹਨੂੰ ਬਿਲਕੁਲ ਸਮਝ ਨਾ ਲੱਗੀ। ਉਂਝ ਵੀ ਉਹਨਾਂ ਦਿਨਾਂ ਵਿਚ ਈਰਾਨ ਵਾਲਿਆਂ ਨੇ ਇਨਕਲਾਬੀ ਜੱਦੋ-ਜਹਿਦ ਵਿਚ ਨਵੀਂ ਟਰਮੀਨ਼ਾਲੋਜੀ (ਸੰਕੇਤਾਵਾਲੀ) ਬਣਾਈ ਸੀ। ਉਸੇ ਦਾ ਅਸਰ ਸੀ ਜੋ ਏਥੇ ਵੀ ਸਾਮਰਾਜ ਦੀ ਥਾਂ ਅਬਲੀਸ ਦਾ ਲਫ਼ਜ਼ ਵਰਤਿਆ ਜਾ ਰਿਹਾ ਸੀ। ਮਿਸਿਜ਼ ਸਮਾਸਟਾ ਨੂੰ ਜ਼ਿੱਚ ਕਰਨ ਲਈ ਉਹਦੇ ਕੋਲ ਇਸਲਾਮੀ ਮਸਾਵਾਤ (ਬਰਾਬਰੀ) ਦੀ ਗੱਲ ਤਾਂ ਹੈ ਈ। ਇਹ ਵੀ ਕੋਈ ਇਤਫਾਕ ਵਾਲੀ ਗੱਲ ਨਹੀਂ ਸੀ, ਜਦੋਂ ਸਵੇਰ ਨੂੰ ਨੌਂ ਵਜੇ ਮਿਸਿਜ਼ ਸਮਾਸਟਾ ਦੀ ਕਾਲੀ ਲੰਮੀ ਝੰਡੀ ਵਾਲੀ ਮਰਸੀਡੀਜ਼ ਆਉਂਦੀ ਤਾਂ ਉਹ ਕਾਲਜ ਗੇਟ ਦੇ ਨੇੜੇ ਤੇੜੇ ਈ ਹੁੰਦੀ। ਉਧਰ ਗੱਡੀ ਦਾ ਮੂੰਹ ਗੇਟ ਦੇ ਅੰਦਰ ਆਉਂਦਾ, ਉਧਰ ਡਰਾਈਵਰ ਦੇ ਐਨ ਵਿਚਕਾਰ ਹੌਲੀ-ਹੌਲੀ ਪੈਰ-ਪੁੱਟਦੀ, ਗਰੇਸਫੁਲੀ (gracefully) ਟੁਰਨ ਲੱਗ ਪੈਂਦੀ। ਮਜਬੂਰਨ ਮਰਸੀਡੀਜ਼ ਨੂੰ ਵੀ ਜੂੰ ਦੀ ਰਫ਼ਤਾਰ 'ਤੇ ਚਲਣਾ ਪੈਂਦਾ। ਡਰਾਈਵਰ ਦੀ ਮਜਾਲ ਨਹੀਂ ਸੀ ਉਹ ਹਾਰਨ ਦੇ ਕੇ ਰਸਤਾ ਮੰਗੇ। ਉਹ ਡਰਦਾ ਨਹੀਂ ਸੀ। ਪਰ ਉਹਨੂੰ ਪਤਾ ਸੀ, 'ਸਾਡੀ ਮਿਸ ਸਾਹਿਬ' ਅੱਗੇ ਜਾ ਰਹੀ ਏ। ਉਹਨੂੰ ਅੱਗੇ ਈ ਰਹਿਣਾ ਚਾਹੀਦਾ ਏ। ਉਹਨਾਂ ਦਿਨਾਂ ਵਿਚ ਇਸ ਤਰ੍ਹਾਂ ਦੀ ਹਾਲਤ ਸੀ। ਅਮੀਰਾਂ ਦੀ ਹਰ ਗੱਡੀ ਵਿਚ ਗਰੀਬਾਂ ਦਾ ਡਰਾਈਵਰ ਬੈਠਾ ਹੋਇਆ ਸੀ।

ਉਹ ਵੇਲਾ ਈ ਕੁਝ ਅਜਿਹਾ ਸੀ। ਲੋਕੀਂ ਆਪਣਿਆਂ ਨੂੰ ਪਛਾਣ ਰਹੇ ਸੀ। ਪਹਿਲੀ ਵਾਰੀ ਉਹ ਹਵਾ ਚੱਲੀ ਸੀ ਜੋ ਗ਼ਰੀਬਾਂ ਦੇ ਹੱਕ ਦੀ ਹਮਾਇਤ ਕਰ ਰਹੀ ਸੀ। ਸ਼ਹਿਰ ਦੇ ਸਾਰੇ ਗ਼ਰੀਬ ਅਮੀਰ ਆਪਸ ਵਿਚ ਤੇ ਇਕ ਦੂਜੇ ਕੋਲੋਂ ਵੱਖ-ਵੱਖ ਹੋ ਕੇ ਗੱਲਾਂ ਕਰਦੇ। ਆਪਣੀ-ਆਪਣੀ ਕੱਲ੍ਹ ਬਾਰੇ ਸੋਚਦੇ। ਮਿਸਿਜ਼ ਸਮਾਸਟਾ ਦਾ ਡਰਾਈਵਰ ਵੀ ਆਉਂਦੇ ਜਾਂਦੇ ਕਾਲਜ ਦੇ ਨੌਕਰਾਂ ਦੀ ਯੂਨੀਅਨ ਨਾਲ ਦੁਆ ਸਲਾਮ ਕਰ ਲੈਂਦਾ। ਵੇਲਾ ਹੋਂਦਾ ਤਾਂ ਕੋਲ ਬਹਿ ਕੇ ਵਿਚਾਰ-ਵਟਾਂਦਰਾ ਵੀ ਕਰਦਾ। ਉਹਨਾਂ ਸਾਰਿਆਂ ਨੂੰ ਪਤਾ ਸੀ ਕਾਲਜ ਸਟਾਫ਼ ਵਿਚੋਂ ਕਿਹੜੀ-ਕਿਹੜੀ ਮਿਸ ਉਹਨਾਂ ਦੇ ਨਾਲ ਏ ਤੇ ਕਿਹੜੀ-ਕਿਹੜੀ ਗਰੀਬਾਂ ਦੇ ਖਿਲਾਫ਼ ਏ। ਵੱਡੀ ਦੁਸ਼ਮਣ ਨੂੰ ਉਹ ਕੋਡ-ਵਲਡ ਵਿਚ ਵੱਡੀ ਗੱਡੀ ਕਹਿੰਦੇ ਤੇ ਸਭ ਤੋਂ ਬਹੁਤੀ ਸੱਜਣ 'ਸਾਡੀ ਮਿਸ ਸਾਹਿਬ' ਕਹਾਉਂਦੀ। ਹਰ ਪਾਸੇ ਜਾਸੂਸਾਂ ਦਾ ਜਾਲ ਜਿਹਾ ਵਿਛਿਆ ਹੋਇਆ ਸੀ। ਚੌਧਰੀ ਇਮਾਮਦੀਨ ਦਾ ਕੋਡ ਸੀ.ਆਈ.ਡੀ. ਵਾਸਤੇ ਚੱਲਦਾ। ਚੋਰੀ-ਚੋਰੀ ਸਾਰੇ ਹੀ ਆਪਣਾ ਕੰਮ ਕਰਦੇ ਰਹਿੰਦੇ। ਪਰ ਮਿਸਿਜ਼ ਸਮਾਸਟਾ ਬੜਬੋਲੀ ਜਿਹੀ ਜ਼ਨਾਨੀ ਸੀ। ਇਕ ਤਾਂ ਉਹਨੂੰ ਆਪਣੀ ਦੌਲਤ ਦਾ ਗਰੂਰ ਬੜਾ, ਉੱਤੋਂ ਖਾਵੰਦ ਦੀ ਉੱਚੀ ਅਫ਼ਸਰੀ। ਉਹ ਤਾਂ ਸਿੱਧੀ ਧਲੀ ਲੱਠ-ਮਾਰ ਬਣ ਗਈ ਸੀ। ਪਰ ਬਾਕੀ ਲੋਕ ਚੋਰੀ-ਚੋਰੀ ਰਿਪੋਰਟ ਕਰਦੇ ਚਾਰ ਪੈਸੇ ਵੀ ਬਣਾਉਂਦੇ। ਏਸ ਤਰ੍ਹਾਂ ਦੇ ਚੁੱਪ-ਚੁਪੀਤੇ ਜਾਸੂਸ ਉਹਨੂੰ

ਖਟਮਲਾਂ ਵਰਗੇ ਲੱਗਦੇ। ਕਮੀਨੇ ਕਦੇ ਤਾਂ ਉਸ ਮੰਜੀ ਦੇ ਵਾਣ ਵਿਚ ਲੁਕੇ ਹੁੰਦੇ, ਜਿਹਦੇ ਉੱਤੇ ਬਹਿ ਕੇ ਤੁਸੀਂ ਗੱਲ ਕਰਦੇ ਪਏ ਓ। ਅਜਬ ਜ਼ਮਾਨਾ ਸੀ Tale of two cities ਦੇ ਜ਼ਮਾਨੇ ਵਰਗਾ। ਜ਼ੁਬਾਨ ਖੁੱਲ੍ਹਣ ਦਾ ਜ਼ਮਾਨਾ ਤੇ ਜ਼ੁਬਾਨ ਬੰਦੀ ਦਾ ਜ਼ਮਾਨਾ ਨਾਲ-ਨਾਲ ਚੱਲਦਾ ਪਿਆ ਸੀ। ਇੱਕ ਅਜਿਹਾ ਦੌਰ ਜਿਹਦੇ ਵਿਚ ਗ਼ਰੀਬ ਸੋਚਣ ਲੱਗ ਪਏ ਸੀ।

ਲੁਕੇ ਦੁਸ਼ਮਣਾਂ ਨਾਲ ਭਾਵੇਂ ਖੁੱਲੀ ਜੰਗ ਨਹੀਂ ਹੋ ਸਕਦੀ ਸੀ, ਪਰ ਮਿਸਿਜ਼ ਸਮਾਸਟਾ ਨਾਲ ਖੁੱਲਾ ਮੈਦਾਨ ਲੱਗਦਾ ਤਾਂ ਉਹਨੂੰ ਬੜਾ ਚੰਗਾ ਵੀ ਲੱਗਦਾ। ਸਟਾਫ਼ ਰੂਮ ਵਿਚ ਬੈਠੇ ਖੱਟ-ਮਿੱਠੀ ਜਿਹੀ ਗੋਲੀ ਉਧਰੋਂ ਆਉਂਦੀ। "ਯਿਹ ਸੁਰਖ਼ੇ ਹਮਾਰੀ ਕੋਠੀਆਂ ਕੇ ਪੀਛੇ ਪੜੇ ਰਹਿਤੇ ਹੈ। ਵਹਾਂ ਚੀਨ ਮੇਂ ਇਨ ਕਾ ਮਾਓ ਭੀ ਤੋ ਮਹੱਲ ਮੇਂ ਹੀ ਰਹਿਤਾ ਹੈ।"ਵੱਡੀ ਗੁੱਡੀ ਦੀ ਗੱਲ ਸੁਣ ਕੇ ਉਹ ਉੱਚੀ ਸਾਰੀ ਹੱਸ ਪੈਂਦੀ।

"ਜਹਾਲਤ ਜ਼ਿੰਦਾਬਾਦ। ਸਰਮਾਏਦਾਰਾਂ ਨੇ ਮਦਦ ਵੀ ਮੰਗੀ ਤਾਂ ਮਾਓ-ਜ਼ੇ-ਤੁੰਗ ਕੋਲੋਂ। ਇੱਕ ਕੰਮ ਕਰੀਏ। ਚਲੋ ਚੀਨ ਚੱਲਦੇ ਹਾਂ। ਮਿਸਿਜ਼ ਸਮਾਸਟਾ ਤੁਹਾਡੀ ਸਿਹਤ ਲਈ ਜ਼ਰੂਰੀ ਹੈ। ਮੈਂ ਵੀ ਆਪਣੀਆਂ ਅੱਖਾਂ ਠੰਢੀਆਂ ਕਰਨਾ ਚਾਹੁੰਦੀ ਹਾਂ। ਮੈਂ ਤੁਹਾਡਾ ਸਾਥ ਬਰਦਾਸ਼ਤ ਕਰਾਂਗੀ, ਤੁਸੀਂ ਮੇਰਾ ਸਫ਼ਰ ਖਰਚ ਬਰਦਾਸ਼ਤ ਕਰਨਾ। ਉੱਥੇ ਜਾ ਕੇ ਵੇਖਾਂਗੇ।"

"ਕੀ ਵੇਖਾਂਗੇ?" ਮਿਸਿਜ਼ ਸਮਾਸਟਾ ਨੇ ਗੁੱਸੇ ਵਾਲੀ ਆਵਾਜ਼ ਵਿਚ ਪੁੱਛਿਆ।

"ਅਸੀਂ ਵੇਖਾਂਗੇ ਕਿ ਚੇਅਰਮੈਨ ਮਾਓ-ਜ਼ੇ-ਤੁੰਗ ਦਾ ਨਿੱਕਾ ਜਿਹਾ ਕੁਆਟਰ ਤੇ ਵੱਡੇ-ਵੱਡੇ ਸ਼ਾਨਦਾਰ ਸਭਿਆਚਾਰਕ ਮਹੱਲ ਜੋ ਲੋਕਾਂ ਦੇ ਮਨ ਪ੍ਰਚਾਵੇ ਤੇ ਚੀਨੀ ਸੱਭਿਅਤਾ ਦੀ ਨੁਮਾਇਸ਼ ਵਾਸਤੇ ਉਥੋਂ ਦੀ ਪੀਪਲਜ਼-ਰੀਪਬਲਿਕ ਨੇ ਬਣਾਏ ਨੇ - ਤੁਹਾਨੂੰ ਪਤਾ ਨਹੀਂ ਇਨਕਲਾਬ ਪਿੱਛੋਂ ਚੀਨ ਵਿਚ ਏਸ ਤਰ੍ਹਾਂ ਦੇ ਵੱਡੇ-ਵੱਡੇ ਮਹੱਲ ਮਕਾਨ ਜ਼ਬਤ ਹੋਏ ਤੇ ਸਾਰਿਆਂ ਨੂੰ ਰਹਿਣ ਵਾਸਤੇ ਥਾਂ ਟੱਬਰ ਦੇ ਜੀਆਂ ਦੇ ਹਿਸਾਬ ਨਾਲ ਦਿੱਤੀ ਗਈ। ਬਹੁਤੇ ਜੀ ਵੱਡਾ ਘਰ, ਥੋੜ੍ਹੇ ਜੀਅ ਨਿੱਕਾ ਕੁਆਟਰ। ਜੇ ਕਿਤੇ ਤੁਸੀਂ ਉੱਥੇ ਹੁੰਦੇ ਜਾਂ ਕਦੇ ਏਥੇ ਉਹੀ ਸਿਸਟਮ ਆ ਗਿਆ ਤਾਂ ਤੁਹਾਡੀ ਚਾਰ ਜੀਆਂ ਦੀ ਫੈਮਿਲੀ ਨੂੰ 10×10 ਦੇ ਦੋ ਕਮਰਿਆਂ ਵਾਲਾ ਕੁਆਟਰ ਈ ਮਿਲ ਸਕਦਾ।" ਗੱਲ ਸੁਣ ਕੇ ਮਿਸਿਜ਼ ਸਮਾਸਟਾ ਦਾ ਚਿਹਰਾ ਦੇਖਣ ਵਾਲਾ ਸੀ। ਪਰ ਉਹਨੇ ਚਿਹਰਾ ਵੇਖੇ ਬਗੈਰ ਇਕ ਤੀਲੀ ਹੋਰ ਲਾ ਦਿੱਤੀ। "ਮਿਸਿਜ਼ ਸਮਾਸਟਾ ਮੈਂ ਸੁਣਿਆ ਤੁਹਾਡੀ ਮੌਜੂਦਾ ਕੋਠੀ ਤਾਂ ਬਾਰਾਂ ਕਨਾਲਾਂ ਵਿਚ ਹੈ, ਵਿਚੋਂ ਇਕ ਕਨਾਲ ਵਿਚ ਛੇ ਕੁਆਟਰ ਨੌਕਰਾਂ ਦੇ ਹੋਏ, ਬਾਕੀ ਗਿਆਰਾਂ ਕਨਾਲਾਂ ਵਿਚ ਤੁਹਾਡੇ ਬੈੱਡ-ਰੂਮ, ਬਾਥ-ਰੂਮ, ਡਰਾਇੰਗ-ਰੂਮ, ਡਾਈਨਿੰਗ ਰੂਮ ਤੇ ਲਾਅਨ ਕਿੱਡੇ ਖੁੱਲੇ-ਖੁੱਲੇ।" ਉਹਨੇ ਇੰਝ ਆਖਿਆ ਜਿਵੇਂ ਨਿੱਤ ਦੇ ਭੁੱਖੇ ਨੂੰ ਵਧੀਆ-ਵਧੀਆ ਖਾਣੇ ਸਾਹਮਣੇ ਦਿਸ ਪਏ ਹੋਣ।

ਉਧਰ ਬੇਗਮ ਸਮਾਸਟਾ ਦੇ ਗੋਰੇ ਰੰਗ ਵਿਚ ਉਨਾਬੀ ਸੁਰਖ਼ੀ ਫੈਲ ਗਈ। ਉਹਦਾ ਚਿਹਰਾ ਵੱਡੇ ਸਾਰੇ ਲਾਲ ਟਮਾਟਰ ਵਰਗਾ ਲੱਗਣ ਲੱਗ ਪਿਆ। ਫੇਰ ਵੀ ਉਹਨੇ ਆਪਣੇ ਬਚਾਅ ਕਰਨ ਦੀ ਕੋਸ਼ਿਸ਼ ਠੰਢੇ ਹਥਿਆਰ ਨਾਲ ਕੀਤੀ। "ਵੇਖੋ".... ਵਾਈਸ ਪ੍ਰਿੰਸੀਪਲ ਨੇ ਆਪਣੀ ਆਵਾਜ਼ ਵਿਚ ਮਾੜਾ ਜਿਹਾ ਰੋਅਬ ਪੈਦਾ ਕਰਦੇ ਹੋਏ ਕਹਿਣਾ ਸ਼ੁਰੂ ਕੀਤਾ। "ਅਸੀਂ ਮੁਸਲਮਾਨ ਹਾਂ ਤੇ ਤੁਸੀਂ ਕਮਿਊਨਿਸਟ ਹੋ। ਤੁਹਾਡੀ ਸਾਜ਼ਿਸ਼ ਏਥੇ ਨਹੀਂ ਚੱਲ ਸਕਦੀ।"

"ਸਾਜ਼ਿਸ਼! ਇਹ ਤਾਂ ਇਕ ਪ੍ਰਬੰਧ ਹੈ। ਬੇਗਮ ਸਾਹਿਬ ਤੇ ਮੈਂ ਵੀ ਮੁਸਲਮਾਨ ਹਾਂ। ਵਾ-ਅੱਲਾ ਜੇ ਆਪ ਗੌਰ ਕਰੇਂ ਤਾਂ ਆਪ ਨਾਲੋਂ ਕੁਝ ਬਿਹਤਰ। ਆਪ ਗੌਰ ਕਰੇਂ ਇਸਲਾਮੀ ਜ਼ਿੰਦਗੀ... ਇਸਲਾਮੀ ਹਿਸਟਰੀ।"

"ਚੰਗਾ ਜੇ ਤੂੰ ਮੁਸਲਮਾਨ ਏਂ ਤਾਂ ਏਸ ਤਰ੍ਹਾਂ ਦੀਆਂ ਗੱਲਾਂ ਕਿਉਂ ਕਰਦੀ ਰਹਿੰਦੀ ਏ?"

"ਏਸ ਵਾਸਤੇ ਕਿ ਅਜਿਹੀ ਗੱਲ ਕਰਨਾ ਹਰ ਮੁਸਲਮਾਨ ਦਾ ਫਰਜ਼ ਬਣਦਾ ਏ।



ਰਸੂਲ ਖ਼ੁਦਾ ਤੇ ਹਲਕਾ-ਏ-ਰਾਸ਼ਦੀਨ ਦੀ ਜ਼ਿੰਦਗੀ ਰਹਿਣ ਸਹਿਣ ਤੇ ਮਿਹਨਤ ਦੇ ਕੰਮ-ਕਾਰ ਲੋਕਾਂ ਵਾਂਗ ਹੁੰਦੇ ਸਨ।" ਏਸ ਗੱਲ ਦਾ ਜਵਾਬ ਵੀ ਮਿਸਿਜ਼ ਸਮਾਸਟਾ ਕੋਲ ਹੈ ਸੀ ਤੇ ਬੜਾ ਸੁਹਣਾ ਵੀ। "ਤੁਸੀਂ ਆਮ ਲੋਕ ਹੋ। ਏਸੇ ਕਰਕੇ ਖ਼ਾਸ ਲੋਕਾਂ ਦੀ ਗੱਲ ਸਮਝ ਨਹੀਂ ਸਕਦੇ ਜਾਂ ਜਾਣ ਕੇ ਸਮਝਣਾ ਨਹੀਂ ਚਾਹੁੰਦੇ। ਸਾਰੇ ਵਲੀ ਪੈਗੰਬਰ ਲੋਕਾਂ ਵਾਂਗ ਤੇ ਲੋਕਾਂ ਦੇ ਨੇੜੇ ਈ ਰਹਿੰਦੇ ਸੀ। ਪਰ ਜੇ ਕੋਈ ਅਮੀਰ ਆਦਮੀ ਨੇੜੇ ਆਉਂਦਾ ਤਾਂ ਉਹਨੂੰ ਦੂਰ ਰਹਿਣ ਦਾ ਹੁਕਮ ਮਿਲ ਜਾਂਦਾ।"

ਉਹਦੀਆਂ ਇਸ ਤਰ੍ਹਾਂ ਦੀਆਂ ਗੱਲਾਂ ਨਾਲ ਲੋਹਾ ਕਦੇ ਨਰਮ ਨਹੀਂ ਸੀ ਹੁੰਦਾ, ਸਗੋਂ ਬਹੁਤਾ ਢੀਠ ਤੇ ਅੜੀਅਲ ਜਿਹਾ ਹੋ ਜਾਂਦਾ। ਇਕ ਦਿਨ ਤਾਂ ਹੱਦ ਹੋ ਗਈ। ਕਹਿਣ ਲੱਗੀ,"ਬੰਦੇ ਨੂੰ ਹਰ ਗੱਲ ਦਾ ਪਤਾ ਨਹੀਂ ਹੋਣਾ ਚਾਹੀਦਾ।" ਇਸਲਾਮ ਕਹਿੰਦਾ, "ਇਲਮੋਂ ਬੱਸ ਕਰੀ ਓ ਯਾਰ।" ਬਹੁਤਾ ਜਾਨਣ ਵਿਚ ਖ਼ਰਾਬੀ ਏ। ਇਹ ਗੱਲ ਸੁਣ ਕੇ ਇਕ ਵਾਰੀ ਤਾਂ ਉਹਦੇ ਦਿਲ ਵਿਚ ਆਈ, ਜਾਹਲਾਂ ਨੂੰ ਉਹਨਾਂ ਦੇ ਹਾਲ 'ਤੇ ਛੱਡ ਦਿੱਤਾ ਜਾਵੇ। ਫੇਰ ਖ਼ੌਰੇ ਕੀ ਸੋਚ ਕੇ ਉਹ ਦਰਵਾਜ਼ੇ ਕੋਲੋਂ ਮੁੜ ਕੇ ਆ ਗਈ। "ਤੁਸੀਂ ਇਕ ਵਾਰ ਫੇਰ ਗਲਤ ਹੋ ਗਏ ਓ ਜਨਾਬ! ਇਹ ਗੱਲ ਬੁੱਲ੍ਹੇ ਸ਼ਾਹ ਆਖੀ ਏ। ਇਹਦਾ ਮਤਲਬ ਤੁਸੀਂ ਸਮਝ ਨਹੀਂ ਸਕਦੇ। ਪਰ ਇਸਲਾਮ ਵਿਚ ਇਲਮ ਨੂੰ ਵਧਾਵਣ ਲਈ ਆਖਿਆ ਗਿਆ ਏ, ਇਲਮ ਹਾਸਲ ਕਰੋ ਭਾਵੇਂ ਏਸ ਕੰਮ ਵਾਸਤੇ ਚੀਨ ਜਾਣਾ ਪਵੇ। ਹੁਣ ਤੁਹਾਡੇ ਵਾਸਤੇ ਚੀਨ ਜਾਣਾ ਜ਼ਰੂਰੀ ਹੋ ਗਿਆ ਏ। ਬੇਖ਼ਬਰੀ ਦਾ ਇਲਾਜ ਵੀ ਇਸਲਾਮ ਦੇ ਹੁਕਮ ਮੁਤਾਬਕ ਹੋ ਜਾਊ। ਤੇ ਮਾਓ-ਜ਼ੇ-ਤੁੰਗ ਵਰਗੇ ਮਹੱਲਮ ਦੇ ਦਰਸ਼ਨ ਵੀ ਕਰਾਂਗੇ।" ਉਹਦੀ ਗੱਲ ਸੁਣ ਕੇ ਨਬੀਲਾ ਨਾਂ ਦੀ ਇਕ ਜੂਨੀਅਰ ਲੈਕਚਰਾਰ ਬੜੀ ਖ਼ੁਸ਼ ਹੋਈ। ਹੌਲੀ-ਹੌਲੀ ਗਾਉਣ ਲੱਗ ਪਈ।

ਚਲਤੇ ਹੋ ਤੋ ਚੀਨ ਕੋ ਚਲੀਏ
ਸੁਨਤੇ ਹੈ ਕਿ ਬਹਾਰਾਂ ਹੈ।

"ਹੱਛਾ ਤੂੰ ਵੀ ਬੜੇ ਮੀਆਂ ਸੋ ਬੜੇ ਮੀਆਂ ............ ਪਰ ਨਹੀਂ। ਤੁਸੀਂ ਸਾਰੇ ਚੀਨ ਰੂਸ ਦੇ ਏਜੰਟ ਹੁੰਦੇ ਓ। ਏਜੰਟ।" ਮਿਸਿਜ਼ ਸਮਾਸਟਾ ਦੀ ਏਸ ਬਕਵਾਸ ਨਾਲ ਨਬੀਲਾ ਵਰਗੀ ਹੱਸ-ਮੁੱਖ ਕੁੜੀ ਨੂੰ ਵੀ ਗੁੱਸਾ ਆ ਗਿਆ। ਪਰ ਉਹਨੂੰ ਆਪ ਬਿਲਕੁਲ ਗੁੱਸਾ ਨਾ ਆਇਆ। ਸਗੋਂ ਬੜੀ ਰਸਾਣ ਨਾਲ ਬੋਲੀ, "ਆਪਣੀ ਗੱਲ ਨੂੰ ਸਹੀ ਕਰ ਲਵੋ ਮਿਸਿਜ਼ ਸਮਾਸਟਾ। ਅਸੀਂ ਏਜੰਟ ਤਾਂ ਜ਼ਰੂਰ ਆ, ਪਰ ਪਾਕਿਸਤਾਨੀ ਅਵਾਮ ਦੇ। ਅੱਗੋਂ ਸਾਡਾ ਵਾਹ ਪੈਂਦਾ ਅਮਰੀਕੀ ਏਜੰਟਾਂ ਤੇ ਏਜੰਸੀਆਂ ਨਾਲ।"

ਉਹਨਾਂ ਦਿਨਾਂ ਵਿਚ ਦੋ ਕੰਮ ਬੜੇ ਜ਼ੋਰਾਂ ਨਾਲ ਹੋ ਰਹੇ ਸੀ। ਰੀਪੋਰਟਾਂ ਖ਼ਰਾਬ ਕਰਨ ਪਿੱਛੋਂ ਸਟਾਫ ਦੇ ਤਬਾਦਲੇ ਤੇ ਪੜ੍ਹਾਈ ਦੇ ਸਿਲੇਬਸ ਬਦਲ ਦੇਣ ਦਾ ਕੰਮ। ਇਸਲਾਮੀਅਤ ਉੱਤੇ ਬੜਾ ਜ਼ੋਰ ਸੀ, ਸਾਇੰਸ ਤੇ ਫਾਈਨ ਆਰਟਸ (ਕੋਮਲ ਕਲਾਵਾਂ) ਦੀ ਇਸਲਾਮੀ ਤਾਲੀਮ ਦਾਖਲ ਕੀਤੀ ਗਈ ਪਰ ਕਿਸ ਤਰ੍ਹਾਂ ਸਾਇੰਸ ਬਲਾਕ ਵਿਚ ਯੂਰਪੀ ਸਾਇੰਸਦਾਨਾਂ ਦੇ ਫੋਟੋ ਉਤਾਰ ਕੇ ਇਸਲਾਮੀ ਸਾਇੰਸਦਾਨਾਂ ਦੇ ਲਾ ਦਿੱਤੇ ਗਏ। ਪਰ ਡਾਕਟਰ ਸਲਾਮ ਨੂੰ ਕਿਸੇ ਕੰਧ ਉੱਤੇ ਵੀ ਥਾਂ ਨਾ ਦਿੱਤੀ। ਫਾਈਨ ਆਰਟਸ ਵਾਲਿਆਂ ਨੇ ਮੁੱਲਾਂ ਦੀ ਮਾਡਲਿੰਗ ਕਬੂਲ ਨਾ ਕੀਤੀ। ਏਸੇ ਤਰ੍ਹਾਂ ਲੋਕਾਂ ਨੇ ਵਫ਼ਾਦਾਰੀ ਦੇ ਸਬਕ ਸਿੱਖਣ ਤੋਂ ਇਨਕਾਰ ਕਰ ਛੱਡਿਆ। ਉਹਨਾਂ ਨੂੰ ਤਾਂ ਇਕੋ ਸਬਕ ਪੱਕਾ ਹੋ ਗਿਆ ਸੀ। ........ ਰੋਟੀ, ਕੱਪੜਾ ਔਰ ਮਕਾਨ। ਪੜ੍ਹਾਈ, ਦਵਾਈ, ਰੋਜ਼ਗਾਰ। ਬੁਨਿਆਦੀ ਹੱਕ। ਕੁਝ ਆਸਾਂ ਚਿੱਟ-ਕੱਪੜੀਏ ਵੀ ਲਾਈ ਬੈਠੇ ਸੀ। ਲੋਕਾਂ ਦੇ ਨਾਲ ਉਹਨਾਂ ਵੱਲ ਵੀ ਮਾੜੀ ਜਿਹੀ ਤਰਾਵਤ ਜੇ ਕਿਤੇ ਆ ਜਾਵੇ। ਉਹਦੇ ਆਪਣੇ ਕੋਲ ਰੋਟੀ ਕੱਪੜਾ ਹੈ ਸੀ, ਬੱਸ ਮਕਾਨ ਦੀ ਕਮੀ ਸੀ। ਨਬੀਲਾ ਦਾ ਸਾਰੀ ਫੈਮਿਲੀ ਬੜੇ ਚੰਗੇ ਲੋਕਾਂ ਦੀ, ਪਰ ਬਹੁਤ ਈ ਬੁਰੇ ਇਲਾਕੇ ਵਿਚ ਕਿਰਾਏ 'ਤੇ ਰਹਿੰਦੀ ਸੀ। ਉਹਨਾਂ ਨੂੰ ਪੱਕ ਸੀ ਇਨਕਲਾਬ ਪਿੱਛੋਂ ਏਥੇ ਵੀ ਵੱਡੇ-ਵੱਡੇ ਮਹਿਲ-

ਮਾੜੀਆਂ ਲੋਕਾਂ ਵਿਚ ਵੰਡੇ ਜਾਣਗੇ ਤਾਂ ਕਾਲਜ ਦੇ ਨੇੜੇ ਇਕ ਵੱਡੀ ਕੋਠੀ ਦੀ ਅਨੈਕਸੀ, ਬੜੀ ਪਸੰਦ ਆ ਗਈ ਹੋਈ ਸੀ। ਪਰ ਆਪ ਉਹਨੂੰ ਮਿਸਿਜ਼ ਸਮਾਸਟਾ ਦੀ ਨਹਿਰ ਕਿਨਾਰੇ ਵਾਲੀ ਕੋਠੀ ਦਾ ਇਕ ਹਿੱਸਾ ਚਾਹੀਦਾ ਸੀ। ਬੱਸ ਚਾਰ ਪੰਜ ਮਰਲੇ ਥਾਂ, ਇੱਕ ਨਿੱਕੀ ਜਿਹੀ ਕਾਟੇਜ ਉਹ ਆਪੇ ਡੀਜ਼ਾਈਨ ਕਰਕੇ ਬਣਾ ਲਵੇਗੀ, ਹੁਣ ਤਾਂ ਸੱਚੀ-ਮੁੱਚੀ ਇੰਝ ਲੱਗਣ ਲੱਗ ਪਿਆ ਸੀ ਜਿਵੇਂ ਉਸਦੇ ਹਿੱਸੇ ਦੀ ਜ਼ਮੀਨ ਉੱਤੇ ਕਿਸੇ ਨੇ ਨਜਾਇਜ਼ ਮੱਲ ਮਾਰੀ ਹੋਈ ਏ। ਉਹਦੇ ਹਿੱਸੇ ਦੇ ਦੋ ਕਮਰੇ, ਤਿੰਨ ਦਰੱਖਤ ਵੱਡੀ ਕੋਠੀ ਦੇ ਵਿਹੜੇ ਅੰਦਰ ਹੁੱਸੜੇ ਹੋਏ ਨੇ। ਉਹਨਾਂ ਦੀ ਆਜ਼ਾਦੀ ਲਈ ਵੀ, ਉਹ ਜੱਦੋ-ਜਹਿਦ ਕਰ ਰਹੀ ਏ। ਮੇਰੇ ਹਿੱਸੇ ਦੀ ਮਿੱਟੀ ਮੈਨੂੰ ਮਿਲ ਜਾਵੇ। ਉਹਨੇ ਇਕ ਨਜ਼ਮ ਵੀ ਉਹਨਾਂ ਦਿਨਾਂ ਵਿਚ ਲਿਖੀ ਸੀ। ਆਪਣੀ ਕਾਟੇਜ ਦਾ ਨਕਸ਼ਾ ਤਾਂ ਚਿਰੋਕਣਾ ਬਣਾ ਚੁੱਕੀ ਸੀ। ਦੋ ਕਮਰੇ, ਇਕ ਵੱਡਾ ਕਿਤਾਬਾਂ ਵਾਸਤੇ, ਇਕ ਨਿੱਕਾ ਆਪਣੇ ਲਈ। ਅੱਗੇ ਜਾਲੀਦਾਰ ਬਰਾਮਦਾ। ਨਿੱਕੇ ਜਿਹੇ ਵਿਹੜੇ ਵਿਚ ਤਿੰਨ ਦਰੱਖਤ ਇਕ ਤਿਕੋਨ ਬਣਾਉਂਦੇ ਹੋਏ, ਏਸ ਤਿਕੋਨ ਅੰਦਰ ਫੁੱਲ ਹੀ ਫੁੱਲ। ਫੁੱਲਾਂ ਦੀਆਂ ਵੇਲਾਂ ਨਾਲ ਢੱਕਿਆ ਹੋਇਆ ਅੰਦਰ ਬੈਠਣ ਵਾਸਤੇ ਇਕ ਸੈੱਟੀ, ਦੋ ਕੁਰਸੀਆਂ, ਸੈਂਟਰਲ ਟੇਬਲ, ਇੱਕ ਵੱਡੀ ਸਟਾਈਲਿਸ਼ ਜਿਹੀ, ਅਖ਼ਬਾਰ ਰੱਖਣ ਵਾਸਤੇ ਰੈਕ। ਉਹਦੇ ਖਿਆਲ ਵਿਚ ਬਰਾਂਡਾ ਘਰ ਦੀ ਸਭ ਤੋਂ ਵਧੀਆ ਥਾਂ ਏ। ਬਹਾਰ, ਬਰਸਾਤ ਦਾ ਨਜ਼ਾਰਾ, ਪੰਛੀਆਂ ਦੀ ਸੰਗਤ, ਨੇਚਰ (ਕੁਦਰਤ) ਵੀ ਗਵਾਂਢ ਹੋਵੇ। ਕਹਾਣੀ ਲਿਖਣ ਲਈ ਚੰਗੀ ਥਾਂ।

ਫੇਰ ਇਕ ਰਾਤ ਆਈ,ਭੈੜੀ ਖ਼ਬਰ ਦਾ ਧਮਾਕਾ ਹੋਇਆ। ਉਹਨੂੰ ਲੱਗਾ ਉਹਦੀ ਕਾਟੇਜ ਬਣਦੀ-ਬਣਦੀ ਰਹਿ ਗਈ। ਮਾਰਸ਼ਲ ਲਾ ਇਕ ਵਾਰੀ ਫੇਰ ਲੱਗ ਗਿਆ ਸੀ। ਕਾਲਜ ਹੋਸਟਲ ਸਭ ਬੰਦ ਕਰਨ ਦਾ ਹੁਕਮ ਹੋ ਗਿਆ। ਉਹ ਆਪ ਵੀ ਹੋਸਟਲ ਦੇ ਕਮਰੇ ਵਿਚ ਈ ਤਾਂ ਰਹਿੰਦੀ ਸੀ। ਅਗਲੇ ਦਿਨ ਕਾਲਜ ਦੀ ਵਾਈਸ ਪ੍ਰਿੰਸੀਪਲ ਉੱਤੋਂ ਆਏ ਆਰਡਰ ਦੀ ਕਾਪੀ ਹੱਥ ਵਿਚ ਫੜੀ ਹੋਸਟਲ ਦੇ ਕਮਰੇ ਖਾਲੀ ਕਰਨ ਦਾ ਆਰਡਰ ਦੇ ਰਹੀ ਸੀ। ਸਟੂਡੈਂਟਸ ਨੂੰ ਉਹਨੇ ਛੋਟੇ ਹਾਲ ਵਿਚ ਜਮ੍ਹਾਂ ਕਰ ਕੇ ਹੁਕਮ ਦਿੱਤਾ। ਬਾਰਾਂ ਵਜੇ ਤੋਂ ਪਹਿਲਾਂ-ਪਹਿਲਾਂ ਆਪੋ-ਆਪਣੇ ਘਰਾਂ ਨੂੰ ਚਲੀਆਂ ਜਾਓ। ਘੰਟੇ ਪਿੱਛੋਂ ਕਾਲਜ ਦੇ ਵੱਡੇ ਗੇਟ ਤੇ ਕੋਈ ਭੀੜ ਸੀਗੀ। ਆਪਣੇ ਬੈਗ, ਸੂਟਕੇਸ ਹੱਥਾਂ ਵਿਚ ਲਈ ਕੁੜੀਆਂ ਨਿਕਲ ਪਈਆਂ। ਕੋਈ ਰੇਲਵੇ ਸਟੇਸ਼ਨ ਜਾਣ ਲਈ ਕੋਈ ਬੱਸ ਅੱਡੇ। ਪੰਜਾਬ ਦੀਆਂ ਕੁੜੀਆਂ ਤਾਂ ਡੂੰਘੀਆਂ ਸ਼ਾਮਾਂ ਪੈਣ ਤੋਂ ਪਹਿਲਾਂ ਆਪਣੇ ਘਰਾਂ ਨੂੰ ਪਰਤ ਗਈਆਂ। ਪਰ ਬੰਗਾਲੋਂ ਆਈਆਂ ਕੁੜੀਆਂ ਕੀ ਕਰਨ? ਉਹ ਵਿਚਾਰੀਆਂ ਸਿੱਧੀਆਂ ਉਹਦੇ ਕੋਲ ਆ ਗਈਆਂ। "ਮਿਸ ਹਮ ਤੋ ਦੂਰ ਦੇਸ ਕੇ ਹੈਂ। ਹਮ ਕਿਆ ਕਰੇਂ?"

"ਫ਼ਿਕਰ ਨਾ ਕਰੋ, ਅਸੀਂ ਏਥੇ ਹੀ ਰਵਾਂਗੇ।" ਉਹਨੇ ਪ੍ਰਦੇਸੀ ਕੁੜੀਆਂ ਨੂੰ ਦਿਲਾਸਾ ਦਿੱਤਾ। "ਮਗਰ ਵੋਹ ਮਿਸਿਜ਼ ਸਮਾਸਟਾ ਕਮਰੇ ਬੰਦ ਕਰਾ ਰਹੀ ਹੈ।" ਕੁੜੀਆਂ ਰੋਣ ਹਾਕੀਆਂ ਹੋ ਗਈਆਂ। "ਫਿਕਰ ਨਾ ਕਰੋ ਅਸੀਂ ਕਮਰੇ ਖੋਲ੍ਹ ਲਵਾਂਗੇ, ਨਹੀਂ ਤਾਂ ਮੇਰਾ ਕਮਰਾ ਤਾਂ ਖੁੱਲਾ ਈ ਖੁੱਲ੍ਹਾ" ਉਹਨੇ ਇਸ਼ਾਰੇ ਨਾਲ ਸਭ ਨੂੰ ਅੰਦਰ ਬੁਲਾਇਆ।

ਉਸ ਦਿਨ ਪਿੱਛੋਂ ਮਿਸਿਜ਼ ਸਮਾਸਟਾ ਦੀਆਂ ਨਜ਼ਰਾਂ ਵਿਚ ਬੰਗਾਲੀ ਕੁੜੀਆਂ ਵੀ ਬਾਗੀ ਹੋ ਗਈਆਂ। ਹੁਣ ਉਹ ਹਰ ਰੋਜ਼ ਸਟਾਫ਼ ਰੂਮ ਵਿਚ ਬੈਠ ਕੇ ਬੰਗਾਲੀਆਂ ਦੀ ਬੁਰਾਈ ਕਰਨ 'ਤੇ ਵੀ ਕੁਝ ਵਕਤ ਖਰਚ ਕਰਨ ਲੱਗ ਪਈ। ਉਹਦੇ ਖਿਆਲਾਂ ਮੁਜਬ ਬੰਗਾਲੀ ਚੰਗੇ ਮੁਸਲਮਾਨ ਨਹੀਂ ਹੁੰਦੇ। ਹਿੰਦੂ ਕਲਚਰ ਦਾ ਅਸਰ ਬਹੁਤ ਏ। ਮੁਲਕ ਦੇ ਗੱਦਾਰ ਨੇ। ਸਾਰੀ ਅੱਗ ਉਹਨਾਂ ਦੀ ਲਾਈ ਹੋਈ ਏ। ਇਹਦੇ ਵਿਚ ਸ਼ੱਕ ਵੀ ਕੋਈ ਨਹੀਂ। ਮਾਰਸ਼ਲ ਲਾ ਦੇ ਖਿਲਾਫ਼ ਤੇ ਸਮਾਜੀ ਇਨਸਾਫ਼ ਹਾਸਲ ਕਰਨ ਲਈ ਵੱਡੀ ਜੱਦੋ-ਜਹਿਦ ਤੇ ਢਾਕੇ ਤੋਂ ਹੀ ਹੋ ਰਹੀ ਸੀ। ਪਰ ਉੱਚੇ ਤਬਕੇ ਦੀ ਬੇਗਮ ਦੇ ਹਿਸਾਬ ਵਿਚ ਉਹ ਸਭ ਕੁਝ ਗੱਦਾਰੀ ਕਰਨ ਤੇ ਅੱਗ ਲਾਉਣ ਦੇ ਬਰਾਬਰ ਸੀ। ਹੁਣ ਨਵਾਂ ਮਾਰਸ਼ਲ-ਲਾ ਲੱਗਣ ਪਿੱਛੋਂ ਤਾਂ



ਪਾਕਿਸਤਾਨ ਦਾ ਫੈਸ਼ਨ-ਪਸੰਦ ਉਤਲਾ ਤਬਕਾ ਇਸਲਾਮ-ਪਸੰਦ ਵੀ ਹੋ ਗਿਆ ਸੀ। ਏਸੇ ਚੱਕਰ ਵਿਚ ਮਿਸਿਜ਼ ਸਮਾਸਟਾ ਸਿਰ ਢੱਕਣ ਲੱਗ ਪਈ ਸੀ। ਚਿੱਟਾ ਝੱਗ ਫਰੈਂਚ ਸ਼ਫ਼ੂਨ ਦਾ ਦੁਪੱਟਾ ਸਿਰ 'ਤੇ ਲੈ ਕੇ ਉਹ ਥੋਹੜੀ ਜਿਹੀ ਮਕੱਦਸ (ਪਵਿੱਤਰ) ਵੀ ਲੱਗਣ ਲੱਗ ਪਈ ਸੀ। ਤੇਰਾਂ ਸਾਲ ਪਿੱਛੋਂ ਏਸੇ ਹੀ ਸਟਾਈਲ ਨੂੰ ਭੁੱਟੋ ਦੀ ਸਪੁੱਤਰੀ ਬੇ-ਨਜ਼ੀਰ ਨੇ ਵੀ ਬੜਾ ਪਸੰਦ ਕਰਨਾ ਸੀ। ਪਰ ਮੁਸ਼ਕਲ ਤਾਂ ਕੁੜੀਆਂ ਲਈ ਹੋ ਗਈ ਨਾ। ਆਰਡਰ ਪਾਸ ਹੋ ਗਿਆ, "ਤਾਲਬਾਨ ਸਰ ਪਰ ਦੁਪੱਟਾ ਲੀਆ ਕਰੇਂ।"

ਯੂਨੀਫਾਰਮ ਦਾ ਦੁਪੱਟਾ ਮੋਟੀ ਮਲਮਲ ਦਾ ਕਲਫਮਾਵਾ ਲੱਗਾ ਹੋਇਆ ਸੀ। ਪੱਟੀ ਦੀ ਸ਼ਕਲ ਵਿਚ ਸੀਨੇ ਉਤੇ ਵੀ (V) ਸ਼ੇਪ ਬਣਾਉਂਦਾ ਮੋਢਿਆਂ 'ਤੇ ਜਾਂਦਾ ਏ। ਉਸੇ ਨੂੰ ਖੋਲ੍ਹ ਕੇ ਸਿਰ 'ਤੇ ਲੈਣਾ। ਫਿਰ ਉਹ ਸਿਰ 'ਤੇ ਟਿਕਦਾ ਕਿੱਥੇ। ਲੋੜ ਵੀ ਕੀ ਸੀ? ਜ਼ਨਾਨਾ ਕਾਲਜ ਵਿਚ ਸਿਰ ਢੱਕ ਕੇ ਫਿਰਨਾ ਜਾਂ ਕਲਾਸ-ਰੂਮ ਵਿਚ ਦੁਪੱਟਾ ਸਿਰ 'ਤੇ ਲੈ ਕੇ ਬੈਠਣਾ। ਆਪ ਕੁੜੀਆਂ ਨੂੰ ਇਹ ਗੱਲ ਕੋਝੇ ਮਜ਼ਾਕ ਵਰਗੀ ਲੱਗ ਰਹੀ ਸੀ। ਉਹਨਾਂ ਦੀ ਡੀਬੇਟ (Debate) ਜਿਹੀ ਚੱਲ ਪਈ। ਆਖਰ ਦੁਪੱਟਾ ਕਿਸ ਮਸਲੇ ਦਾ ਹੱਲ ਏ। ਕੌਮ, ਔਰਤ, ਤ਼ਾਲਬ-ਇਲਮ, ਅਵਾਮ, ਸਾਰਿਆਂ ਨੂੰ ਤਾਂ ਮਸਲੇ ਦਾ ਸਾਹਮਣਾ ਏ, ਕੁੜੀਆਂ ਦੇ ਸਿਰ ਢੱਕ ਲੈਣ ਨਾਲ ਕਿਹੜਾ ਮਸਲਾ ਹੱਲ ਹੋ ਜਾਊ? ਉਂਝ ਵੀ ਉੱਪਰ ਵਾਲੇ ਤਬਕੇ ਵਿਚ ਤਾਂ ਕੁੜੀਆਂ ਦੁਪੱਟੇ ਨੂੰ ਛੱਡਦੀਆਂ ਜਾ ਰਹੀਆਂ ਸੀ। ਮਿਸਿਜ਼ ਸਮਾਸਟਾ ਦੀ ਆਪਣੀ ਧੀ ਸਲੀਵਲੈਸ (Sleevless) ਮੈਕਸੀ ਪਾਈ ਟੁਰੀ ਫਿਰਦੀ ਸੀ। ਪਰ ਉਹਨੇ ਏਸ ਨਿੱਕੇ ਜਿਹੇ ਮਸਲੇ ਵਿਚ ਦਖਲ ਬਿਲਕੁਲ ਨਾ ਦਿੱਤਾ। ਕੁੜੀਆਂ ਨੇ ਵੀ ਇਕ ਕੰਨ ਸੁਣ ਕੇ ਦੂਜੇ ਤੋਂ ਉਡਾਉਣ ਦੀ ਕੀਤੀ।

ਪਰ ਜਦੋਂ ਬਹੁਤਾ ਜ਼ੋਰ ਪਿਆ ਤਾਂ ਕੁੜੀਆਂ ਨੇ ਪੂਰੇ ਸੌ ਦਸਤਖਤਾਂ ਨਾਲ ਇਕ ਦਰਖਾਸਤ ਪੇਸ਼ ਕਰ ਦਿੱਤੀ। ਉਹਨਾਂ ਮੰਗ ਕੀਤੀ "ਫਰੈਂਚ ਸ਼ੈਫ਼ੂਨ ਦੇ ਦੋ-ਦੋ ਦੁਪੱਟੇ ਫੀ ਸਟੂਡੈਂਟ ਕਾਲਜ ਵਲੋਂ ਮੁਫ਼ਤ ਦਿੱਤੇ ਜਾਣ। ਕਿਉਂ ਜੋ ਮਲਮਲ ਦੇ ਮਾਵਾ ਲੱਗੇ ਦੁਪੱਟੇ ਸਿਰ 'ਤੇ ਟਿਕਦੇ ਨਹੀਂ। ਫਿਰ ਕਿੱਡੇ ਨਾਨ-ਸਮਾਰਟ (Non-Smart) ਲੱਗਦੇ ਨੇ। ਇਹ ਵੀ ਦਰਖਾਸਤ ਕੀਤੀ ਗਈ ਸੀ। ਪਰ ਜਦ ਤਾਈਂ ਕਾਲਜ ਵਿਚ ਮੁਨਾਸਬ ਦੁਪੱਟੇ ਲਿਆ ਕੇ ਨਹੀਂ ਦਿੱਤੇ ਜਾਂਦੇ, ਉਹਨਾਂ ਨੂੰ ਸਿਰ ਢੱਕਣ ਵਾਸਤੇ ਨਾ ਆਖਿਆ ਜਾਵੇ, ਕਿਉਂ ਜੋ ਫਰੈਂਚ ਸ਼ੈਫ਼ੂਨ ਵਰਗਾ ਮਹਿੰਗਾ ਕੱਪੜਾ ਖਰੀਦਣ ਜੋਗੀ ਸਮਰੱਥਾ ਉਹਨਾਂ ਦੇ ਮਾਪਿਆਂ ਕੋਲ ਨਹੀਂ।" ਇਸ ਮਾਮਲੇ ਨੂੰ ਇੱਕ ਤਾਂ ਬਗਾਵਤ ਸਮਝਿਆ ਗਿਆ, ਦੂਜੇ ਗੁਸਤਾਖੀ। ਕਿਉਂ ਜੋ ਸੱਟ ਸਿੱਧੀ ਮਿਸਿਜ਼ ਸਮਾਸਟਾ ਦੇ ਮੁਕੱਦਸ (ਪਵਿੱਤਰ) ਦੁਪੱਟੇ ਨੂੰ ਲੱਗੀ ਸੀ। ਇਹਦਾ ਬਦਲਾ ਉਹਨੇ ਦੋ ਤਰ੍ਹਾਂ ਲਿਆ। ਇਕ ਤਾਂ ਆਪਣੇ ਜਾਸੂਸਾਂ ਰਾਹੀਂ ਪਤਾ ਕਰਕੇ ਲੀਡਰ ਕੁੜੀਆਂ ਦੀਆਂ ਅਸਾਈਨਮੈਂਟਾਂ ਦੇ ਨੰਬਰ ਕੱਟੇ। ਇਮਤਿਹਾਨ ਦੀ ਤਿਆਰੀ ਵਾਸਤੇ ਬਣਾਏ ਗਏ ਉਹ ਸਾਰੇ ਚਾਰਟ ਕੈਂਸਲ ਕਰ ਦਿੱਤੇ ਤੇ ਜਿਹਨਾਂ ਉੱਤੇ ਕੋਈ ਤਸਵੀਰ ਜਾਂ ਸ਼ੈਅ ਬਾਹਰ ਦੀ ਬਣੀ ਹੋਈ ਵਰਤੀ ਗਈ ਸੀ। ਚੀਨ ਦਾ ਫੁੱਲ-ਬੂਟਾ, ਹਿੰਦੁਸਤਾਨ ਦਾ ਬੰਦਾ-ਪਰਿੰਦਾ। ਕੁੜੀਆਂ ਵਿਚਾਰੀਆਂ ਮੁਸ਼ਕਲ ਵਿਚ ਆ ਗਈਆਂ। ਪਰ ਵਿਚਾਰੀ ਮਿਸਿਜ਼ ਸਮਾਸਟਾ ਅਕਲੋਂ ਸਵਾ ਹੀ ਖਾਲੀ ਸੀ, ਉਹਨੇ ਪੰਛੀ ਪਰਿੰਦੇ, ਤਿਤਲੀਆਂ, ਫੁੱਲ ਤੇ ਦਰੱਖਤ ਵੀ ਗੈਰ-ਮੁਲਕੀ ਬਣਾ ਦਿੱਤੇ। "ਹਬੁਲਵਤਨੀ ਕੇ ਮੁਨਾਫ਼ੀ" (ਦੇਸ਼ ਭਗਤੀ ਦੇ ਵਿਰੁੱਧ) ਚਾਰ ਲਫ਼ਜ਼ ਸਾਰਾ ਕੰਮ ਕਰ ਗਏ। ਜਵਾਬੀ ਕਾਰਵਾਈ ਵੀ ਚੱਲਦੀ ਰਹੀ।

ਅਗਲੇ ਦਿਨ ਇੱਕ ਵੱਡਾ ਡਰਾਮਾ ਸਟੂਡੈਂਟਸ ਵੱਲੋਂ ਹੋਣ ਵਾਲਾ ਸੀ। ਸਵੇਰੇ-ਸਵੇਰੇ ਪ੍ਰਭਾਵਤ (ਮਤਾਸਰੀਨ) ਲੋਕਾਂ ਦਾ ਇਕ ਵੱਡਾ ਸਾਰਾ ਗਰੁੱਪ ਆਪਸ ਵਿਚ ਮਤਾ ਪਕਾ ਕੇ ਗੇਟ ਦੇ ਅੱਗੇ ਜਮਾਂ ਹੋ ਗਿਆ ਤਾਂ ਜੋ ਮਿਸਿਜ਼ ਸਮਾਸਟਾ ਦੀ ਲੰਮੀ ਕਾਲੀ ਝੰਡੀ ਵਾਲੀ ਜਾਪਾਨੀ ਕਾਰ ਜਦੋਂ ਅੰਦਰ ਵੜੇ ਤਾਂ ਹੌਲੀ-ਹੌਲੀ ਡਰਾਈ-ਵੇ ਦੇ ਅੱਗੇ ਵਧੇ ਤਾਂ ਉਹਦੀ ਹਾਏ-ਹਾਏ ਕੀਤੀ ਜਾਵੇ।

ਕਾਰ ਹੀ ਨਹੀਂ, ਮਿਸਿਜ਼ ਸਮਾਸਟਾ ਦੇ ਕੱਪੜੇ ਵੀ ਖ਼ਾਸ ਚੀਨੀ/ ਜਾਪਾਨੀ ਸਿਲਕ ਜਾਂ ਸ਼ੈਫੂਨ ਦੇ ਹੁੰਦੇ ਸੀ। ਜੁੱਤੀ ਇੰਗਲਿਸ਼ ਲੈਦਰ (ਚਮੜੇ) ਦਾ ਇੰਗਲੈਂਡ ਮੇਡ ....... ਇਸ ਤਰ੍ਹਾਂ ਜ਼ੇਵਰ, ਟਾਪਸ, ਅੰਗੂਠੀਆਂ, ਪੈਂਡਲ ਸਭ ਹੀਰਿਆਂ ਜੜੇ, ਹੀਰੇ-ਮੋਤੀ ਸਭ ਗੈਰ-ਮੁਲਕੀ ਤੇ ਸਭ ਗਲਤ ਵੀ। ਵਿਦਿਆਰਥਣਾਂ ਕੋਲ ਕੈਂਸਲ ਕਰਨ ਦੀ ਤਾਕਤ ਤੇ ਨਹੀਂ ਸੀ ਪਰ ਹਾਏ-ਹਾਏ ਮੁਰਦਾਬਾਦ ਪੁਕਾਰਨੇ ਦਾ ਪ੍ਰੋਗਰਾਮ ਪੱਕਾ ਸੀ। ਜੋ ਗੱਲ ਕੱਚੀ ਰਹਿ ਗਈ ਉਹ ਸੀ ਪ੍ਰੋਗਰਾਮ ਦੀ ਸੀਕਰੇਸੀ (ਗੁਪਤ ਰੱਖਣਾ)। ਵਿਦਿਆਰਥਣਾਂ ਵਿਚ ਕਈ ਜਾਸੂਸ, ਕਈ ਚਮਚੀਆਂ, ਕਈ ਕਮਜ਼ੋਰੀਆਂ ਸਨ। ਸੋ ਰਾਤ ਨੂੰ ਖ਼ਬਰਾਂ ਨਿਕਲ ਗਈਆਂ-ਕੋਠੀ ਅੱਪੜ ਗਈਆਂ। ਸਵੇਰੇ ਉਹਨਾਂ ਦੀ ਸਵਾਰੀ ਤੋਂ ਪਹਿਲਾਂ ਹੀ ਪੁਲਸ ਦਾ ਦਸਤਾ ਕਾਲਜ ਗੇਟ 'ਤੇ ਆਣ ਖਲੋਤਾ। "ਨੁਕਸੇ ਅਮਨ ਦਾ ਖਤਰਾ" ਇਹੋ ਰੀਪੋਰਟ ਹੋਈ ਸੀ। ਫੇਰ ਜੱਜ ਦੀ ਬੀਵੀ ਹੋਣ ਦੀ ਤਾਕਤ ਵੱਖਰੀ।

ਉਸ ਦਿਨ ਉਹਨੂੰ ਆਪ ਬੜੀ ਮੁਸ਼ਕਿਲ ਹੋਈ ਸੀ। ਮਿਸਿਜ਼ ਸਮਾਸਟਾ ਵਰਗੀ ਔਰਤ ਨਾਲ ਬੜੇ ਸਪੱਸ਼ਟ ਲਹਿਜੇ ਵਿਚ ਗੱਲ ਕਰਨ ਦਾ ਦੁੱਖ ਝੱਲਣਾ ਪਿਆ। ਨਿਮਾਣੀਆਂ ਕੁੜੀਆਂ ਦੀ ਖਾਤਰ, ਗੈਰ-ਮੁਲਕੀ ਕਾਰ, ਕੱਪੜੇ, ਜੇਵਰ, ਜ਼ਿਹਨ ਤੇ ਸੋਚ ਦੇ ਬਾਰੇ ਆਰਾਮ ਨਾਲ ਸਾਰੀ ਗੱਲ ਕਰ ਲੈਣ ਪਿੱਛੋਂ ਉਹਦਾ ਕੰਟਰੋਲ ਵੀ ਜਿਵੇਂ ਟੁੱਟ ਗਿਆ। ਇਕ ਵਾਰੀ ਉਹਨੇ ਸਿੱਧੀ ਗੋਲੀ ਚਲਾ ਦਿੱਤੀ। "ਕੀ ਖਿਆਲ ਏ, ਮੈਡਮ ਤੁਹਾਡਾ, ਮੱਕਾ-ਮਦੀਨਾ ਗੈਰ-ਮੁਲਕੀ ਨਹੀਂ? ਜੇ ਨਹੀਂ ਤਾਂ ਫੇਰ ਉਹ ਚੀਨ-ਵ-ਅਰਬ ਹਮਾਰਾ। ਸਾਰਾ ਜਹਾਂ ਹਮਾਰਾ।" ਆਪਣਾ ਕੀ ਹੈ? ਸਾਰੇ ਨਾਇਕ ਗੈਰ-ਮੁਲਕੀ, ਮਜ਼ਹਬ ਗੈਰ-ਮੁਲਕੀ ਤੇ ਲੀਡਰ ਵੀ ਗੈਰ-ਮੁਲਕੀ। ਗਲੋਬਲਾਈਜੇਸ਼ਨ (ਵਿਸ਼ਵੀਕਰਨ) ਤੇ ਗਿਰਜਾ ਕੱਠੇ ਨਹੀਂ ਚੱਲ ਸਕਦੇ।" ਇਕ ਪਲ ਵਾਸਤੇ ਮਿਸਿਜ਼ ਸਮਾਸਟਾ ਚੱਕਰਾ ਗਈ। ਪੂਰੀ ਗੱਲ ਸਮਝਣ ਵਾਸਤੇ ਉਹ ਪੂਰੀ ਅਕਲ, ਫਿਕਰ ਦੀ ਮਾਲਕ ਨਹੀਂ ਸੀ। ਉਹਦੇ ਹਿਸਾਬ ਨਾਲ ਹਰ ਗੱਲ ਜੋ ਦੂਜੇ ਪਾਸਿਓਂ ਆਉਂਦੀ ਉਹ ਸ਼ਰ-ਪਸੰਦੀ ਜਾਂ ਗੱਦਾਰੀ ਏ। ਨਹੀਂ ਤਾਂ ਇਸਲਾਮ-ਦੁਸ਼ਮਣੀ ਸਮਝੀ ਜਾਂਦੀ। ਉਹਦੀ ਆਪਣੀ ਗੱਲ ਵੀ ਜੇ ਰਤਾ ਕੁ ਵਲਾ ਖਾ ਜਾਂਦੀ ਤਾਂ ਸਮਝ ਨਹੀਂ ਸੀ ਸਕਦੀ, ਹਿਸਾਬ ਦੀ ਪੁਰਾਣੀ ਐੱਮ.ਏ. ਦੋ ਜਮਾਂ ਦੋ ਬਰਾਬਰ ਚਾਰ ਤਾਂ ਸਮਝਦੀ ਸੀ ਪਰ ਜੇ ਕੋਈ 3+1=4 ਕਹੇ ਤਾਂ ਉੱਡ ਜਾਂਦੀ।

ਅਜਿਹੇ ਲੋਕਾਂ ਨੂੰ ਉਹਨੇ ਆਪਣੀ ਡਿਕਸ਼ਨਰੀ (ਕੋਸ਼) ਵਿਚ ਇਕ ਨਾਂ ਦਿੱਤਾ ਹੋਇਆ ਸੀ 'ਨਸਾਬੀ' ਉਹਦੀ ਲੜਾਈ ਵਿਚ ਇਕ ਮੋਰਚਾ ਨਸਾਬੀਆਂ ਦੇ ਖਿਲਾਫ਼ ਵੀ ਲੱਗਾ ਈ ਰਹਿੰਦਾ। ਮਿਸਿਜ਼ ਸਮਾਸਟਾ ਤਾਂ ਇਕ ਆਮ ਜਹੀ ਜ਼ਨਾਨੀ ਸੀ। ਬੱਸ ਦੌਲਤ ਨਾਲ ਹੀ ਵੱਡੀ ਸੀ। ਪਰ ਸੱਜੇ ਹੱਥ (Rightist) ਦੇ ਕਈ ਦਾਨਸ਼ਵਾਰ (ਬੁੱਧੀ ਜੀਵੀ) ਤਾਂ ਬੜੇ ਖਤਰਨਾਕ ਨਸਾਬੀ ਸੀਗੇ। ਇਕ ਵਾਰੀ ਉਹਨੇ ਅਜਿਹੇ ਨਸਾਬੀ ਦਾਨਸ਼ਵਰਾਂ ਦੀਆਂ ਗੱਲਾਂ ਸੁਣ ਲਈਆਂ ਤਾਂ ਉਹਦਾ ਦਿਮਾਗ ਫਟਣ ਵਾਲਾ ਹੋ ਗਿਆ। ਐਡੇ ਜਾਹਲ, ਐਡੇ ਢੀਠ।

ਉਹ ਜ਼ਮਾਨਾ ਵੀ ਬੜੇ ਤਸਾਦਾਂ (ਵਿਰੋਧਾਂ) ਦਾ ਸੀ। ਇਕ ਪਾਸੇ ਖਵਾਬ, ਦੂਜੇ ਪਾਸੇ ਖਿਆਲ। ਕਿਤੇ ਨਵੀਂ ਜ਼ਿੰਦਗੀ ਦੀ ਆਸ, ਕਿਤੇ ਨਵੀਂ ਜ਼ਿੰਦਗੀ ਦਾ ਡਰ। ਕਿਤੇ ਆਈਡੀਅਲ (ਆਦਰਸ਼) ਬਣ ਰਹੇ ਸੀ, ਕਿਤੇ ਟੁੱਟ ਰਹੇ ਸਨ। ਇਕ ਤਬਕਾ ਨਵੇਂ ਦੌਰ ਨੂੰ ਜੀ ਆਇਆਂ ਆਖਣ ਲਈ ਘਰ ਦੀਆਂ ਸਜਾਵਟਾਂ ਕਰ ਰਿਹਾ ਸੀ। ਦੂਜੇ ਉਸੇ ਜ਼ਿੰਦਗੀ ਨੂੰ ਠਾਹ ਕਰਨ ਲਈ ਬੰਦੂਕਾਂ ਤਿਆਰ ਕਰ ਰਿਹਾ ਸੀ, ਪਰ ਇਕ ਵਿਚਕਾਰਲਾ ਵੀ ਸੀ। ਉਹਨੇ ਆਪਣਾ ਚੋਲਾ ਦੋ ਰੰਗਾਂ ਵਿਚ ਰੰਗਾ ਲਿਆ। ਅੱਧਾ ਲਾਲ, ਅੱਧਾ ਹਰਾ। ਅੱਧਾ ਰਾਈਟ, ਅੱਧਾ ਲੈਫਟ। ਉਹ ਦੋਵੇਂ ਮਜ਼ੇ ਲੈਣਾ ਚਾਹੁੰਦੇ ਸੀ। ਉਹਨਾਂ ਆਪਣੇ ਖਾਣੇ ਵਿਚ ਲੂਣ ਵੀ ਪਾ ਲਿਆ। ਮਿੱਠਾ ਵੀ ਰਲਾ ਲਿਆ। ਨਾਂ ਰੱਖ ਲਿਆ 'ਇਸਲਾਮੀ ਸੋਸ਼ਲਿਜ਼ਮ'। ਇਹ ਤੀਸਰੀ ਜਮਾਤ ਵਾਲੇ ਦੋਹਾਂ ਧਿਰਾਂ ਦੇ ਨਾਲ ਵੀ ਰਹੇ ਤੇ ਮੁਖਾਲਿਫ਼ ਵੀ। ਪਰ ਅਸਲ



ਵਿਚ ਉਹ ਸਿਰਫ਼ ਆਪਣੇ ਨਾਲ ਸੀਗੇ। ਉਹਨਾਂ ਦੀ ਹਰ ਗੱਲ ਫੋਕੀ-ਫੋਕੀ ਤਾਂ ਲੱਗਦੀ ਸੀ, ਪਰ ਉਸ ਦਿਨ ਤਾਂ ਉੱਕਾ ਖੋਟੀ ਲੱਗੀ। ਉਹ ਲੋਕੀਂ ਖੇਤੀ ਸੁਧਾਰਾਂ 'ਤੇ ਗੱਲ ਕਰ ਰਹੇ ਸੀ ਤੇ ਬੜੇ ਫ਼ਿਕਰਮੰਦ। ਉਸ ਜ਼ਮੀਨ ਵਾਸਤੇ ਜੋ ਜ਼ਮੀਨਦਾਰਾਂ ਕੋਲੋਂ ਲੈ ਕੇ ਮੁਜ਼ਾਰਿਆਂ ਨੂੰ ਦਿੱਤੀ ਜਾਣੀ ਸੀ। ਉਹਨਾਂ ਦੀਆਂ ਫ਼ਿਕਰਾਂ ਫੀਊਡਲਾਂ ਵਾਸਤੇ ਨੇ। "ਪੰਜਾਬ ਕਾ ਜ਼ਿਆਦਾ ਨੁਕਸਾਨ ਹੋਗਾ।" ਉਹਨਾਂ ਸਿੱਟਾ ਕੱਢਿਆ ਮਤਲਬ ਏਥੇ ਜ਼ਿਆਦਾ ਜ਼ਮੀਨ ਮੁਜ਼ਾਰੇ ਨੂੰ ਜਾਵੇਗੀ। ਉਹਨੇ ਗੁੱਸੇ ਨਾਲ ਭਰਿਆ ਕਾਲਮ ਲਿਖਿਆ।

"ਕਿਹਦਾ ਨਾਂ ਪੰਜਾਬ?"

"ਪੰਜਾਬ ਕਿਹਨੂੰ ਕਹਿੰਦੇ ਓ.........ਫੀਊਡਲ ਦਾ ਨਾਂ ਪੰਜਾਬ ਏ ਜਾਂ ਹਲ-ਵਾਹੇ ਦਾ। ਮਿੱਲ ਵਾਲੇ ਦਾ ਜਾਂ ਮਜ਼ਦੂਰੀ ਵਾਲੇ ਦਾ।" ਉਸ ਦਿਨ ਤੋਂ ਉਹਦੇ ਲਈ ਇਕ ਹੋਰ ਮੁਸ਼ਕਿਲ ਮੋਰਚਾ ਖੁੱਲ੍ਹ ਗ੍ਰਿਆ। "ਬਗਲ ਵਿਚ ਛੁਰੀ, ਮੂੰਹ ਵਿਚ ਰਾਮ-ਰਾਮ" ਵਾਲਿਆਂ ਨਾਲ ਲੜਨਾ ਹੋਰ ਵੀ ਮੁਸ਼ਕਲ ਸੀ।

ਖੌਰੇ ਏਸੇ ਕਰਕੇ ਨਵੀਂ ਸਵੇਰ ਦੇ ਸੂਰਜ ਨੂੰ ਗ੍ਰਹਿਣ ਲੱਗ ਗਿਆ। ਫੌਜਾਂ ਨੇ ਢਾਕੇ 'ਤੇ ਚੜ੍ਹਾਈ ਕਰ ਦਿੱਤੀ- ਬੇਨਸੀਬੀ ਦਾ ਸਾਲ ਚੜ੍ਹਿਆ। ਲਹੂ ਦੇ ਛਿੱਟੇ ਉਡਾ ਕੇ ਢਲ ਗਿਆ। ਸੋਚਾਂ ਦੇ ਫਾਸਲੇ ਵਧ ਗਏ। ਢਾਕਾ ਢਹਿ ਪਿਆ। ਬੰਗਲਾ ਦੇਸ਼ ਬਣਿਆ। ਇੱਕ ਪਾਸੇ ਲੋਕੀਂ ਕਹਿੰਦੇ, ਠੀਕ ਏ ਜੋ ਹੋਇਆ, ਉਹੀ ਹੋਣਾ ਚਾਹੀਦਾ ਸੀ। ਦੂਜੇ ਪਾਸੇ ਵਾਲੇ ਆਪਣੀ ਉਧੇੜ ਬੁਣ ਕਰਦੇ। ਇੰਝ ਨਾ ਹੁੰਦਾ ਤਾਂ ਕਿੰਝ ਹੁੰਦਾ, ਵਿਚੋਂ ਕਈ ਫੌਜਾਂ ਦੀ ਹਾਰ ਉੱਤੇ ਘਿਓ ਦੇ ਦੀਵੇ ਬਾਲਦੇ, ਲੱਡੂ ਵੰਡਦੇ ਰਹੇ। ਉਹਦੇ ਹਿਸਾਬ ਨਾਲ ਇਨਕਲਾਬ ਦਾ ਬੱਚਾ ਮਰ ਗਿਆ ਸੀ। ਕਿਉਂ ਜੋ ਫੌਜ ਨੇ ਬੇਹਿਸਾਬ ਬੰਦੇ ਗੋਲੀਆਂ ਮਾਰ ਕੇ ਮਾਰ ਦਿੱਤੇ ਸਨ।

ਮਿਸਿਜ਼ ਸਮਾਸਟਾ ਦੇ ਖ਼ਿਆਲ ਵਿਚ ਇਹ ਸਭ ਕੁਝ ਤਖਰੀਬਕਾਰਾਂ ਦਾ ਕੀਤਾ ਧਰੋਹ ਸੀ। ਉਹੋ ਜੋ ਉਹਨਾਂ ਦੀਆਂ ਜ਼ਮੀਨਾਂ ਖੋਹ ਲੈਣਾ ਚਾਹੁੰਦੇ ਸੀ। "ਫੌਜ ਨੇ ਬੜਾ ਚੰਗਾਂ ਕੀਤਾ। ਏਧਰ ਵੀ ਏਸ ਤਰ੍ਹਾਂ ਹੋਣਾ ਚਾਹੀਦਾ।" ਮੈਡਮ ਦੀ ਏਸ ਗੱਲ ਦਾ ਜਵਾਬ ਉਹਦੇ ਅੰਦਰ ਤੜਪ ਕੇ ਰਹਿ ਗਿਆ। ਉਹ ਕਹਿਣਾ ਚਾਹੁੰਦੀ ਸੀ "ਆਹੋ ਕਰੋ, ਏਧਰ ਵੀ ਏਸੇ ਤਰ੍ਹਾਂ ਕਰਾਚੀ, ਲਾਹੌਰ, ਪਿਸ਼ਾਵਰ, ਕੋਇਟਾ ਸਭਨਾਂ ਨਾਲ ਕਰਵਾ ਦਿਓ। ਮਾਰ ਛੱਡੋ ਸਾਰੇ ਅਕਲ ਫ਼ਿਕਰ ਵਾਲਿਆਂ ਨੂੰ।"

ਜ਼ਾਤੀ ਤੌਰ 'ਤੇ ਉਹਨੂੰ ਹਿਰਖ ਸੀ। ਢਾਕੇ ਦੇ ਨਾਲ ਰਿਸ਼ਤਾ ਟੁੱਟ ਗਿਆ। ਹੁਣ ਫਰੀਦਾ ਜਿਹੀਆਂ ਆਮ ਵਰਗੀਆਂ ਕੁੜੀਆਂ ਕਿੱਥੇ ਦਿਸਣੀਆਂ। ਮਾਰਕਸਿਸਟ ਹਿਸਾਬ ਨਾਲ ਉਹ ਨੁਕਸਾਨ ਭਾਰਾ ਸੀ। ਲੋਕ ਮਾਰੇ ਗਏ। ਲੋਕੀਂ ਵੰਡੇ ਗਏ "ਪਾੜੋ ਤੇ ਰਾਜ ਕਰੋ।" ਇਕ ਵਾਰ ਫੇਰ, ਬੜਾ ਜ਼ੋਰਦਾਰ ਪੈਂਫਲਿਟ ਨਿਕਲਿਆ "ਕੀ ਕਰਾਂਤੀਕਾਰੀ ਸੁਧਾਰਾਂ ਦਾ ਰਾਹ ਰੋਕਣ ਲਈ ਅਵਾਮ ਦੀ ਪਾਰਟੀ ਨੂੰ ਗੱਦੀ ਤੋਂ ਦੂਰ ਰੱਖਣਾ ਚਾਹੁੰਦੇ ਸੀ।" ਪਰ ਬਿੱਲੀ ਦੇ ਭਾਗੀਂ, ਛਿੱਕਾ ਟੁੱਟ ਗਿਆ। ਹੁਣ ਸਾਰਾ ਦੁੱਧ ਬਾਘੜ ਬਿੱਲੇ ਨੇ ਪੀ ਜਾਣਾ। ਸਾਮਰਾਜ ਦੀ ਜਿੱਤ ਹੋ ਗਈ।

ਫਿਰ ਚਾਰ ਦਿਨਾਂ ਬਾਅਦ ਜਦੋਂ ਭੁੱਟੋ ਦਾ ਜਹਾਜ਼ ਇਸਲਾਮਾਬਾਦ ਉਤਰਿਆ ਤਾਂ ਦੋਹਵਾਂ ਪਾਸਿਆਂ ਦੇ ਮੂਡ ਬਦਲ ਗਏ। ਮਿਸਿਜ਼ ਸਮਾਸਟਾ ਦੀ ਖੁਸ਼ਕੀ ਮਾੜੀ ਜਹੀ ਘਟ ਗਈ। ਦੂਜੇ ਪਾਸੇ ਆਸ ਦੀ ਇਕ ਰੁਮਕ ਜਾਗ ਪਈ। ਜੇ ਰੋਟੀ, ਕੱਪੜਾ ਤੇ ਮਕਾਨ ਦਾ ਵਾਅਦਾ ਕਰਨ ਵਾਲੀ ਪਾਰਟੀ ਨੇ ਹਕੂਮਤ ਬਣਾ ਲਈ ਤਾਂ ਵੀ ਅੱਧਾ-ਪਚੱਧਾ ਇਨਕਲਾਬ ਤਾਂ ਆ ਹੀ ਜਾਊ। "ਚਾਰ ਸਿਆੜ ਵਾਹੁਣ ਲਈ, ਚੱਪਾ ਧਰਤੀ ਝੱਗੇ ਲਈ।" "ਜਿਹੜਾ ਵਾਹਵੇ, ਉਹੋ ਖਾਵੇ।" ਦਾ ਨਾਹਰਾ ਉੱਚਾ ਉੱਠ ਗਿਆ। ਵੱਡੀਆਂ ਕੋਠੀਆਂ ਹਟਾਓ, ਨਿੱਕੇ ਮਕਾਨ ਬਣਾਓ। ਹਰ ਕੋਠੀ ਅੰਦਰ ਕਈ ਮਕਾਨ ਕੈਦੀ ਨੇ। ਕੈਦੀ ਛੁਡਾਓ। ਉਹਦਾ ਆਪਣਾ ਨਿੱਕਾ ਜਿਹਾ ਮਕਾਨ ਤਾਂ ਮਿਸਿਜ਼ ਸਮਾਸਟਾ ਦੀ ਨਹਿਰ ਵਾਲੀ ਕੋਠੀ ਅੰਦਰ

ਬੰਦ ਏ। ਅਜੀਬ ਗੱਲ ਏ ਨਾ। ਉਹਨੇ ਜਿਵੇਂ ਆਪਣੇ ਖਿਆਲਾਂ ਨਾਲ ਗੱਲ ਕੀਤੀ। ਮਕਾਨ ਵੀ ਕੈਦੀ ਹੁੰਦੇ ਨੇ। ਭੋਏਂ ਵੀ ਗੁਲਾਮ ਹੁੰਦੀ ਏ। ਗੁਲਾਮੀ ਦਾ ਦਾਇਰਾ ਕਿੰਨਾ ਫੈਲ ਗਿਆ। ਜ਼ਮੀਨ ਤੰਗ ਹੋ ਗਈ, ਬੰਦਾ ਉਹਦੇ ਹੱਕ ਹਿੱਸੇ, ਉਹਦੀ ਅਵਾਜ਼ ਸੋਚ, ਲਫ਼ਜ਼ ਵੀ ਬੰਦੀ ਬਣਾ ਲਏ ਗਏ। ਆਜ਼ਾਦੀ ਵਾਸਤੇ ਤਹਿਰੀਕ (ਲਹਿਰ) ਕਿੱਡੀ ਜ਼ਰੂਰੀ ਏ। ਉਹ ਆਪਣੇ-ਆਪ ਨਾਲ ਗੱਲੀਂ ਲੱਗੀ ਰਹੀ। ਵੇਖ ਨਾ, ਤਹਿਰੀਕ ਨਾਲ ਕੁਝ ਲਫ਼ਜ਼ ਆਜ਼ਾਦ ਹੋਏ, ਲੋਕਾਂ ਦੇ ਬੁੱਲ੍ਹ ਆਜ਼ਾਦ ਹੋਏ। "ਬੋਲ ਕਿ ਲਬ ਆਜ਼ਾਦ ਹੈਂ ਤੇਰੇ।" ਉਹਦੇ ਅੰਦਰ ਪੁਰਾਣਾ ਗੀਤ ਛਿੜ ਗਿਆ। ਨਵੇਂ ਸੁਧਾਰ, ਕੁਝ ਹੱਥ, ਕੁਝ ਮਕਾਨ, ਕੁਝ ਖੇਤ ਆਜ਼ਾਦ ਕਰਨਗੀਆਂ। ਓ ਜ਼ਰੂਰ ਜ਼ਰੂਰ। ਉਹਦੇ ਅੰਦਰ ਇੱਕ ਤਰੰਗ ਜਿਹੀ ਜਾਗੀ।

ਦੂਜੇ ਪਾਸੇ ਵੀ ਬੜਾ ਕੁਝ ਹੋ ਰਿਹਾ ਸੀ। ਮਿਸਿਜ਼ ਸਮਾਸਟਾ ਦੇ ਤਬਕੇ ਵਿਚ ਨਾਬਾਲਗਾਂ ਦੇ ਵੀ ਵਿਆਹ ਰਚ ਰਹੇ ਸਨ। ਘੋੜਿਆਂ, ਕੁੱਤਿਆਂ, ਤੋਤਿਆਂ ਦੇ ਨਾਂ ਮੁਰੱਬੇ ਲੱਗ ਰਹੇ ਸਨ। ਗੱਲ ਨਿਕਲ ਗਈ ਸੀ। ਜ਼ਮੀਨ ਦੀ ਹੱਦ ਛੇ ਮੁਰੱਬੇ ਹੁੰਦੀ। ਵੀਹ ਬਰਾਨੀ, ਦਸ ਚਾਹੀ ਹੋਵੇਗੀ। ਹੁਣ ਉਹ ਕੀ ਕਰਨ ਜਿਹਨਾਂ ਦੀ ਮਲਕੀਅਤ ਦੀਆਂ ਹੱਦਾਂ ਹਜ਼ਾਰਾਂ ਨੂੰ ਟੱਪ ਗਈਆਂ ਹੋਈਆਂ ਸੀ। ਉਹ ਘੋੜਿਆਂ, ਤੋਤਿਆਂ ਦੇ ਨਾਂ ਮੁਰੱਬੇ ਲਵਾ ਰਹੇ ਸਨ। ਰਾਤ ਨੂੰ ਮੁੰਡਾ ਵਿਆਹ ਕੇ ਸਵੇਰੇ ਉਹਦੇ ਛੇ ਬੱਚਿਆਂ ਦੇ ਨਾਂ ਮੁਰੱਬੇ ਲਵਾ ਰਹੇ ਸੀ। ਜ਼ਮੀਨ ਬਚਾ ਲੈਣ, ਜ਼ਮੀਨ ਛੁਡਾ ਲੈਣ ਦੀ ਜੱਦੋ-ਜਹਿਦ ਨਾਲੋ-ਨਾਲ ਮੁਜ਼ਾਰੇ, ਹਾਰੀ ਵੀ ਆਪਣੇ ਹਲ ਹੇਠ ਦੀ ਜ਼ਮੀਨ ਨੂੰ ਆਪਣਾ ਹੀ ਸਮਝ ਬੈਠੇ।

ਉਹੋ ਜ਼ਮਾਨਾ ਜਦੋਂ ਖਦੀਜਾ ਗੌਹਰ ਆਪਣੇ ਨਾਵਲ 'ਆਨੇ ਵਾਲੇ ਮੌਸਮੋਂ ਕੀ ਫਸਲ' ਦਾ ਵਿਚਕਾਰਲਾ ਚੈਪਟਰ ਲਿਖ ਰਹੀ ਸੀ। ਉਹ ਨਾਵਲ ਚੱਲਦਾ ਰਹਿੰਦਾ ਏ। ਜੇ ਆਵਣ ਵਾਲੇ ਮੌਸਮਾਂ ਦੀਆਂ ਫਸਲਾਂ ਪੱਕ ਜਾਂਦੀਆਂ, ਘਰ ਆ ਜਾਦੀਆਂ, ਪਰ ਨਹੀਂ, ਆਵਣ ਵਾਲੇ ਮੌਸਮਾਂ ਦੀਆਂ ਫਸਲਾਂ ਤਾਂ ਖੇਤਾਂ ਵਿਚ ਕੱਚੀਆਂ ਈ ਲੁੱਟੀਆਂ ਗਈਆਂ। ਮਜ਼ਦੂਰ ਪਾਰਟੀ ਨੂੰ ਫਿਊਡਲ ਸੰਨ੍ਹ ਲੱਗ ਗਈ। ਖੱਬੇ ਹੱਥ ਨੂੰ ਸੱਜੇ ਨੇ ਦਬੋਚ ਲਿਆ। ਉਹਨਾਂ ਮੁੜ ਕੇ ਆਪਣੇ ਮੋਰਚੇ ਪੱਕੇ ਕਰ ਲਏ। ਫੌਜ ਫਿਊਡਲ, ਬਿਊਰੋਕੇਟ ਨੇ ਮਜ਼ਹਬੀ ਸਿਆਸਤ ਦੇ ਨਾਲ ਗੱਠ-ਜੋੜ ਕਰ ਕੇ ਆਪਣੀ ਤਾਕਤ, ਬਚਾਅ ਅਤੇ ਹਮਲੇ ਦੀ ਤਿਆਰੀ ਪੂਰੀ ਕਰ ਲਈ ਤਾਂ ਉਹਨੂੰ ਲੱਗਾ ਬੁੱਲਡੋਜ਼ਰ ਆ ਗਿਆ। ਹੌਲੀ-ਹੌਲੀ ਅੱਗੇ ਵਧ ਰਿਹਾ ਏ। ਆਸ ਦੇ ਝੌਂਪੜੇਂ ਡੋਲਣ ਲੱਗੇ। ਛੇਕੜ ਕੀ ਨਾ ਹੋਇਆ, ਇੱਕ-ਇੱਕ ਕਰ ਕੇ ਸਦਮੇਂ ਆਏ ਤਾਂ ਉਹਨੇ ਸੋਚਿਆ। ਸਭ ਕੁਝ ਇਕੋ ਵਾਰੀ ਹੋ ਜਾਂਦਾ ਏ। ਕਿਸੇ ਵੱਡੇ ਭੂਚਾਲ ਵਾਂਗ ਤਾਂ ਠੀਕ ਰਹਿੰਦਾ 'ਚੱਕ ਚਾਕਰਾਂ' ਦੇ ਮੁਜ਼ਾਰਿਆਂ ਦੀ ਖੇਤ ਤੋਂ ਫਸਲ ਚੁਕਵਾਉਣ ਲਈ ਜ਼ਿੰਮੀਦਾਰਾਂ ਦੀ ਪੁਲਿਸ ਨੇ ਮੱਦਦ ਕੀਤੀ। ਮਜ਼ਦੂਰ ਬਸਤੀ ਉੱਤੇ ਕਰੈਕ-ਡਾਊਨ (ਹਮਲਾ) ਹੋਇਆ। ਸੇਠ ਤੇ ਸੈਕਟਰੀ ਦੀ ਦੋਸਤੀ ਨੇ ਪੂਰੀ ਤਾਕਤ ਪੇਸ਼ ਕੀਤੀ। ਉਹਨਾਂ ਦਿਨਾਂ ਵਿਚ ਹੁਸੈਨ ਨੱਕੀ ਨੇ ਲਿਖਿਆ, "ਯਿਹ ਤੋ ਹੋਨਾ ਹੀ ਥਾ।" ਲਾਹੌਰ ਜਿਮਖਾਨਾ ਵਿਚ ਅੱਜ ਕੱਲ੍ਹ ਚਾਰੇ ਯਾਰ ਇਕੱਠੇ ਖੇਡਦੇ ਤੇ ਪੀਂਦੇ ਨੇ। ਪਾਰਟੀ ਵਾਲਾ, ਜ਼ਮੀਨ ਵਾਲਾ, ਜ਼ਰ ਵਾਲਾ ਤੇ ਪੁਲਸ ਵਾਲਾ। ਉਹਨਾਂ ਦੀ ਖੇਡ ਸਿਰਫ ਜੂਆ ਨਹੀਂ ਸੀ ਨਾ ਉਹਨਾਂ ਦੇ ਜਾਮ ਨਿਰੀ ਸ਼ਰਾਬ ਨਾਲ ਭਰੇ ਸੀ। ਜੂਆ ਤਾਂ ਰਿਸ਼ਵਤ ਦੇਣ ਲੈਣ ਦਾ ਇੱਕ ਢੰਗ ਦੇਣ ਵਾਲਾ ਹਾਰੀ ਜਾਂਦਾ, ਲੈਣ ਵਾਲਾ ਜਿੱਤੀ ਜਾਂਦਾ। ਸ਼ਰਾਬ ਦੇ ਨਸ਼ੇ ਵਿਚ ਇਕਤਦਾਰ (ਰਸੂਖ) ਦਾ ਨਸ਼ਾ ਰਲ ਜਾਦਾ ਤੇ ਬਿਊਰੋਕਰੇਟ ਦੇ ਸਿਰ ਨੂੰ ਚੜ੍ਹ ਜਾਂਦਾ।

ਤੇ ਫਿਰ ਮਿਸਿਜ਼ ਸਮਾਸਟਾ ਦੇ ਪਤੀ ਦੀ ਬੜੀ ਚੀਫ਼ ਕਿਸਮ ਦੀ ਤਰੱਕੀ ਹੋਈ। ਉਹ ਵੀ ਆਊਟ-ਆਫ-ਟਰਨ ਹੋਈ। ਉਹਨਾਂ ਦੀ ਕਾਰ ਦਾ ਸਾਈਜ਼ ਤੇ ਚਮਕ ਦੁੱਗਣੀ ਹੋ ਗਈ। ਹੁਣ ਮਿਸਿਜ਼ ਸਮਾਸਟਾ ਦੇ ਚਿਹਰੇ ਦਾ ਰੰਗ ਤਰਬੂਜ਼ ਤੋਂ ਬਦਲ ਕੇ ਪੱਕੇ ਟਮਾਟਰ ਵਰਗਾ ਹੋ ਗਿਆ। ਹੁਣ ਉਹ ਅੱਪਰ ਮਾਲ ਦੀ ਸਰਕਾਰੀ ਕੋਠੀ ਵਿਚ ਸ਼ਿਫਟ ਹੋ ਗਈ ਤੇ ਆਪਣੀ ਨਹਿਰ ਵਾਲੀ ਕੋਠੀ ਉਹਨਾਂ ਕਿਰਾਏ ਉੱਤੇ ਦੇ ਦਿੱਤੀ। ਉੱਥੇ ਕਿਸੇ ਮੁਲਕ ਦੇ



ਕੌਂਸਲ ਜਨਰਲ ਦਾ ਦਫ਼ਤਰ ਖੁੱਲ ਗਿਆ। ਇਕ ਦਿਨ ਉਹ ਉੱਥੋਂ ਲੰਘੀ ਤਾਂ ਵੇਖਿਆ ਐਨ ਉਸੇ ਥਾਂ ਜਿੱਥੇ ਉਹਨੇ ਆਪਣੀ ਕਾਟੇਜ ਦੀ ਫੁਲਵਾੜੀ ਪਲੈਨ ਕੀਤੀ ਸੀ। ਗਾਰਡ ਰੂਮ ਬਣ ਚੁੱਕਾ ਸੀ, ਵਰਦੀ ਬੰਦੂਕ ਵਾਲਾ ਖੜਾ ਪਹਿਰਾ ਦੇ ਰਿਹਾ ਸੀ। "ਫਿੱਟੇ ਮੂੰਹ ਤੁਹਾਡਾ।" ਉਹਨੇ ਧੀਰੇ ਕੀਹਨੂੰ ਫਿਟਕਾਰ ਪਾਈ। ਸਾਡੇ ਖਵਾਬਾਂ ਦੀ ਥਾਂ ਵੀ ਬੰਦੂਕ-ਵਰਦੀ ਆ ਗਏ। ਖਵਾਬਾਂ ਦੀ ਕਹਾਣੀ ਆਪਣੇ ਬੁਰੇ ਅੰਜਾਮ (ਅੰਤ) ਵੱਲ ਮੋੜ ਕੱਟ ਰਹੀ ਸੀ। ਉਹਨੂੰ ਪਤਾ ਪਿੱਛੋਂ ਲੱਗਾ। ਜਦੋਂ ਪਾਰਟੀ ਹਾਈਜੈਕ (ਕਬਜ਼ਾ) ਹੋ ਗਈ। ਚਾਰ ਦਿਨ ਪਿਛੋਂ ਅਵਾਮੀ ਜਮਹੂਰੀਅਤ ਉੱਤੇ ਬਿਊਰੋਕਰੇਸੀ (ਅਫ਼ਸਰ ਸ਼ਾਹੀ) ਦਾ ਕਬਜ਼ਾ ਹੋ ਗਿਆ। ਫੌਜ ਦੀ ਹੁਰਮਤ (ਇੱਜ਼ਤ) ਬਹਾਲ ਹੋਣ ਲੱਗੀ। ਪਾਰਟੀ ਦੇ ਕਾਰਕੁਨ ਬੇਆਸ ਹੋ ਗਏ। ਅੰਦਰੋਂ ਜ਼ਖ਼ਮੀ ਵੀ ਹੋਏ। ਕਿਉਂ ਜੋ ਉਹਨਾਂ ਦੇ ਮੁਖ਼ਾਲਫ ਕਾਰ-ਮੁਖ਼ਤਾਰ ਹੋ ਗਏ ਹੋਏ ਸੀ।

ਮਿਸਿਜ਼ ਸਮਾਸਟਾ ਦੀ ਚੜ੍ਹ ਮੱਚ ਗਈ ਹੋਈ ਸੀ। ਉਹਦੇ ਕੋਲ ਜਿਵੇਂ ਲੂਣ ਦੀ ਬੋਰੀ ਆ ਗਈ। ਗੱਲ-ਗੱਲ 'ਤੇ ਮੁੱਠੀ ਭਰ ਕੇ ਉਹਦੇ ਜ਼ਖ਼ਮਾਂ 'ਤੇ ਧੂੜ ਦਿੰਦੀ। ਉਹ ਜ਼ਖ਼ਮ ਜੋ ਆਪਣਿਆਂ ਦੀ ਗੱਦਾਰੀ ਨੇ ਲਾਏ ਸੀ। "ਤੁਮਾਰੀ ਹਕੂਮਤ, ਤੁਮਾਰੀ ਪਾਰਟੀ" ਕੇਹੀ ਤੋਹਮਤ! ਕਾਲਜ ਦੇ ਨੌਕਰ, ਕਲਾਸ ਫੋਰਥ ਵਾਲੇ ਸਾਰੇ ਈ ਬੇਆਸ ਹੋ ਗਏ। ਉਹਨਾਂ ਨੂੰ ਲੱਭਾ ਕੁਝ ਵੀ ਨਾ। ਪਰ ਤੰਗੀ ਹੋਰ ਵਧ ਗਈ, ਸਖ਼ਤੀ ਵਧ ਗਈ। ਹੁਣ ਤਾਂ ਉਹ ਬੇਨਤੀ ਕਰਨ ਜੋਗੇ ਵੀ ਨਾ ਰਹੇ। ਉਹਨਾਂ ਦੇ ਖਿਲਾਫ਼ ਰਿਪੋਰਟਾਂ ਹੋਣ ਲੱਗ ਪਈਆਂ। ਉਹਦੀ ਆਪਣੀ ਰਿਪੋਰਟ ਗਲਤ ਹੋ ਗਈ। ਹੁਣ ਵੀ ਉਸੇ ਤਰ੍ਹਾਂ ਤਖ਼ਰੀਬਕਾਰਾਂ (ਭੰਨ-ਤੋੜ ਕਰਨ ਵਾਲੇ) ਦੀ ਸਾਖੀ ਲਿਖੀ ਗਈ। ਅੱਜ ਉਹ ਆਪਣੀਆਂ ਸ਼ਾਗਿਰਦਾਂ ਨੂੰ ਅੱਖ ਮਿਲਾਉਂਦਿਆਂ ਝਕਦੀ। ਪਈ ਹਕੂਮਤ ਆਉਂਦੇ ਵਾਪਸ ਆਪਣੇ ਸ਼ਹਿਰ ਆ ਜਾਵੇਗੀ। ਪਰ ਨਹੀਂ। ਉਹਦਾ ਸੁਫਨਾ ਵੀ ਟੁੱਟ ਗਿਆ ਹੋਇਆ ਸੀ। ਇੱਕ ਦਿਨ ਮਿਲੀ ਤਾਂ ਆਖਣ ਲੱਗੀ, "ਏਸ ਤੋਂ ਚੰਗੇ ਦਿਨ ਤਾਂ ਉਹੋ ਸੀ ਜਦ ਆਪਣੀ ਪਾਰਟੀ ਦੀ ਹਕੂਮਤ ਨਹੀਂ ਸੀ ਬਣੀ। ਹਕੂਮਤ ਬਣਾ ਕੇ ਪਾਰਟੀ ਸੋਤੇਲੀ (ਮਤਰੇਈ) ਮਾਂ ਬਣ ਗਈ। ਲੋਕਾਂ ਦੀ ਜੱਦੋ-ਜਹਿਦ ਰਾਏਗਾਂ (ਅਜਾਈਂ) ਗਈ। ਵਰਕਰ ਰੁਲ ਗਏ। ਦੋ-ਧਾਰੀ ਤਲਵਾਰ ਨਾਲ ਪਾਰਟੀ ਨੂੰ ਵੱਢ ਰਹੇ ਸੀ। ਦੋਵੇਂ ਰਲ ਕੇ, ਹਕੂਮਤ ਦੇ 'ਗੁਰਗੇ' ਤੇ ਖੋਟੇ ਲੀਡਰ।

ਨੁਕਸਾਨ ਲੋਕਾਂ ਦਾ ਹੋਇਆ, ਪਰ ਦਿਲਾਂ ਦਾ ਹਾਲ ਕੁਝ ਨਾ ਪੁੱਛੋ, ਚਾਰ ਸਾਲ ਲੰਘ ਗਏ। ਅੱਗੇ ਜੋ ਕੁਝ ਹੋਇਆ, ਉਹਨੇ ਤਨ ਮਨ ਵਿਚ ਤਲਖ਼ੀ ਭਰ ਦਿੱਤੀ। ਪਹਿਲੀ ਤਲਖ਼ੀ ਦਾ ਘੁੱਟ ਉਹਨੂੰ ਉਸ ਦਿਨ ਭਰਨਾ ਪਿਆ ਜਦੋਂ ਉਹਦੀ ਕਿਤਾਬ ਜ਼ਬਤ ਹੋਈ। ਪੁਲਸ ਉਹਦੇ ਪਿੱਛੇ ਲੱਗੀ। ਉਹ ਕਿਤਾਬ ਫੌਜੀ ਰਾਜ ਦੇ ਜ਼ੁਲਮ ਉੱਤੇ ਬੋਲਦੀ ਸੀ। ਪਰ ਉਹਨੂੰ ਜ਼ਬਤ ਕਰਨ ਵਾਲੇ ਲੋਕ ਰਾਜ ਦੇ ਹਾਕਮ ਬਣੇ। ਉਹਨੂੰ ਪਤਾ ਨਹੀਂ ਸੀ ਇਹ ਕਿਉਂ ਹੋਇਆ ਤੇ ਕਿੰਝ ਹੋਇਆ? ਰਿਪੋਰਟਾਂ ਕਰਨ ਵਾਲੇ ਉਹੋ ਪੁਰਾਣੇ ਬਿਊਰੋਕਰੇਟਸ, ਉਹੀ ਪੁਰਾਣੇ। ਨਵਾਂ ਕੀ ਸੀ? ਉਹ ਜਮਹੂਰੀਅਤ ਦਾ ਲੀਡਰ ਅੰਨ੍ਹੇ ਗੂੰਗੇ ਮਹੱਲ ਵਿਚ ਹੁਕਮ ਕੁਰਸੀ 'ਤੇ ਜਾ ਬੈਠਾ। ਉਹੋ ਥਾਂ ਜਿੱਥੇ ਉਹਨੇ ਆਪ ਵੀ ਗ੍ਰਿਫਤਾਰ ਹੋਣਾ ਸੀ। ..........
ਫੇਰ ਉਹ ਦਿਨ ਵੀ ਆ ਗਿਆ। ਦਿਨ ਨਹੀਂ ਉਹ ਤਾਂ ਹਨੇਰੀ ਰਾਤ ਸੀ ਜਦੋਂ ਉਹਦੇ ਮਹੱਲ ਅੰਦਰ ਬੰਦੂਕਾਂ ਵਾਲੇ ਆਣ ਵੜੇ। ਉਹਨੂੰ ਫੜ ਕੇ ਬੰਦੀ ਖਾਨੇ ਲੈ ਗਏ। ਸਾਰੇ ਮੁਲਕ ਵਿਚ ਭੈਅ ਨਾਲ ਭਰਿਆ ਹਨ੍ਹੇਰਾ ਛਾ ਗਿਆ। ਪਰ ਮਿਸਿਜ਼ ਸਮਾਸਟਾ ਦੇ ਮੁੱਖ 'ਤੇ ਧੌਰੇ ਕਿੰਨੀਆਂ ਬੱਤੀਆਂ ਜਗ ਪਈਆਂ। ਖੁਸ਼ੀ ਦੀਆਂ ਕੋਈ ਲਹਿਰਾਂ ਸੀ। ਉਹਨੇ ਕਾਲਜ ਵਿਚ ਵੀ ਮੀਲਾਦ (ਜਨਮ ਦਿਵਸ) ਕਰਵਾਇਆ। ਸ਼ੁਕਰਾਨੇ ਦੇ ਲਫਜ਼ (ਬੰਦਗੀ) ਤਾਂ ਸਾਰਾ ਸਰਮਾਇਆਦਾਰ ਤਬਕਾ ਪੜ੍ਹ ਰਿਹਾ ਸੀ। ਉਹਨਾਂ ਦਾ ਕੀ ਕੁਝ ਬਚ ਗਿਆ, ਕੀ ਕੁਝ ਹੋਰ ਮਿਲ ਗਿਆ, ਜ਼ਮੀਨਾਂ, ਕੋਠੀਆਂ, ਕੁਰਸੀਆਂ ਤੇ ਇੱਜ਼ਤ ਵੀ ਵਧ ਗਈ। ਕਿਉਂ ਜੋ ਉਹਨਾਂ ਮੂਜਬ ਗਰੀਬ ਦੀ ਇੱਜ਼ਤ ਹੋਵੇ ਤਾਂ ਅਮੀਰ ਦੀ ਬੇਇੱਜ਼ਤੀ ਹੁੰਦੀ ਏ। ਮਿਸਿਜ਼ ਸਮਾਸਟਾ ਤਾਂ ਸਾਫ਼ ਈ ਕਹਿੰਦੀ ਸੀ। "ਲੋਕ-ਰਾਜ ਨੂੰ ਸਾੜ ਫੂਕ ਦੇਣਾ ਚਾਹੀਦਾ।

ਇਹਨੇ ਸਾਰੇ ਚੂਹੜੇ-ਚਮਾਰ ਸਾਡੇ ਸਿਰ 'ਤੇ ਚੜ੍ਹਾ ਦਿੱਤੇ।"

ਮਿੱਟੀ ਨਾਲ ਜੁੜੇ ਲੋਕਾਂ ਨੂੰ ਉਹ ਮੋਰੀ ਦੀ ਮਿੱਟੀ ਕਹਿੰਦੀ। ਵੱਡੀ ਬੇਗਮ ਦੀ ਗੱਲ ਵੀ ਠੀਕ ਈ ਸੀ। ਲੋਕ-ਲਹਿਰ ਨਾਲ ਏਨਾ ਤਾਂ ਹੋਇਆ ਸੀ ਪਈ, ਸਦਾ ਨੀਵੀਂ ਪਾ ਕੇ ਰਹਿਣ ਵਾਲੇ ਕੁੱਬੇ ਹੁਣ ਸਿੱਧੇ ਖੜ੍ਹੇ ਹੋ ਕੇ ਸਾਹਮਣੇ ਵੇਖਣ ਲੱਗ ਪਏ। ਤਾਂ ਕਦੇ ਆਸਮਾਨ ਨੂੰ ਵੀ ਅੱਖ ਭਰ ਕੇ ਤੱਕ ਲੈਂਦੇ। ਉਂਝ ਉਹ ਸਾਰੇ ਅੱਜ ਦੀ ਮਿਡਲ ਕਲਾਸੀਆਂ ਨਾਲੋਂ ਪੱਕੇ ਸੀ। ਉਹ ਜਾਣੇ ਰੋਟੀ, ਕੱਪੜਾ, ਮਕਾਨ ਦਾ ਵਾਅਦਾ ਪੂਰਾ ਨਹੀਂ ਹੋਇਆ। ਹੁਣ ਉਹਨਾਂ ਨੂੰ ਮੁੜ ਕੇ ਕੁੱਬੇ ਕਰਨ ਲਈ ਕੰਡ 'ਤੇ ਭਾਰ ਪਾਇਆ ਜਾ ਰਿਹਾ ਸੀ। ਕੋੜੇ ਮਾਰ-ਮਾਰ ਰੀੜ ਦੀ ਹੱਡੀ ਵੀ ਤੋੜੀ ਜਾ ਰਹੀ ਸੀ। ਫਿਰ ਵੀ ਉਹਨਾਂ ਲਿਫ ਜਾਣ ਤੋਂ ਇਨਕਾਰ ਕੀਤਾ। ਕਿਉਂ ਕਾਹਤੋਂ? ਇਹ ਸਵਾਲ ਫਾਂਸੀ ਦੇ ਤਖ਼ਤੇ ਉੱਤੇ ਵੀ ਚੁੱਕੇ ਜਾ ਰਹੇ ਸੀ। ਉਹਦੀ ਖਾਤਰ ਜੀਹਨੇ ਗੂੰਗੀ ਖਲਕਤ ਨੂੰ ਬੋਲਣਾ ਸਿਖਾ ਦਿੱਤਾ।

ਹੁਣ ਲੀਡਰ ਤਾਂ ਕਾਲ-ਕੋਠੜੀ ਵਿਚ ਬੰਦ ਸੀ। ਬਾਹਰ ਉਹਦੀ ਮੌਤ ਜ਼ਿੰਦਗੀ ਦੀ ਬਾਜ਼ੀ ਲੱਗੀ ਹੋਈ ਸੀ। ਬਚਾਵਣ ਵਾਲੇ, ਮਾਰਨ ਵਾਲੇ। ਮਾਰਨ ਵਾਲਿਆਂ ਕੋਲ ਤਾਕਤ ਸੀ ਤੇ ਫਾਂਸੀ ਦੀ ਰੱਸੀ ਵੀ। ਉਧਰ ਬਚਾਵਣ ਵਾਲੇ ਕੋਲ ਦੁਆ। ਕੁਰਬਾਨੀ, ਬੇਨਤੀ ਤੇ ਸਵਾਲ ਕਿਉਂ ਕਾਹਤੋਂ? ਉਹਦਾ ਕਸੂਰ ਕੀ ਏ? ਡਿੱਗਿਆਂ ਢੱਠਿਆਂ ਨੂੰ ਖਲੌਣ ਦਾ ਹੌਸਲਾ ਦੇਣਾ। ਕੋਈ ਜੁਰਮ ਏ? ਏਸ ਤਰ੍ਹਾਂ ਦੇ ਸਵਾਲ ਚੁਭੋਣ ਵਾਲੇ ਆਪੇ ਮੁਜਰਮ ਗਿਣੇ ਜਾ ਰਹੇ ਸੀ। ਵਰਕਰ, ਵਕੀਲ, ਰਾਈਟਰ, ਸ਼ਾਇਰ, ਟੀਚਰ, ਜਰਨਲਿਸਟ। ਕੌਣ ਸੀ ਜੋ ਜੇਲ੍ਹ ਨਾ ਗਿਆ। ਸਟੇਟ ਫੋਰਸ ਤੋਂ ਇਲਾਵਾ ਇਕ ਹੋਰ ਹੱਥ ਲੋਕਾਂ ਦੇ ਗਲ ਘੁੱਟ ਰਿਹਾ ਸੀ। ਮੁੱਲਾਂ-ਮੌਲਵੀ ਦਾ ਫਤਵਾ। ਈਦਕਾਂ ਡਿਕਟੇਟਰ ਤੇ ਮੁੱਲਾਂ। ਟੂ-ਇਨ-ਵੰਨ (Two-in-one) ਹੋ ਗਏ। ਸਹੀ ਜਰਨੈਲ ਨੇ ਲੋਕਾਂ ਨੂੰ ਬਰਬਾਦ ਕਰਨ ਵਾਲੀਆਂ ਸਾਰੀਆਂ ਤਾਕਤਾਂ ਦੀ ਏਕਤਾ ਬਣਾ ਲਈ।

ਫੇਰ ਵੀ ਕੋਈ ਬਹੁਤੀ ਨਵੀਂ ਗੱਲ ਨਹੀਂ ਸੀ। ਦੁਨੀਆ ਵਿਚ ਖਾਸ ਕਰਕੇ ਤੀਸਰੀ ਦੁਨੀਆ ਵਿਚ ਏਸ ਤਰ੍ਹਾਂ ਹੋ ਰਿਹਾ ਸੀ। ਕਈ ਸਾਲ ਪਹਿਲਾਂ ਚਿੱਲੀ ਵਿਚ ਵੀ ਲੋਕਾਂ ਨਾਲ ਤੇ ਉਹਨਾਂ ਦੇ ਲੀਡਰ ਨਾਲ ਏਸੇ ਤਰ੍ਹਾਂ ਹੋ ਚੁੱਕਾ ਸੀ। ਆਖ਼ਰੀ ਅੰਤ ਸੋਚ ਕੇ ਉਹਦਾ ਦਿਲ ਡਰ ਜਾਂਦਾ। ਉੱਥੇ ਉਹਨਾਂ ਇਕੋ ਵਾਰੀ ਸਾਰੀ ਬਰਬਾਦੀ ਕਰ ਛੱਡੀ। ਏਥੇ ਸ਼ਾਹ-ਹਨੇਰੇ ਦਬਕੇ ਮਾਰ ਰਹੇ ਸੀ। ਦੂਜੇ ਪਾਸੇ ਵੀ ਏਸੇ ਤਰ੍ਹਾਂ ਸੀ। ਲੋਕਾਂ ਦੀ ਮੁਜ਼ਾਹਮਤ (ਵਿਰੋਧ) ਕਿਤੇ ਉੱਠ ਰਹੀ ਸੀ ਕਿਤੇ ਡੁੱਬ ਰਹੀ ਸੀ। ਪਰ ਲੋਕਾਂ ਵਿਚ ਐਡੀ ਏਕਤਾ ਸਮਾਜ ਦੀ ਤਿੱਖੀ ਵੰਡ-ਬਕੌਲ ਕਬੀਲਾ ਦੇ ਅਸੀਂ ਵੱਖ-ਵੱਖ ਹਾਂ, ਪਰ ਦੂਜੇ ਦੇ ਘਰ ਵੀ ਰਹਿੰਦੇ ਹਾਂ। ਉਹਨਾਂ ਦੀ ਹਰ ਗੱਡੀ ਵਿਚ ਸਾਡਾ ਡਰਾਈਵਰ ਬੈਠਾ। ਹਰ ਕਿਚਨ ਵਿਚ ਸਾਡਾ ਬਾਵਰਚੀ ਰੋਟੀ ਪਕਾਉਂਦਾ। ਹਰ ਦੁਕਾਨ ਅੰਦਰ ਸਾਡੇ ਵੱਲ ਦਾ ਸੇਲਜ਼ਮੈਨ ਤੇ ਹਰ ਦਫ਼ਤਰ ਅੱਗੇ ਸਾਡਾ ਚਪੜਾਸੀ ਖੜਾ ਏ।

ਕਾਲਜ ਵਿਚ ਵੀ ਏਸੇ ਤਰ੍ਹਾਂ ਸੀ। ਹਰ ਰੋਜ਼ ਨਿੱਕੇ ਮੋਟੇ ਨੌਕਰ ਰਈਸ ਅੱਧੀ ਛੁੱਟੀ ਵੇਲੇ ਕਿਸੇ ਖੂੰਜੇ ਗੁੱਠੇ ਲੱਗ ਕੇ ਹੌਲੀ-ਹੌਲੀ ਗੱਲਾਂ ਕਰਦੇ। ਮਿਸਿਜ਼ ਸਮਾਸਟਾ ਦਾ ਡਰਾਈਵਰ ਵੀ ਚੁੱਪ ਕਰ ਕੇ ਉਹਨਾਂ ਕੋਲ ਚਲਾ ਜਾਂਦਾ। ਦਰਅਸਲ ਉਹ ਸਾਰੇ ਉਹਦਾ ਇੰਤਜ਼ਾਰ ਕਰਦੇ ਸੀ। ਕਿਉਂ ਜੋ ਉਹ ਹਾਈ ਕੋਰਟ ਦੀਆਂ ਖ਼ਬਰਾਂ ਲੈ ਕੇ ਆਉਂਦਾ ਹੁੰਦਾ ਸੀ। ਫੇਰ ਉਹ ਦਿਨ ਵੀ ਆਇਆ, ਜਦੋਂ ਲੰਮੀ ਝੰਡੇ ਵਾਲੀ ਕਾਰ ਦੀ ਡਿੱਗੀ ਵਿਚ ਖ਼ੁਸ਼ਬੂਦਾਰ ਜ਼ਰਦੇ ਦੀਆਂ ਤਿੰਨ ਦੇਗਾਂ ਰੱਖ ਕੇ ਲਿਆਇਆ। ਪਹਿਲੇ ਤਿੰਨ ਖ਼ਲੀਫ਼ਿਆ ਦੇ ਨਾਂ ਦੀਆਂ ਤਿੰਨ ਦੇਗਾਂ। ਫੈਸਲੇ ਦੀ ਖੁਸ਼ੀ ਵਿਚ। ਫੈਸਲਾ ਮੌਤ ਦਾ ਹੋਇਆ ਸੀ। ਉਸ ਦਿਨ ਸਾਰੇ ਗਰੀਬ ਰੋਏ ਸੀ। ਦੇਗਾਂ ਲਿਆਉਣ ਵਾਲਾ ਫੁੱਟ-ਫੁੱਟ ਰੋਇਆ। ਪਰ ਮਿਸਿਜ਼ ਸਮਾਸਟਾ ਉਹਨਾਂ ਨੂੰ ਬਦਾਮਾਂ ਵਾਲਾ ਜ਼ਰਦਾ ਖਵਾਉਣਾ ਚਾਹੁੰਦੀ ਸੀ।

ਜ਼ਖ਼ਮਾਂ ਉੱਤੇ ਮਿੱਠਾ ਵੀ ਛਿੜਕਿਆ ਜਾਂਦਾ ਏ। ਅਜਿਹਾ ਕੋਈ ਪੁਰਾਣਾ ਮੁਹਾਵਰਾ ਹੈ



ਤੇ ਨਹੀਂ। ਪਰ ਕੀ ਕੁਝ ਏ ਜੋ ਅਨਹੋਣਾ ਹੋ ਰਿਹਾ ਏ। ਉਸ ਦਿਨ ਸਾਰੇ ਗ਼ਰੀਬ ਫੁੱਟ-ਫੁੱਟ ਰੋਏ। ਉਹਨਾਂ ਬਦਾਮ ਚੌਲ ਖਾਣ ਤੋਂ ਇਨਕਾਰ ਕਰ ਦਿੱਤਾ। ਅਨਾਰ-ਕਲੀ ਦੇ ਸੇਠਾਂ ਨੇ ਵੀ ਮੇਵੇ ਵਾਲਾ ਹਲਵਾ ਵੰਡਿਆ ਤਾਂ ਸੇਲਮੈਨਾਂ ਨੇ ਚੁੱਕ ਨਾਲੀਆਂ ਵਿਚ ਸੁੱਟ ਦਿੱਤਾ। ਸਾਡੀ ਮੌਤ ਦਾ ਜਸ਼ਨ ਕਰਦੇ ਨੇ ਹਰਾਮਜ਼ਾਦੇ!

ਅਸਲੀ ਗੱਲ ਤਾਂ ਜ਼ਾਹਿਦਾ ਨੇ ਆਖੀ। ਅਮੀਰਾਂ ਦੀ ਖ਼ੁਸ਼ੀ ਦੇ ਗ਼ਮ ਤੇ ਗ਼ਰੀਬਾਂ ਦਾ ਗ਼ਮ ਤੇ ਖ਼ੁਸ਼ੀ ਆਪਨੀ-ਆਪਨੀ ਥਾਂ ਵੱਖੋ-ਵੱਖ। ਕਦੇ ਇੱਕ ਦੂਜੇ ਨਾਲ ਵੰਡੇ ਨਹੀਂ ਜਾ ਸਕਦੇ। ਸਦਾ ਏਸੇ ਤਰ੍ਹਾਂ ਹੋਇਆ। ਪਰ ਅੱਜ ਤਾਂ ਖੁੱਲ੍ਹਾ ਟਾਕਰਾ ਏ। ਉੱਕਾ ਈ ਆਹਮਣੇ-ਸਾਹਮਣੇ .......... ਘੂਰੀਆਂ ਵੱਟਦੇ। ਅੱਖਾਂ ਕੱਢਦੇ। ਏਸੇ ਤਰ੍ਹਾਂ ਦੀ ਹਾਲਤ ਦਾ ਤਜਰਬਾ ਆਪ ਉਹਨੂੰ ਵੀ ਹੋਇਆ। ਉਹ ਦਿਨ ਜਦੋਂ ਮਿਸਿਜ਼ ਸਮਾਸਟਾ ਨੇ ਉਹਨਾਂ ਨੂੰ ਸੁਣਾ ਕੇ ਕਿਹਾ, "ਮੈਂ ਤਾਂ ਇਸ ਭੁੱਟੋ ਦਾ ਲਹੂ ਪੀਣਾ ਚਾਹੁੰਦੀ ਹਾਂ, ਚੰਗਾ ਪਿਆਲਾ ਭਰ ਕੇ।"

ਏਸ ਤੋਂ ਪਹਿਲਾਂ ਵੀ ਏਹੋ ਜਹੀਆਂ ਗੱਲਾਂ ਚੁੱਪ ਕਰਕੇ ਸੁਣੀਦੀਆਂ ਸੀ। ਪਰ ਅੱਜ ਨਹੀਂ। ਬੜੀ ਮੁਸ਼ਕਿਲ ਨਾਲ ਉਹਨੇ ਤਲਖ਼ੀ ਦਾ ਘੁੱਟ ਭਰ ਕੇ ਰਤਾ ਕੁ ਨਾਰਮਲ ਹੋ ਕੇ ਪੁੱਛਿਆ। "ਮਿਸਿਜ਼ ਸਮਾਸਟਾ ਇਕ ਗੱਲ ਤਾਂ ਦੱਸੋ, ਮੈਂ ਆਪਨੀ ਕਾਲਜ ਵਾਸਤੇ ਪੁੱਛ ਰਹੀ ਹਾਂ। ਭੁੱਟੋ ਨੇ ਵਜ਼ੀਰੇ-ਆਜ਼ਮ ਬਣ ਕੇ ਤੁਹਾਨੂੰ ਤਰੱਕੀਆਂ ਦਿੱਤੀਆਂ, ਪਲਾਟ ਦਿੱਤੇ, ਤੁਹਾਡੀਆਂ ਕੋਠੀਆਂ ਮੁਰੱਬਿਆਂ ਦੀ ਰਾਖੀ ਕੀਤੀ, ਫਿਰ ਤੁਸੀਂ ਉਹਦੇ ਖ਼ੂਨ ਦੇ ਪਿਆਸੇ ਕਿਉਂ? ਦੂਜੇ ਪਾਸੇ ਸਾਡੇ ਵਰਗੇ ਜਿਹਨਾਂ ਨੂੰ ਪਾਰਟੀ ਬਣਾ ਕੇ ਉਹਨੇ ਨਿਰੇ ਖਵਾਬ ਦਿੱਤੇ, ਪਰ ਹਕੂਮਤ ਬਣਾ ਕੇ ਖੋਹ ਵੀ ਲਏ। ਅਸੀਂ ਚਿੱਟ-ਕੱਪੜੀਏ ਉਹਦੇ ਜੀਵਨ ਲਈ ਦੁਆ ਕਰਦੇ ਹਾਂ। ਪਰ ਉਹ ਮੈਲੇ ਕੱਪੜਿਆਂ ਵਾਲੇ" ਉਹਨੇ ਕਾਲਜ ਦੇ ਨੌਕਰਾਂ ਵੱਲ ਇਸ਼ਾਰਾ ਕੀਤਾ, "ਉਹ ਤਾਂ ਆਪਨੀ ਜਾਨ ਵਾਰਨ ਲਈ ਤਿਆਰ ਨੇ।"

ਉਹਦੀ ਗੱਲ ਸੁਣ ਕੇ ਮਿਸਿਜ਼ ਸਮਾਸਟਾ ਦਾ ਗੋਰਾ ਰੰਗ ਲਾਲ ਸੁਰਖ਼ ਅੰਗੂਰ ਵਰਗਾ ਹੋ ਗਿਆ। ਉਹਨੇ ਆਪਨਾ ਵੱਡਾ ਸਾਰਾ ਮੂੰਹ ਖੋਲ੍ਹਿਆ ਕੋਈ ਸਖ਼ਤ ਜਵਾਬ ਦੇਣ ਲਈ, ਪਰ ਉਹਦੀ ਇੱਟ ਦੇ ਜਵਾਬ ਵਿਚ, ਖੌਰੇ ਪੱਥਰ ਪੂਰੇ ਸਾਈਜ਼ ਦਾ ਨਾ ਨਿਕਲਿਆ। ਜਾਗੀਰਦਾਰਨੀ ਚੁੱਪ ਕਰ ਗਈ। ਪਿੱਛੋਂ ਉਹਨੂੰ ਸਿੱਧੀ ਕਰਨ ਦੀ ਧਮਕੀ ਉਹਦੇ ਤੋੜੀ ਅੱਪੜ ਗਈ। ਉਹ ਦਿਨ ਵੀ ਛੇਤੀ ਹੀ ਆ ਗਿਆ।

ਬੱਸ ਹਫ਼ਤੇ ਪਿੱਛੋਂ ਉਹਨੇ ਇੱਕ ਠਿਗਣੇ ਜਿਹੇ ਕੱਦ ਵਾਲੇ ਇਕ ਬੰਦੇ ਨੂੰ ਮਿਸਿਜ਼ ਸਮਾਸਟਾ ਦੇ ਦਫ਼ਤਰ ਵਿਚੋਂ ਨਿਕਲਦੇ ਵੇਖਿਆ। ਥੋੜ੍ਹੀ ਦੇਰ ਬਾਅਦ ਉਹ ਗੇਟ 'ਤੇ ਖੜ੍ਹਾ ਚੌਕੀਦਾਰ ਕੋਲੋਂ ਉਹਦੇ ਘਰ ਦਾ ਪਤਾ ਪੁੱਛ ਰਿਹਾ ਸੀ। ਪਿਛਲੀ ਰਾਤ ਸ਼ਹਿਰ ਵਿਚ ਭਾਰੀ ਗ੍ਰਿਫ਼ਤਾਰੀ ਹੋਈ ਸੀ। ਬਹੁਤ ਸਾਰੇ ਪਾਰਟੀ ਵਰਕਰ, ਵਕੀਲ, ਟੀਚਰ, ਜਰਨਲਿਸਟ, ਯੂਨੀਅਨ ਲੀਡਰ ਫੜੇ ਗਏ। ਕੋਈ ਖਾਸ ਗੱਲ ਤੇ ਨਹੀਂ ਸੀ, ਪਿਛਲੇ ਅਠਾਰਾਂ ਮਹੀਨਿਆਂ ਵਿਚ ਲਿਖਾਰੀ ਲੋਕੀਂ ਜੇਲਾਂ ਵਿਚ ਬੰਦ ਸੀ। ਇਸ ਤੋਂ ਵੱਧ ਜਲਾਵਤਨ ਹੋ ਚੁੱਕੇ ਸੀ। ਫਿਰ ਵੀ ਇੱਕ ਥਾਂ ਸਿਲਸਿਲਾ ਸ਼ੁਰੂ ਹੋਇਆ ਲੱਗਦਾ ਸੀ। ਬੱਤੀਆਂ ਬੁਝਾਵਣ ਦਾ ਸਿਲਸਿਲਾ "ਜਿੱਥੇ ਕਿਤੇ ਚਿੰਗਾਰੀ ਹੈ ਮਿੱਧ ਛੱਡੋ।" ਦੁਸ਼ਮਣ ਕਹਿੰਦਾ ਸੀ "ਬੱਤੀਆਂ ਬੁਝਾ ਕੇ ਅੰਡਰ ਗਰਾਉਂਡ ਹੋ ਜਾਓ" ਸੱਜਣ ਕਹਿੰਦਾ ਸੀ। ਚਿੰਗਾਰੀ ਵਾਲੀ ਲਿਸਟ ਵਿਚ ਉਹਦਾ ਨਾਂ ਮਿਸਿਜ਼ ਸਮਾਸਟਾ ਨੇ ਲਿਖਾ ਦਿੱਤਾ। ਸੱਜਣ ਵਲੋਂ ਸੁਨੇਹਾ ਸੀ ਘਰ ਛੱਡ ਜਾਓ। ਕਿਤੇ ਲੁਕ ਜਾਓ। ਕਿਸੇ ਚੰਗੇ ਵੇਲੇ ਦਾ ਇੰਤਜ਼ਾਰ ਨਹੀਂ ਤਾਂ ਬੁਰਾ ਵੇਲਾ ਕੱਟ ਲੈਣ ਦਾ ਯਤਨ। ਮਾਰਸ਼ਲ-ਲਾ ਨੇ ਮੁੱਲਾਂ ਦੀ ਟਰਮੀਨਾਲੋਜੀ (ਸੰਕੇਤਾਵਲੀ) ਵਿਚ ਸਾਰੇ ਤਰੱਕੀ ਪਸੰਦ ਕੋਈ ਭੰਨ-ਤੋੜ ਕਰਨ ਵਾਲੇ ਲਿਖੇ ਗਏ।

ਪਿਛਲੇ ਦਹਾਕੇ ਉਹਨਾਂ ਢਾਕੇ ਬੰਗਾਲੇ ਏਸੇ ਤਰ੍ਹਾਂ ਕੀਤਾ। ਬੜੇ ਵਧੀਆ ਲੋਕੀਂ, ਰੌਸ਼ਨੀ ਲੱਭਦੇ, ਇਨਸਾਫ਼, ਜਮਹੂਰੀਅਤ ਦੀ ਗੱਲ ਕਰਦੇ ਉਹਨਾਂ ਫੜ ਕੇ ਮਾਰ ਸੁੱਟੇ। ਫੜਨ ਦਾ ਤਰੀਕਾ ਬੜਾ ਖਤਰਨਾਕ ਸੀ। ਅੱਧੀ ਰਾਤ ਦੇ ਹਨੇਰੇ ਕਿਸੇ ਘਰ 'ਤੇ ਹਮਲਾ ਹੁੰਦਾ। ਇੱਕ ਬੰਦਾ ਫੜ ਕੇ ਲੈ ਜਾਣ ਲਈ ਫੌਜਾਂ, ਬੰਦੂਕਾਂ, ਜੀਪਾਂ ਇਸਤੇਮਾਲ ਹੁੰਦੀਆਂ।

ਸਾਰੇ ਗਲੀ ਮੁਹੱਲੇ ਡਰ ਭੈਅ ਦੇ ਪਹਿਰੇ ਬਿਠਾ ਕੇ ਨਿਕਲ ਜਾਂਦੇ। ਪਰ ਉਹਦੀ ਕਹਾਣੀ ਏਡੀ ਸਾਦੀ ਨਹੀਂ ਸੀ ਬਣੀ। ਭਾਵੇਂ ਉਹਦੀ ਸ਼ਿਨਾਖਤ ਮਿਸਿਜ਼ ਸਮਾਸਟਾ ਦੇ ਦਿਨੀਂ ਕਾਲਜ ਵਿਚ ਕਰਵਾ ਦਿੱਤੀ ਸੀ। ਪਰ ਗ੍ਰਿਫਤਾਰੀ ਤਾਂ ਅੱਧੀ ਰਾਤ ਨੂੰ ਉਹਦੇ ਘਰ ਦੀ ਕੰਧ ਟੱਪ ਕੇ ਹੋਈ ਸੀ। ਸਾਰਿਆਂ ਨਾਲ ਏਸੇ ਤਰ੍ਹਾਂ ਹੋਈ ਸੀ। ਰਾਤ ਦੇ ਘੁੱਪ ਹਨੇਰੇ ਵਿਚ ਬੰਦੇ ਚੁੱਕ ਕੇ ਖੌਰੇ ਕਿੱਥੇ ਲੈ ਜਾ ਸੁੱਟਦੇ। ਕਿਸੇ ਨੂੰ ਪਤਾ ਨਾ ਲੱਗਦਾ। ਆਪ ਫੜੇ ਜਾਣ ਵਾਲੇ ਨੂੰ ਵੀ ਨਹੀਂ। ਇੰਤਹਾਈ ਖ਼ਤਰਨਾਕ ਗੱਲਾਂ

**ਹਨੇਰੀ ਕਾਲੀ ਰਾਤ ਅਸਮਾਨੀ ਤਾਰਾ ਕੋਈ ਨਾ**
**ਪਹਿਰਾ ਘੇਰਾ ਹਰ ਪਾਸੇ ਚਾਰਾ ਕੋਈ ਨਾ।**

ਕਲਾਸ ਖ਼ਤਮ ਕਰਕੇ ਉਹ ਬਾਹਰ ਨਿਕਲ ਆਈ। ਕਾਲਜ ਦੇ ਵੱਡੇ ਗੇਟ ਦੇ ਨੇੜੇ ਆ ਕੇ ਉਹਨੇ ਆਪਣੇ ਪਰਸ ਦੀ ਜਿੱਪ ਖੋਲ੍ਹੀ, ਵੇਖਿਆ, ਬਟੂਏ ਵਿਚ ਰਿਕਸ਼ੇ ਦੇ ਪੈਸੇ ਪੂਰੇ ਨਹੀਂ ਸੀ। ਘਰ ਜਾਣ ਲਈ ਉਹਨੇ ਬੱਸ ਦਾ ਇੰਤਜ਼ਾਰ ਨਾ ਕੀਤਾ। ਪੈਦਲ ਹੀ ਤੁਰ ਪਈ। ਹਾਲੇ ਸੌ ਕਦਮ ਚੱਲੀ ਹੋਣੀ ਏ ਕਿ ਹਾਰਨ ਵਜਾਉਂਦੀ ਕਾਲੀ ਲੰਮੀ ਮਰਸੀਡੀਜ਼ ਕਾਰ ਉਹਦੇ ਅੱਗੇ ਆਣ ਖਲੋਤੀ। ਆਪ ਲੇਡੀ ਸਮਾਸਟਾ ਨੇ ਸਿਰ ਕੱਢ ਕੇ ਆਵਾਜ਼ ਦਿੱਤੀ। "ਆਓ ਆਪ ਕੋ ਘਰ ਛੋੜ ਦੇਂ" ਉਹਨੂੰ ਧੱਕਾ ਜਿਹਾ ਲੱਗਾ। ਇਹ ਵੀ ਇਕ ਤਰੀਕਾ ਹੁੰਦਾ ਏ, ਕਿਸੇ ਹਾਰੇ ਬੰਦੇ ਨੂੰ ਹਾਰ ਦਾ ਅਹਿਸਾਸ ਦਿਵਾਉਣ ਦਾ।

"ਜੀ, ਨਹੀਂ ਮੈਂ ਆਪੇ ਚਲੀ ਜਾਵਾਂਗੀ।" ਉਹ ਫਨੀਅਰ ਸੱਪ ਵਾਂਗ ਫੁੰਕਾਰੀ। ਫੇਰ ਉਹ ਤੇਜ਼-ਤੇਜ਼ ਪੈਰ ਪੁੱਟ ਕੇ ਫੁੱਟ-ਪਾਥ ਉੱਤੇ ਤੁਰਨ ਲੱਗ ਪਈ। ਜਿਵੇਂ ਮਰਸੀਡੀਜ਼ ਨੂੰ ਪਿੱਛੇ ਛੱਡ ਦੇਣ ਦੀ ਦੌੜ ਲੱਗੀ ਹੋਵੇ। ਰਸਤੇ ਵਿਚ ਉਹਨੂੰ ਕਈ ਵਾਕਫ਼ ਮਿਲੇ। ਹਰ ਸਲਾਮ ਦੁਆ ਲਈ ਰੁਕੀ ਨਹੀਂ। ਪਰ ਥੋੜ੍ਹਾ ਕੁ ਅੱਗੇ ਜਾ ਕੇ ਪ੍ਰਵੀਨ ਅਸਗਰ ਅਲੀ ਨੇ ਉਹਦੀ ਬਾਂਹ ਨੂੰ ਹੱਥ ਲਾਇਆ। ਫਿਰ ਕੰਨ ਵਿਚ ਦੱਸਣ ਲੱਗੀ। ਤੈਨੂੰ ਯਾਦ ਏ ਅੱਜ ਉਹਦੀ ਸਾਲਗਿਰ੍ਹਾ (ਵਰ੍ਹੇ-ਗੰਢ) ਏ। ਫਲਾਣੀ ਥਾਂ ਕੱਠੇ ਹੋਏ ਕੇਕ ਕੱਟਣਾ ਏ। ਪੁਲਸ ਨੂੰ ਪਤਾ ਲੱਗਣ ਤੋਂ ਪਹਿਲਾਂ ਖਿੱਲਰ ਜਾਵਾਂਗੇ।

ਉਹਨੇ ਸਿਰ ਹਿਲਾਇਆ। ਸੋਚਣ ਲੱਗੀ, ਅੱਜ ਉਹਦੀ ਸਾਲ ਗਿਰ੍ਹਾ ਏ। ਉਹ ਜਿਹਨੂੰ ਫਾਂਸੀ ਹੋਣ ਵਾਲੀ ਏ। ਉਸੇ ਦੀ ਸਾਲ-ਗਿਰ੍ਹਾ ਲੁਕ-ਲੁਕ ਮਨਾ ਰਹੇ ਨੇ। ਕੋਈ ਵੇਲਾ ਸੀ ਲੱਖਾਂ-ਲੱਖਾਂ ਖਲਕਤ ਦਾ ਹਜੂਮ ਖੁੱਲ੍ਹੇ ਮੈਦਾਨ ਉਹਦੀ ਜ਼ਿੰਦਾਬਾਦ ਕਰਦਾ ਸੀ। ਹੁਕਮਰਾਨ ਲੋਕੀਂ ਤੇ ਉਹਨਾਂ ਦੀ ਪੁਲਸ ਘਾਬਰੇ ਫਿਰਦੇ। ਸੋਚਾਂ ਦੀ ਸੰਗਤ ਵਿਚ ਤੁਰੀ ਜਾਂਦੀ ਉਹ ਦੋ ਕੁ ਫਰਲਾਂਗ ਅੱਗੇ ਗਈ ਹੋਣੀ ਏ, ਉਹਨੂੰ ਨਦੀਮ ਮਿਲ ਗਿਆ।

"ਆਪਾ ਤੁਸੀਂ ਘਰ ਜਾ ਰਹੇ ਹੋ? ਉਧਰ ਨਾ ਜਾਓ। ਕਿਤੇ ਹੋਰ ਚਲੇ ਜਾਓ। ਖ਼ਤਰਾ ਏ। ਲੁੱਕ ਜਾਓ। ਪਿਛਲੀ ਰਾਤ ਉਹਨਾਂ ਫਰਖੰਦਾ ਬੁਖਾਰੀ ਨੂੰ ਗ੍ਰਿਫਤਾਰ ਕਰ ਲਿਆ ਏ। ਤਾਰਕ ਤੇ ਮਨਸ਼ਾ ਹੋਰੀਂ ਪਿਛਲੀ ਰਾਤ ਫੜੇ ਗਏ ..... ਆਪਾ।"

ਉਹਨੇ ਮੁੰਡੇ ਦੀ ਗੱਲ ਸੁਣੀ। ਮਿੰਨਤ-ਮਾਦਰ ਵੀ ਸੁਣੀ ਪਰ ਉਹ ਆਪਣੇ ਘਰ ਦੇ ਰਸਤੇ ਉੱਤੇ ਤਿੱਖੀ ਤੋਰੇ ਟੁਰਦੀ ਰਹੀ। ਉਹਦਾ ਜ਼ਿਹਨ ਵੀ ਤੇਜ਼-ਤੇਜ਼ ਸੋਚਣ ਡਹਿ ਪਿਆ। ਘਰ ਵਿਚ ਉਹ ਇਕੱਲੀ ਥੋਹੜੀ ਰਹਿੰਦੀ ਸੀ। ਉਹਦੇ ਬੱਚੇ, ਸਕੂਲ ਪੜ੍ਹਦੇ, ਕੁੜੀਆਂ ਮੁੰਡੇ, ਉਹਦੀਆਂ ਕਿਤਾਬਾਂ, ਉਹਦਾ ਡੌਗੀ ਮਾਣੋ, ਬੁਲਬੁਲਾਂ, ਚਿੜੀਆਂ, ਫੁੱਲ ਬੂਟੇ। ਇਹਨਾਂ ਸਾਰਿਆਂ ਨੂੰ ਇਕੱਲੇ ਛੱਡ ਕੇ। ਕਈ ਸਾਲ ਪਹਿਲਾਂ ਦੀ ਗੱਲ ਯਾਦ ਆਈ, ਜਦੋਂ ਗਵਾਂਢ ਦੇ ਕਮਿਊਨਿਸਟ ਦੋਸਤਾਂ ਦੇ ਘਰ ਪੁਲਸ ਦੇ ਛਾਪੇ ਪਏ। ਬੰਦੇ ਨੂੰ ਬੰਦੀ ਬਣਾ ਲਿਆ ਗਿਆ। ਉਹਨਾ ਦਾ ਘਰ ਮਾਰਕਸੀ ਸਾਹਿਤ ਨਾਲ ਭਰਿਆ ਹੋਇਆ ਸੀ। ਰਾਤ ਨੂੰ ਉਹਨੇ ਕਾਮਰੇਡ ਜ਼ਾਹਿਦਾ ਦੀ ਮੱਦਦ ਕੀਤੀ। ਗੱਠੜੀਆਂ ਬੰਨ੍ਹ-ਬੰਨ੍ਹ ਕੇ ਲਾਲ ਕਿਤਾਬਾਂ ਆਪਣੇ ਵੱਲ ਸ਼ਿਫ਼ਟ ਕਰ ਲਈਆਂ। ਸਾਰਾ ਕੰਮ ਕੰਧ ਤੋਂ ਹੀ ਹੋ ਗਿਆ। ਅੱਜ ਜ਼ਾਹਿਦਾ ਜਿਉਂਦੀ ਹੁੰਦੀ ਤਾਂ ...... ਅਚਾਨਕ ਉਹਦੀ ਸੋਚ ਦੀ ਡੋਰੀ ਤੜੱਕ ਕੇ ਟੁੱਟੀ। ਉਹਦੇ ਘਰ ਅੱਗੇ ਦੋ ਫੌਜੀ ਲੰਮੇ-ਲੰਮੇ ਕੋਟ ਪਾਈ ਖੜ੍ਹੇ ਸੀ। ਸੜਕ 'ਤੇ ਉਹਨਾਂ ਦੀ ਜੀਪ ਵਿਚ ਕੁਝ ਹੋਰ ਬੰਦੇ



ਬੈਠੇ ਦਿਸੇ। ਐਡੀ ਫੋਰਸ ਮੈਨੂੰ ਫੜਨ ਆਈ ਏ। ਉਹਨੇ ਸੋਚਿਆ। ਪਰ ਕੁੜੀਆਂ ਦਾ ਕੀ ਬਣੂੰ? ਉਹਦੀਆਂ ਕਿਤਾਬਾਂ। ਮੁੰਡਾ ਤਾਂ ਠੀਕ ਵੀ ਨਹੀਂ। ਨਵੇਦ ਨੂੰ ਯਰਕਾਨ ਸੀ। ਬੀਮਾਰ ਬੱਚੇ ਲਈ ਉਹਦਾ ਦਿਲ ਤੜਫ ਗਿਆ। ਆਪਣੇ ਘਰ ਵੜਨ ਦੀ ਬਜਾਏ ਉਹ ਨਾਲ ਦੇ ਘਰ ਚਲੇ ਗਈ। ਫਿਰ ਪਿਛਲੇ ਦਰਵਾਜ਼ੇ ਤੋਂ ਅੰਦਰ ਆ ਗਈ। ਅਗਲੇ ਦਰਵਾਜ਼ੇ ਨੂੰ ਤਾਂ ਜਿੰਦਰਾ ਉਸੇ ਤਰ੍ਹਾਂ ਲਟਕਦਾ ਰਿਹਾ ਸੀ। ਫੌਜੀ ਉਹਦਾ ਇੰਤਜ਼ਾਰ ਕਰਦੇ ਰਹੇ। ਪਾਗਲ! ਉਹਨੇ ਤਾਕੀ ਵਿਚੋਂ ਵੇਖ ਕੇ ਸੋਚਿਆ। ਢਾਕੇ ਵਿਚ ਹਥਿਆਰ ਸੁੱਟ ਕੇ ਆ ਗਏ ਹੁਣ ਪੰਜਾਬ ਦੀਆਂ ਜ਼ਨਾਨੀਆਂ ਨੂੰ ਫੜਨ ........।

ਦੋਹੁੰ ਘੰਟਿਆਂ ਵਿਚ ਉਹਨੇ ਸਾਰੇ ਕੰਮ ਨਿਬੇੜ ਲਏ। ਕੁੜੀਆਂ ਨੂੰ ਪਿੰਡ ਭੇਜਣ ਦਾ ਇੰਤਜ਼ਾਮ। ਮਾਰਕਸ ਲੈਨਿਨ ਮਾਓ-ਜ਼ੇ-ਤੁੰਗ ਦੇ ਸਾਰੇ ਵਰਕਸ ਅਲਮਾਰੀਆਂ ਵਿਚੋਂ ਕੱਢ ਕੇ ਰਜ਼ਾਈਆਂ ਵਾਲੀ ਪੇਟੀ ਵਿਚ ਬੰਦ ਕਰ ਛੱਡੇ। ਉਹਦਾ ਯਕੀਨ ਸੀ ਕਿ ਪਾਗਲ ਫੌਜੀ ਰਜ਼ਾਈਆਂ ਥੱਲੇ ਕਿਤਾਬਾਂ ਨਹੀਂ ਲੱਭ ਸਕਦੇ। ਹੁਣ ਆਪਣੇ ਬੈਗ ਵਿਚ ਦੋ ਕੱਪੜੇ, ਬੀਮਾਰ ਮੁੰਡੇ ਦੀਆਂ ਦਵਾਈਆਂ ਰੱਖ ਕੇ ਉਹ ਤਿਆਰ ਖੜ੍ਹੀ ਸੀ। ਪਰ ਗ੍ਰਿਫਤਾਰੀ ਦੇਣ ਵਾਸਤੇ ਬਿਲਕੁਲ ਨਹੀਂ। ਉਹਨੂੰ ਜ਼ੋਰ ਦੀ ਛਿੱਕ ਆਈ ਤਾਂ ਲੱਗਾ ਆਵਾਜ਼ ਤਾਕੀ ਤੋਂ ਬਾਹਰ ਗਈ। ਬੱਸ ਮਨਸੂਬਾ ਰਹਿ ਜਾਣਾ।

ਇਕੋ ਵਾਰੀ ਪੋਹ ਦੀ ਠੰਡ ਉਹਦੀਆਂ ਹੱਡੀਆਂ ਵਿਚ ਉਤਰ ਗਈ। ਜੇਲ੍ਹ ਕੋਠੜੀ ਤਾਂ ਹੋਰ ਵੀ ਠੰਢੀ ਹੋਣੀ ਏ। ਜ਼ੁਕਾਮ ਵੀ ਸ਼ੁਰੂ ਹੋ ਗਿਆ ਏ।

ਬਾਹਰ ਸੂਰਜ ਡੁੱਬ ਗਿਆ। ਉਹਨੇ ਬੱਤੀ ਨਾ ਬਾਲੀ। ਦਰਵਾਜ਼ੇ ਦੀ ਘੰਟੀ ਵੱਜੀ। ਉਹ ਆਪਣੀ ਥਾਂ ਖੜ੍ਹੀ ਰਹੀ। ਫੇਰ ਪੱਬਾਂ ਭਾਰ ਟੁਰਦੀ ਵਿਹੜੇ ਵੱਲ ਖੁੱਲਦੀ ਕਿਚਨ ਦੀ ਤਾਕੀ ਵੱਲ ਗਈ। ਝੀਥ ਵਿਚੋਂ ਉਹਨੇ ਵੇਖਿਆ। ਇਕ ਨਜ਼ਾਰੇ ਨਾਲ ਜ਼ਿੰਦਗੀ ਹਿੱਲ ਗਈ। ਨਾਲ ਦੇ ਘਰ ਤੋਂ ਉਹਦੀ ਨਿਗਰਾਨੀ ਹੋ ਰਹੀ ਸੀ। ਉਹਨੂੰ ਪਤਾ ਸੀ ਦੋਵੇਂ ਮੀਆਂ-ਬੀਵੀ ਖ਼ਰੇ ਲੋਕ ਨੇ। ਪਰ ਨਿੱਕੀ ਕੁੜੀ ਨੂੰ ਕੰਧ 'ਤੇ ਬੈਠੀ ਵੇਖ ਕੇ ..... ਖ਼ੈਰ ਜ਼ਿੰਦਗੀ ਵਿਚ ਹੋਰ ਬਥੇਰਾ ਕੁਝ ਹੈਗਾ। ਇਹ ਗੱਲ ਉਹਨੇ ਆਪਣੀ ਸਫੈਦ ਚਿੱਟੀ ਨੀਲੀਆਂ ਅੱਖਾਂ ਵਾਲੀ ਡੌਗੀ ਵੇਖ ਕੇ ਮਹਿਸੂਸ ਕੀਤੀ। ਪੀ.ਟੋ. ਪਿਆਰੀ ਉਸ ਕੁੜੀ ਨੂੰ ਘੇਰੀ ਖੜ੍ਹੀ ਸੀ। ਥੱਲੇ ਆਉਣ ਨਹੀਂ ਸੀ ਦੇ ਰਹੀ। ਘੰਟੇ ਪਿੱਛੋਂ ਹਨ੍ਹੇਰਾ ਤੇ ਸਰਦੀ ਵਧ ਗਈ। ਜਾਸੂਸੀ ਕਰਨ ਵਾਲੇ ਹੀਟਰਾਂ ਅੱਗੇ ਜਾ ਬੈਠੇ। ਉਹਨੇ ਖਾਣ-ਪੀਣ ਦੀਆਂ ਕਈ ਸ਼ੈਆਂ ਫਰਿੱਜ ਵਿਚੋਂ ਕੱਢ ਕੇ ਗਰਮ ਕੀਤੀਆਂ, ਡੌਗੀ ਦਾ ਪਿਆਲਾ ਭਰ ਦਿੱਤਾ। ਪਤਾ ਨਹੀਂ ਕਦ ਤਾਈਂ ਭੁੱਖ ਕੱਟਣੀ ਹੋਵੇ। ਕਿਆਰੀ 'ਤੇ ਨਜ਼ਰ ਪਈ। ਖਿਜ਼ਾਂ ਦੇ ਨਿੱਕੇ-ਨਿੱਕੇ ਦੋ ਫੁੱਲ ਉਹਦੇ ਵੱਲ ਤੱਕ ਰਹੇ ਸੀ। ਪਾਲਤੂ ਜਾਨਵਰ ਦੀਆਂ ਅੱਖਾਂ ਵਿਚ ਉਦਾਸੀ ਅੱਥਰੂ ਬਣ ਗਈ। ਉਹਨੇ ਪਿਆਰ ਦਿੱਤਾ ਤਾਂ ਕੌਂ-ਕੌਂ ਕਰ ਕੇ ਰੋਣ ਲੱਗ ਪਈ। ਪਰ ਉਹਨੇ ਆਪਣੀ ਜੀਭ ਦੰਦਾਂ ਥੱਲੇ ਦੱਬ ਲਈ। ਇਕ ਲਫਜ਼ ਨਹੀਂ। ਫੇਰ ਕੰਧ ਵੱਲ ਵੇਖ ਕੇ ਸੋਚਿਆ, ਕਿਵੇਂ ਚੜ੍ਹਾਂਗੀ, ਕਿਵੇਂ ਉਤਰਾਂਗੀ ਦੂਜੇ ਪਾਸੇ। ਕੰਧ ਚੋਖੀ ਉੱਚੀ ਸੀ, ਉਹ ਤਾਂ ਕਦੇ ਨਿੱਕੀ ਹੁੰਦੀ ਵੀ ਕੋਠੇ ਨਾ ਟੱਪੀ, ਉਪਰੋਂ ਘਰੋਂ ਬੇਘਰ ਹੋਣ ਲੱਗੀ ਸੀ- ਕਿੱਡੀ ਇਕੱਲੀ, ਕਿੱਡੀ ਬੇਬੱਸ ਸੀ ਉਹ ਅੱਜ !! •

**ਲਿਪੀ-ਰੁਪਾਂਤਰਣ** ( ਹ.ਸ.ਹ.)

ਅਸੀਂ ਸਾਧਾਰਨ ਲੋਕਾਂ ਲਈ ਲਿਖ ਰਹੇ ਹਾਂ, ਜਿਹੜੇ ਬਹੁਤ ਵਾਰ, ਪੜ੍ਹ ਵੀ ਨਹੀਂ ਸਕਦੇ। ਫੇਰ ਵੀ, ਇਸ ਧਰਤੀ ਉੱਤੇ ਲਿਖਣ ਤੇ ਛਪਣ ਤੋਂ ਵੀ ਪਹਿਲਾਂ ਕਵਿਤਾ ਦੀ ਹੋਂਦ ਸੀ। ਏਹੋ ਕਾਰਨ ਹੈ ਕਿ ਅਸੀਂ ਜਾਣਦੇ ਹਾਂ ਕਿ ਕਵਿਤਾ ਰੋਟੀ ਵਾਂਗ ਹੁੰਦੀ ਹੈ ਤੇ ਇਹ ਹਰ ਇੱਕ ਨਾਲ ਵੰਡ ਕੇ ਖਾਣੀ ਚਾਹੀਦੀ ਹੈ। ਪੜ੍ਹੇ-ਲਿਖਿਆਂ ਅਤੇ ਕਿਸਾਨਾਂ ਨਾਲ, ਸਭ ਵਿਸ਼ਾਲ, ਨਾ-ਮੰਨਣ ਯੋਗ ਤੇ ਲੋਕਾਂ ਦੇ ਅਸਾਧਾਰਨ ਪਰਿਵਾਰਾਂ ਨਾਲ ਸਾਂਝੀ ਕਰਨੀ ਚਾਹੀਦੀ ਹੈ। **- ਪਾਬਲੋ ਨੇਰੂਦਾ ਮਈ 1953**

ਵਿਚਾਰ-ਧਾਰਾ

# ਉੱਤਰ ਆਧੁਨਿਕਤਾਵਾਦ ਅਤੇ ਅਜੋਕਾ ਸਮਾਂ

ਪ੍ਰੋ. ਰਣਧੀਰ ਸਿੰਘ

## 1

ਭਾਵੇਂ ਅਸਥਾਈ ਹੀ ਸੀ, ਸੋਵੀਅਤ ਰੂਸ ਦਾ ਟੁੱਟਣਾ ਮਾਰਕਸਵਾਦ ਤੋਂ ਪਿੱਛੇ ਮੁੜਨ ਦਾ ਕਾਰਨ ਬਣਿਆ ਹੈ। ਇਸ ਦਾ ਦੂਸਰਾ ਨਤੀਜਾ ਇਹ ਨਿਕਲਿਆ ਹੈ ਕਿ ਨਵੇਂ ਤੇ ਪੁਰਾਣੇ ਬਦਲਵੇਂ ਸਿਧਾਤਾਂ ਦੀ ਪੁਨਰ-ਸੁਰਜੀਤੀ ਹੋਈ ਹੈ। ਹਰ ਤਰ੍ਹਾਂ ਦੀਆਂ ਦੱਖਣ ਪੰਥੀ (ਪਿਛਾਂਹ ਖਿਚੂ) ਵਿਚਾਰਧਾਰਾਵਾਂ ਵਧ ਫੂਲ ਰਹੀਆਂ ਹਨ। ਪ੍ਰਾਚੀਨ ਕੱਟੜਤਾ ਪੁਨਰ ਜੀਵਿਤ ਹੋਈ ਹੈ। ਪੁਰਾਣੀਆਂ ਮਾਨਤਾਵਾਂ ਤੇ ਅੰਧ-ਵਿਸ਼ਵਾਸਾਂ ਦੀ ਵਕਾਲਤ ਆਧੁਨਿਕ ਤੇ ਵਿਗਿਆਨਕ ਲੱਗਣ ਵਾਲੇ ਢੰਗਾਂ ਤਰੀਕਿਆਂ ਨਾਲ ਕੀਤੀ ਜਾ ਰਹੀ ਹੈ। ਸੰਸਕ੍ਰਿਤੀ, ਸਭਿਅਤਾ ਅਤੇ ਉਨ੍ਹਾਂ ਦੇ ਤੱਥਾਕਥਿਤ ਟਕਰਾਵਾਂ ਦੀ ਵਿਆਖਿਆ ਇਤਿਹਾਸ ਰਾਹੀਂ ਕਰਨ ਦੀ ਬਜਾਇ ਇਤਿਹਾਸ ਦੀ ਵਿਆਖਿਆ ਇਨ੍ਹਾਂ ਰਾਹੀਂ ਕੀਤੀ ਜਾ ਰਹੀ ਹੈ। ਜਾਤੀ ਦੇ ਝੂਠੇ ਵਿਗਿਆਨ ਅਨੁਸਾਰ ਨਾ ਕੇਵਲ ਸਾਮਰਾਜਵਾਦ ਦੀ ਅਸਲੀਅਤ ਉਪਰ ਹੀ ਪਰਦਾ ਪਾਇਆ ਜਾ ਰਿਹਾ ਹੈ ਸਗੋਂ ਇਸ ਦੇ ਅਪਰਾਧਾਂ ਨੂੰ ਵੀ ਸਭਿਆਚਾਰਕ ਵਿਸ਼ਮਤਾ ਦੀ ਪੈਦਾਵਾਰ ਮੰਨ ਕੇ ਉਨ੍ਹਾਂ ਨੂੰ ਜਾਇਜ਼ ਠਹਿਰਾਇਆ ਜਾ ਰਿਹਾ ਹੈ। ਪਹਿਚਾਣ ਦੀ ਰਾਜਨੀਤੀ ਅਤੇ ਸਮੂਹਵਾਦ ਦੇ ਨਵੇਂ ਨਾਅਰੇ ਸਾਹਮਣੇ ਆਏ ਹਨ ਅਤੇ ਪਹਿਚਾਣਾਂ ਅਤੇ ਸਮੂਹਾਂ ਦੇ ਅੰਦਰ ਬਾਹਰ ਮੌਜੂਦ, ਜ਼ੁਲਮੀ ਵਰਗ ਚਰਿਤਰਾਂ ਦੀ ਅਸਲੀਅਤ ਨੂੰ ਧੁੰਦਲਾ ਕਰਨ ਲਈ ਤੱਤਪਰ ਹਨ ਤੇ ਲਗਾਤਾਰ 'ਸਮੇਂ ਦਾ ਚਿੱਕੜ' ਢੋਣ ਲਈ ਮਜਬੂਰ ਹਨ। ਅੰਮ੍ਰਿਤਯ ਸੇਨ ਦੇ ਸ਼ਬਦਾਂ ਵਿਚ "ਬਹੁਤ ਸਾਰੇ ਪ੍ਰੰਪਰਾਗਤ ਸਮੂਹਾਂ ਵਿਚ ਔਰਤਾਂ ਅਤੇ ਕੁੜੀਆਂ ਜਾਂ ਸਮੂਹਿਕ ਜੀਵਨ ਵਿਚ ਹੇਠਲੀ ਪੱਧਰ 'ਤੇ ਜੀਣ ਵਾਲੇ ਲੋਕਾਂ ਉਪਰ ਪੈਣ ਵਾਲੇ ਦਬਾਵਾਂ ਅਤੇ ਹੋਣ ਵਾਲੇ ਅਤਿਆਚਾਰਾਂ ਨੂੰ ਅਜਿਹਾ ਸਿਧਾਂਤਕ ਜਾਮਾ ਪਹਿਨਾਇਆ ਜਾਂਦਾ ਹੈ ਜਿਸ ਕਰਕੇ ਸਾਮਰਾਜਵਾਦ ਤੇ ਪੂੰਜੀਵਾਦ ਵੱਲੋਂ ਸ਼ੋਸ਼ਿਤ ਲੋਕ ਇਸ ਵਿਸ਼ਮਤਾ ਨੂੰ ਸਵੀਕਾਰ ਕਰ ਲੈਂਦੇ ਹਨ ਅਤੇ ਖੁਸ਼ਫਹਿਮੀ ਵਿਚ ਜਿਉਣ ਲੱਗ ਪੈਂਦੇ ਹਨ। ਉਨ੍ਹਾਂ ਨੂੰ ਬਰਾਬਰੀ ਅਤੇ ਆਜ਼ਾਦੀ ਦੀ ਜ਼ਰੂਰਤ ਹੀ ਮਹਿਸੂਸ ਨਹੀਂ ਹੁੰਦੀ। ਇਸ ਦੀ ਖੋਜ, ਮਾਰਕਸਵਾਦੀ ਸਿਧਾਂਤ ਤੇ ਵਿਵਹਾਰ ਦੋਨਾਂ ਦਾ ਵਿਸ਼ਾ ਹੈ।"

ਇਹੋ ਜਿਹੀਆਂ ਬਹੁਤ ਸਾਰੀਆਂ ਗੱਲਾਂ ਹਨ ਇਨ੍ਹਾਂ ਪਰਵਾਣਿਤ ਬਦਲਾਂ ਵਿਚੋਂ ਇਕ ਵੱਲ ਮੈਂ ਤੁਰੰਤ ਧਿਆਨ ਦੇਣਾ ਚਾਹਾਂਗਾ। ਬਜਾਇ ਉੱਤਰ ਆਧੁਨਿਕਤਾ ਦੀ ਨਕਲ ਕਰਨ ਦੇ ਜੋ ਪੱਛਮ ਦੇ ਖੱਬੇ ਪੱਖੀ ਬੁੱਧੀ ਜੀਵੀ ਸਮੂਹ ਵਿਚ ਕਾਫੀ ਪ੍ਰਭਾਵ ਪਾ ਚੁੱਕਾ ਹੈ ਅਤੇ ਜਿਸ ਦੀ ਨਕਲ ਪੂਰਾ ਸੰਸਾਰ ਕਰ ਰਿਹਾ ਹੈ। ਮਾਰਕਸਵਾਦ ਦੇ ਅੰਤ ਜਾਂ ਅਪ੍ਰਚਲਨ ਦਾ ਜ਼ੋਰਦਾਰ ਐਲਾਨ ਕਰਦਿਆਂ ਹੋਇਆਂ ਉੱਤਰ ਆਧੁਨਿਕਤਾਵਾਦ ਨੂੰ ਮਾਰਕਸਵਾਦ ਦਾ ਬਦਲ ਅਤੇ ਵਿਕਸਿਤ ਅਵਸਥਤਾ ਮੰਨਿਆ ਜਾ ਰਿਹਾ ਹੈ। ਇਉਂ ਇਸ ਨੂੰ ਉੱਤਰ ਆਧੁਨਿਕ ਸਮੇਂ ਦਾ ਸਭ ਤੋਂ ਵਿਕਸਿਤ ਇਨਕਲਾਬੀ (ਉਣਮੂਲਨਵਾਦੀ) ਸਮਾਜਿਕ ਸਿਧਾਂਤ ਕਿਹਾ ਜਾ ਰਿਹਾ ਹੈ। ਇਸ ਦੇ ਦੂਸਰੇ ਸਿਰੇ 'ਤੇ ਆਲੋਚਕ ਉੱਤਰ ਆਧੁਨਿਕਤਾਵਾਦ ਨੂੰ ਸਭ ਤੋਂ ਵਧੇਰੇ ਖਤਰਨਾਕ ਸ਼ਕਤੀਆਂ ਦੇ ਰੂਪ ਵਿਚ ਦੇਖ ਰਹੇ ਹਨ। ਜੋ ਮੌਜੂਦਾ ਦੌਰ ਵਿਚ ਸਮਾਜਵਾਦੀ ਯੋਜਨਾ ਦੇ ਅੰਦਰੋਂ ਭੈਭੀਤ ਕਰ ਰਹੀਆਂ ਹਨ ਕਿਉਂਕਿ ਇਸ ਦੇ ਮੂਲ ਵਿਚ ਪ੍ਰਮੁੱਖ ਪੂਰਵਮਾਰਕਸਵਾਦੀਆਂ ਦੀ ਹਾਜ਼ਰੀ ਬਰਕਰਾਰ ਹੈ। ਉੱਤਰ ਆਧੁਨਿਕਤਾਵਾਦੀ



ਸਾਹਿਤ ਸਾਸ਼ਤਰ ਦੀ ਫੁੱਟ ਅਤੇ ਬਿਖਰਾਓ ਸਾਡੇ ਸਾਰੇ ਵਿਚਾਰਾਂ ਤੇ ਗਿਆਨ ਨੂੰ ਝੁਠਲਾ ਰਿਹਾ ਹੈ ਅਤੇ ਦੇਸ਼ਕਾਲ ਅਤੇ ਇਤਿਹਾਸਕ ਅਨੁਭਵ ਦੇ ਸਮੁੱਚ ਨੂੰ ਗਿਆਨ, ਇਤਿਹਾਸ, ਨੈਤਿਕ ਮੁੱਲਾਂ ਜਾਂ ਵਿਕਾਸ, ਤੇ ਸਭ ਤੋਂ ਉੱਪਰ ਪਰਾਕਥਾਵਾਂ ਦੇ ਮੋਏ ਹੱਥ ਵਰਗੀਆਂ ਸਾਡੀਆਂ ਆਧੁਨਿਕ ਗਲਤ ਧਾਰਨਾਵਾਂ ਤੋਂ ਮੁਕਤੀ ਦਾਤਾ ਦੇ ਰੂਪ ਵਿਚ ਵੇਖਿਆ ਜਾ ਰਿਹਾ ਹੈ। ਉਨ੍ਹਾਂ ਦੇ ਅਨੁਸਾਰ ਮਾਰਕਸਵਾਦ ਅਤੇ ਉਸ ਦੀ ਸਮਾਜਵਾਦੀ ਪ੍ਰਯੋਜਨਾ ਇਸ ਗਲਤ ਆਧੁਨਿਕਤਾ ਦਾ ਸਭ ਤੋਂ ਚੰਗਾ ਜਾਂ ਕਹੀਏ ਤਾਂ ਸਭ ਤੋਂ ਬੁਰਾ ਵਿਸ਼ੇਸ਼ (ਖ਼ਾਸ) ਪ੍ਰਤੀਨਿਧੀ ਹੈ। ਜਿਸ ਤਰ੍ਹਾਂ ਕਿ ਪ੍ਰੰਪਰਾਗਤ ਟਰੇਨਿੰਗ ਅਨੁਕੂਲਨ ਜਾਂ ਸਹਿਮਤੀ ਹੈ, ਵਰਗਾਂ ਵਿਚ ਵੰਡੇ ਸਮਾਜਾਂ ਵਿਚ ਜਨਤਾ ਆਪਣੇ ਹੋਣ ਵਾਲੇ ਦੇਖੇ ਜਾ ਸਕਣ ਵਾਲੇ ਸੋਸ਼ਕਾਂ ਤੋਂ ਪਰੇ ਦੇਖ ਸਕਣ ਤੋਂ ਅਸਮਰਥ ਰਹੀ ਹੈ। ਉਤਰਆਧੁਨਿਕ ਸੋਚ ਮਹਾਨ ਕਥਾਨਕਾਂ ਤੋਂ ਆਪਣੇ ਅਵਿਸ਼ਵਾਸ ਨਾਲ ਇਸ ਅਦੂਰ ਦ੍ਰਿਸ਼ਟੀ ਨੂੰ ਸਹਿਜ ਰੂਪ ਵਿਚ ਹੋਰ ਵਧਾ ਦਿੰਦੀ ਹੈ। ਇਸ ਤਰ੍ਹਾਂ ਉਤਰ ਆਧੁਨਿਕਤਾਵਾਦ ਪੂੰਜੀਵਾਦ ਨੂੰ ਅਪਣਾ ਸਕਦਾ ਹੈ। ਸਮਾਜਵਾਦ ਨੂੰ ਨਹੀਂ।

ਇਥੇ ਦਿਲਚਸਪ ਗੱਲ ਇਹ ਹੈ ਕਿ ਕੁਝ ਮੌਲਿਕ ਅਤੇ ਪ੍ਰਮੁੱਖ ਆਧੁਨਿਕਤਾਵਾਦੀ ਜਿਨ੍ਹਾਂ ਨੇ ਮਾਰਕਸਵਾਦ ਜਾਂ ਸਮਾਜਵਾਦ ਦੇ ਵਿਰੋਧ ਵਿਚ ਅਜਿਹੀ ਆਲੋਚਨਾ ਕੀਤੀ ਹੈ ਕਦੇ ਆਪ ਮਾਰਕਸਵਾਦੀ ਜਾਂ ਮਾਰਕਸਵਾਦ ਦੇ ਕਰੀਬੀ ਰਹਿ ਚੁੱਕੇ ਹਨ ਅਤੇ ਸਮਾਜਵਾਦ ਵਿਚ ਉਨ੍ਹਾਂ ਦਾ ਵਿਸ਼ਵਾਸ ਰਿਹਾ ਹੈ। ਇਹ ਗੱਲ ਸਾਡਾ ਧਿਆਨ ਉੱਤਰ-ਆਧੁਨਿਕਤਾਵਾਦੀ ਘਟਨਾ ਦੇ ਇਕ ਖਾਸ ਮਨੋਵਿਗਿਆਨਕ ਪਹਿਲੂ ਵੱਲ ਦਿਵਾਉਂਦੀ ਹੈ। ਜੋ ਪੱਛਮ ਦੇ ਖੱਬੇ ਪੱਖੀ ਬੁੱਧੀ ਜੀਵੀਆਂ ਦੇ ਜੀਵਨ ਚਰਿੱਤਰ ਵਿਚ ਘਟੀ ਹੈ। ਉੱਤਰ ਆਧੁਨਿਕਤਾਵਾਦ ਨੇ ਪੂੰਜੀਵਾਦ ਤੋਂ ਬਹੁਤ ਕੁਝ ਲੈਣਾ-ਦੇਣਾ ਹੈ। ਜੇਮਸਨ ਅਤੇ ਹਾਰਵੀ ਵਰਗੇ ਵਿਦਵਾਨਾਂ ਨੇ ਇਸ ਨੂੰ 'ਲੇਟ ਪੂੰਜੀਵਾਦ' ਦੀ ਸਭਿਆਚਾਰਕ ਅਭੀਵਿਅਕਤੀ ਦੇ ਰੂਪ ਵਿਚ ਵੇਖਿਆ ਹੈ ਅਤੇ ਹਾਕੀਜ਼ ਨੇ ਪੁਰਾਤਨ ਪੰਥੀ ਦੀ ਤਰ੍ਹਾਂ ਅੱਜ ਵੀ ਝੂਠੀ ਚੇਤਨਾ ਵਰਗੀਆਂ ਧਾਰਨਾਵਾਂ ਵਿਚ ਵਿਸ਼ਵਾਸ ਰੱਖਦਿਆਂ ਹੋਇਆਂ ਇਕੋ ਸਮੇਂ ਉੱਤਰ ਆਧੁਨਿਕਤਾਵਾਦ ਨੂੰ ਪਰਿਭਾਸ਼ਤ ਵੀ ਕੀਤਾ ਹੈ ਤੇ ਖਾਰਿਜ ਵੀ। "ਉੱਤਰ ਆਧੁਨਿਕਤਾਵਾਦ ਉਪਭੋਗਤਾ ਪੂੰਜੀਵਾਦ ਦੀ ਵਿਚਾਰਧਾਰਾ ਤੋਂ ਵੱਧ ਕੇ ਕੁਝ ਵੀ ਨਹੀਂ।" ਪ੍ਰੰਤੂ ਇਸ ਦ੍ਰਿਸ਼ਟੀਕੋਣ ਵਿਚ ਥੋੜ੍ਹੀ ਜਿਹੀ ਸੱਚਾਈ ਤੋਂ ਵਧੇਰੇ ਹੋਰ ਬਹੁਤ ਕੁਝ ਹੈ। ਜਿਸ ਨੇ ਆਪਣੇ ਵਰਣਨਯੋਗ ਮਹੱਤਵਪੂਰਨ ਫਰਾਂਸੀਸੀ ਮੂਲ ਦੇ ਗਿਆਨ ਨਾਲ ਉੱਤਰ ਆਧੁਨਿਕਤਾਵਾਦ ਨੂੰ ਫਰਾਂਸੀਸੀ ਬੁੱਧੀਜੀਵੀਆਂ ਖਾਸ ਕਰਕੇ ਛੇਵੇਂ ਦਹਾਕੇ ਦੇ ਬੁੱਧੀਜੀਵੀਆਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੀ ਥੋੜ੍ਹਚਿਰੀ ਜਾਂ ਦੇਰ ਤੱਕ ਟਿਕਣ ਵਾਲੀ ਸਨਕ ਮੰਨਿਆ ਹੈ। ਜਿਨ੍ਹਾਂ ਨੇ ਆਪਣੇ ਕ੍ਰਾਂਤੀਕਾਰੀ ਵਿਸ਼ਵਾਸ ਖੋਹ ਕੇ ਬੁਰਜੂਆ ਸੰਸਾਰ ਜਿੱਥੇ ਉਹ ਰਹਿੰਦੇ ਹਨ ਤੇ ਜਿਸ ਦਾ ਲਾਭ ਉਹ ਉਠਾਉਂਦੇ ਹਨ, ਨਾਲ ਸ਼ਾਂਤੀ ਪੂਰਨ ਸਮਝੌਤਾ ਕਰਨ ਦੀ ਬਜਾਇ ਇਕ ਖਲਾਅ ਵਾਦੀ ਮਾਨਸਿਕਤਾ ਅਪਣਾ ਲਈ ਹੈ। ਸ਼ਾਇਦ ਉਨ੍ਹਾਂ ਦੇ ਮਨੋਵਿਗਿਆਨਕ ਰੂਪ ਤੋਂ ਦੁਨੀਆਂ ਨਾਲ ਸਮਝੌਤਾ ਕਰਨ ਅਤੇ ਉਸ ਤੋਂ ਹਾਰ ਮੰਨ ਲੈਣ ਦੇ ਇਸ ਤਰੀਕੇ ਨੂੰ ਸਭ ਤੋਂ ਆਸਾਨ ਸਮਝਿਆ ਹੋਵੇ। ਸਨਕ ਹੋਵੇ ਜਾਂ ਮੌਲਿਕ ਰੂਪ ਵਿਚ ਕੁਝ ਹੋਰ ਉਤਰ ਆਧੁਨਿਕਤਾਵਾਦ ਅੱਜ ਦੀ ਸੋਚ ਦਾ ਇਕ ਮਹੱਤਵਪੂਰਨ ਢੰਗ ਹੈ। ਪਰ ਮਾਰਕਸਵਾਦ ਦਾ ਵਧੇਰੇ ਤੌਰ 'ਤੇ ਉੱਤਰ ਮਾਰਕਸਵਾਦ ਦੇ ਰਸਤੇ ਉੱਤਰ-ਆਧੁਨਿਕਤਾਵਾਦ ਵੱਲ ਵਿਕਾਸ ਹੋਇਆ ਹੈ। ਉਸੇ ਤਰ੍ਹਾਂ ਪੱਛਮ ਦੇ ਤੇ ਤੀਸਰੀ ਦੁਨੀਆ ਦੇ ਬੁੱਧੀਜੀਵੀ ਮੋਹ ਭੰਗ ਜਾਂ ਆਤਮ ਸੰਤੁਸ਼ਟੀ ਵਿਚ ਹਰ ਜਗ੍ਹਾ ਵਿਚ ਬਿਲਕੁਲ ਨਵੇਂ ਸਮਾਜਵਾਦਿਕ ਸਿਧਾਂਤ ਦੇ ਦੁਆਲੇ ਜਮ੍ਹਾਂ ਹੋ ਗਏ ਹਨ। ਘੱਟ ਤੋਂ ਘੱਟ ਅੱਜ ਕੱਲ੍ਹ ਉਹ

ਆਧੁਨਿਕਤਾਵਾਦ ਏਨਾ ਪ੍ਰਭਾਵੀ ਤੇ ਸਰਵ-ਵਿਆਪੀ ਹੋ ਗਿਆ ਹੈ ਕਿ ਸਭ ਤੋਂ ਵਿਸ਼ੇਸ਼ ਬੌਧਿਕ ਲੋਕਾਚਾਰ ਬਣ ਗਿਆ ਹੈ। ਉੱਤਰ ਆਧੁਨਿਕਤਾਵਾਦ ਦਾ ਤੇਜ਼ ਤੇ ਦੂਰ-ਦੂਰ ਤੱਕ ਹੋਣ ਵਾਲਾ ਪ੍ਰਸਾਰ ਸਮਾਜਕ ਇਤਿਹਾਸਕਾਰਾਂ ਦੀ ਖੋਜ ਦਾ ਵਿਸ਼ਾ ਹੈ। ਕਦੇ-ਕਦੇ ਅਸਪੱਸ਼ਟ ਲੱਗਣ ਦੇ ਬਾਵਜੂਦ ਲੋਕਾਚਾਰ ਦੀ ਤਾਕਤ ਤੋਂ ਇਲਾਵਾ ਮਾਰਕਸਵਾਦ ਦੇ ਖ਼ਿਲਾਫ ਆਪਣੀ ਸੰਕਲਪ ਸ਼ਕਤੀ ਕਾਰਨ ਵੀ ਇਹ ਬਹੁਤ ਕੁਝ ਕਰਨ ਦੇ ਸਮਰੱਥ ਹੈ। ਪੂੰਜੀਵਾਦ ਤੇ ਉਸ ਦੀ ਮੌਜੂਦਾ ਜਿੱਤ ਦੇ ਸਾਹਮਣੇ ਇਸ ਦਾ ਆਤਮ ਸਮਰਪਣ ਬਿਲਕੁਲ ਸਪੱਸ਼ਟ ਹੈ। ਇਹ ਆਤਮ ਸਮਰਪਣ ਉੱਤਰ ਆਧੁਨਿਕਤਾਵਾਦ ਦੇ ਬਨਾਵਟੀ ਪੁਣੇ ਦੇ ਕਾਰਨ ਵਧੇਰੇ ਆਕਰਸ਼ਕ ਅਤੇ ਸੁਖਦਾਈ ਲੱਗਣ ਲੱਗਦਾ ਹੈ। ਇਹ ਵੀ ਕਿਹਾ ਜਾਣਾ ਜ਼ਰੂਰੀ ਹੈ ਕਿ ਉੱਤਰ ਆਧੁਨਿਕਤਾਵਾਦ ਸਿਧਾਂਤ ਦੀ ਸਫਲਤਾ ਬਹੁਤ ਅਰਥਾਂ ਵਿਚ ਪਰਜੀਵੀ ਹੈ ਕਿਉਂਕਿ ਇਹ ਆਪਣੇ ਸਿਧਾਂਤਕਾਰਾਂ ਦੇ ਇਸ ਦਾਅਵੇ ਉਪਰ ਟਿਕਿਆ ਹੋਇਆ ਹੈ। ਕਿ ਮਾਰਕਸਵਾਦ ਅਲੋਪ ਹੋ ਜਾਵੇਗਾ ਤੇ ਇਸੇ ਸਿਧਾਂਤ ਦੇ ਜ਼ੋਰ 'ਤੇ ਉੱਤਰ ਆਧੁਨਿਕਤਾਵਾਦੀ ਆਪਣੇ-ਆਪ ਨੂੰ ਸਭ ਤੋਂ ਵੱਧ ਵਿਕਸਿਤ ਅਤੇ ਮੌਲਿਕ ਸਮਾਜਿਕ ਸਿਧਾਂਤਕਾਰ ਮੰਨਦੇ ਹਨ।

## 2

ਭਾਸ਼ਾ ਔਖੀ ਹੈ ਤੇ ਗੁਪਤ ਵੀ ਇਸ ਲਈ ਸਮਝ ਤੋਂ ਪਰੇ ਹੈ ਅਤੇ ਸ਼ੁਰੂਆਤੀ ਗੁਰੂਮੰਤਰ ਲੈਣ ਵਾਲਿਆਂ ਨੂੰ ਛੱਡ ਕੇ ਇਹ ਭਾਸ਼ਣ ਸਭ ਦੇ ਲਈ ਸਮਝ ਤੋਂ ਬਾਹਰ ਹੈ। ਸਾਹਿਤ ਸ਼ਾਸ਼ਤਰ ਦੀ ਅਸੰਗਤੀ ਨੂੰ ਛੱਡ ਕੇ ਇਥੇ ਸਮਝ ਤੋਂ ਪਰੇ ਆਧੁਨਿਕ ਵਿਚਾਰ ਦੇ ਨਾਲ ਇਹ ਮਾਨਤਾ ਵੀ ਨਾਲ-ਨਾਲ ਚੱਲਦੀ ਹੈ.ਕਿ ਸਮਝ ਵਿਚ ਆਉਣਾ ਸਤਿਹੀ ਹੋਣਾ ਹੈ। ਸਿਧਾਂਤਕ ਹੋਣਾ ਨਹੀਂ ਹੈ ਅਤੇ ਨਿਸ਼ਚਿਤ ਹੀ ਸਿਧਾਂਤਕ ਤੌਰ 'ਤੇ ਗੰਭੀਰ ਹੋਣਾ ਨਹੀਂ ਹੈ।

ਆਲੋਚਕਾਂ ਦੀ ਗੱਲ ਨੂੰ ਛੱਡ ਦੇਈਏ ਤਾਂ ਉੱਤਰ ਆਧੁਨਿਕਤਾਵਾਦ ਦੇ ਸਿਧਾਂਤਕਾਰਾਂ ਵਿਚ ਵੀ ਇਹ ਸਹਿਮਤੀ ਨਹੀਂ ਹੈ ਕਿ ਉੱਤਰ ਆਧੁਨਿਕਤਾਵਾਦ ਅਸਲ ਵਿਚ ਹੈ ਕੀ? ਅਸਲ ਵਿਚ ਉੱਤਰ ਆਧੁਨਿਕਤਾਵਾਦ ਦੇ ਸਮਰਥਕ ਕਿਸੇ ਵਿਵਸਥਿਤ ਤੇ ਸੁਸੰਗਤ ਕੰਮ ਨੂੰ ਘ੍ਰਿਣਾ ਕਰਦੇ ਹਨ। ਤਾਰਕਿਕ ਰੂਪ ਵਿਚ ਉੱਤਰ ਆਧੁਨਿਕਤਾਵਾਦ ਨੂੰ ਸਮਝਣ ਤੇ ਇਸ ਦਾ ਮੁਲਾਂਕਣ ਕਰਨ ਵਿਚ ਸਾਡੀ ਔਖ ਇਸ ਤੱਤ ਨਾਲ ਜੁੜੀ ਹੋਈ ਹੈ ਕਿ ਇਸ ਦਾ ਉਭਾਰ ਸਹਿਜ ਰੂਪ ਵਿਚ ਹੋਇਆ ਹੈ ਅਤੇ ਖੱਬੇ ਪੱਖੀਆਂ ਉੱਪਰ ਪ੍ਰਭਾਵ ਦੇ ਰੂਪ ਵਿਚ ਹੋਇਆ ਹੈ ਅਤੇ ਇਸ ਦਾ ਸਿੱਧਾ ਸੰਬੰਧ ਉੱਤਰ ਮਾਰਕਸਵਾਦ ਅਤੇ ਉੱਤਰ ਸੰਰਚਨਾਵਾਦ ਦੇ ਨਾਲ-ਨਾਲ ਬਹੁਤ ਸਾਰੇ ਬੌਧਿਕ ਅਤੇ ਰਾਜਨੀਤਿਕ ਵਿਚਾਰਧਾਰਾਵਾਂ ਨਾਲ ਰਿਹਾ ਹੈ। ਸਾਡੇ ਲਈ ਉੱਤਰ ਆਧੁਨਿਕਤਾਵਾਦ ਦਾ ਮੁੱਢਲਾ ਦਬਾਅ ਬਿਲਕੁਲ ਸਪੱਸ਼ਟ ਹੈ ਜਿਸ ਉੱਪਰ ਵਿਚਾਰ ਕਰਨ ਤੋਂ ਤੁਰੰਤ ਬਾਅਦ ਉਨ੍ਹਾਂ ਵਿਸ਼ਿਆਂ ਵੱਲ ਧਿਆਨ ਦੇਣਾ ਹੋਵੇਗਾ ਜੋ ਕਿਸੇ ਵੀ ਸਮਾਜਵਾਦੀ ਲਈ ਜ਼ਰੂਰੀ ਹਨ। ਭਾਵੇਂ ਅਸੀਂ ਉੱਤਰ ਆਧੁਨਿਕਤਾਵਾਦ ਨੂੰ ਨਕਾਰ ਹੀ ਕਿਉਂ ਨਾ ਦੇਈਏ।

ਜਿਵੇਂ ਕਿ ਨਾਮ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਉੱਤਰ ਆਧੁਨਿਕਤਾਵਾਦ ਦਾ ਮੁੱਖ ਦਬਾਅ ਆਧੁਨਿਕਤਾ ਦੇ ਪਰਾਜੈਕਟ ਦਾ ਖੰਡਿਤ ਹੋਣਾ ਹੈ। ਆਧੁਨਿਕਤਾ ਦਾ ਉਦੈ ਅਸੀਂ ਨਵਜਾਗਰਣ ਵਿਚ ਵੇਖ ਸਕਦੇ ਹਾਂ। ਜਦੋਂ ਕਿ ਇਸ ਦਾ ਨਤੀਜਾ ਉਨੀਵੀਂ ਸਦੀ ਵਿਚ ਹਾਸਲ ਹੋਇਆ ਸੀ। ਤਥਾ-ਕਥਿਤ ਗਿਆਨ ਉਦੇ ਦੇ ਪ੍ਰੋਜੈਕਟ ਦਾ ਵਿਸ਼ਲੇਸ਼ਣ ਬੁੱਧੀਵਾਦ ਉਦਯੋਗੀਕਰਨ ਅਤੇ ਗਿਆਨ, ਉਤਪਾਦਨ ਦੇ ਪ੍ਰਮਾਣੀਕਰਨ ਵਿਚ ਹੋਇਆ ਹੈ ਤੇ ਉਸ ਦਾ ਵਿਸ਼ਵਾਸ ਲਕੀਰੀ ਵਿਕਾਸ ਅਤੇ ਵਿਸ਼ਵਵਿਆਪੀ ਅੰਤਿਮ ਸੱਚਾਂ ਦਾ ਸੀ। ਆਧੁਨਿਕਤਾ ਦਾ ਪ੍ਰੋਜੈਕਟ ਉਸ ਦੇਂ ਗਿਆਨ ਵਿਗਿਆਨ, ਉਸਦੇ ਬੁੱਧੀਵਾਦ



ਸਰਬਸ਼ਕਤੀਵਾਦ ਤੇ ਮਾਨਤਾਵਾਦ ਦੇ ਵਿਰੁੱਧ ਪ੍ਰਤੀਕਿਰਿਆ ਵਜੋਂ ਸਭ ਕੁਝ ਦੇ ਨਕਾਰ ਨੂੰ ਹੀ ਉੱਤਰ ਆਧੁਨਿਕਤਾਵਾਦ ਮੰਨਿਆ ਜਾਂਦਾ ਹੈ। ਇਥੇ ਮੇਰਾ ਵਿਸ਼ਾ ਵਿਸ਼ਵ ਦੇ 'ਰੈਨੇਸਾਂ' ਦੀ ਉੱਤਰ ਆਧੁਨਿਕ ਵਿਆਖਿਆ ਜਾਂ ਤਥਾ ਕਥਿਤ ਆਧੁਨਿਕਤਾ ਦਾ ਪ੍ਰੋਜੈਕਟ ਨਹੀਂ ਹੈ। ਇਤਿਹਾਸ ਤੇ ਵਿਕਾਸ ਦੇ ਬਹੁਤ ਸਾਰੇ ਸਿਧਾਤਾਂ ਵਿਗਿਆਨ ਅਤੇ ਤਕਨੀਕੀ ਗਿਆਨ ਅਤੇ ਸੱਤ (ਸਚ) ਜਾਂ ਤਰਕ ਉਸ ਦੀ ਧਾਰਨਾ ਦੀਆਂ ਬਹੁਤ ਸਾਰੀਆਂ ਗੱਲਾਂ ਦੀ ਆਲੋਚਨਾ ਬਿਨਾਂ ਸ਼ੱਕ ਕੀਤੀ ਜਾ ਸਕਦੀ ਹੈ। ਫੀਅਰਬੈਂਡ ਨੇ ਤਰਕ ਦੀ ਅਤਿ ਤੋਂ ਪੈਦਾ ਹੋਏ ਕੁਝ ਰੌਂਗਟੇ ਖੜ੍ਹੇ ਕਰਨ ਵਾਲੇ ਅਨਿਆਇ ਪੂਰਨ ਪ੍ਰਸੰਗਾਂ ਦੀ ਚਰਚਾ ਕੀਤੀ ਹੈ। ਉਸ ਦਾ ਆਸ਼ਾਵਾਦ ਕੱਲ੍ਹ ਜਾਂ ਅੱਜ ਕਿੰਨਾ ਵੀ ਉਚਿਤ ਹੋਵੇ ਸਮਾਜਿਕ ਪਰਿਵਰਤਨ ਵਿਚ ਮਾਨਵੀ ਪ੍ਰਸਥਿਤੀਆਂ ਅਤੇ ਪ੍ਰਕਿਰਿਆਵਾਂ ਦੀ ਜਟਿਲਤਾ ਦੇ ਦਵੰਦ ਦੇ ਪ੍ਰਤੀ ਉਹ ਸੰਵੇਦਨਹੀਣ ਤੇ ਉਦਾਸ ਹੈ। ਇਹ ਤੱਥ ਕਹਾਣੀ ਦਾ ਇਕ ਛੋਟਾ ਜਿਹਾ ਹਿੱਸਾ ਨਹੀਂ ਹੈ ਬਲਕਿ ਉੱਤਰ ਆਧੁਨਿਕਤਾਵਾਦ ਦੇ ਆਉਣ ਤੋਂ ਪਹਿਲਾਂ ਹੀ ਇਸ ਦੇ ਆਪਣੇ ਅੰਦਰ ਹੀ ਇਸ ਦੀ ਆਲੋਚਨਾ ਹੋਣ ਲੱਗੀ ਸੀ। ਉਦਾਹਰਣ ਲਈ ਮਾਰਕਸ ਵੀ ਰੈਨੇਸਾਂ ਦੀ ਸਿਧਾਂਤਕ ਗੱਠੜੀ ਦੀਆਂ ਸੀਮਾਵਾਂ ਅਤੇ ਕਮਜ਼ੋਰੀਆਂ ਤੋਂ ਪੂਰੀ ਤਰ੍ਹਾਂ ਜਾਣੂ ਸੀ। ਦੂਸਰੇ ਸ਼ਬਦਾਂ ਵਿਚ ਰੈਨੇਸਾਂ ਜਾਂ ਆਧੁਨਿਕਤਾ ਦੋਨਾਂ ਵਿਚ ਸਾਲਾਂ ਤੋਂ ਸਾਰੀਆਂ ਬੁਰਾਈਆਂ ਉੱਤੇ ਪ੍ਰਸ਼ਨ ਚਿੰਨ੍ਹ ਲਗਾਉਣ ਦੀ ਇਕ ਮਜ਼ਬੂਤ ਆਲੋਚਨਾਤਮਕ ਪ੍ਰੰਪਰਾ ਰਹੀ ਹੈ। ਉੱਤਰ ਆਧੁਨਿਕਤਾਵਾਦ ਜਿੱਥੇ ਇਨ੍ਹਾਂ ਬੁਰਾਈਆਂ ਦਾ ਆਰੋਪ ਇਨ੍ਹਾਂ ਦੋਨਾਂ ਉੱਪਰ ਲਗਾਉਂਦਾ ਹੈ ਉਥੇ ਗੰਭੀਰ ਅਜੋੜਤਾਵਾਂ ਸਨ ਪ੍ਰੰਤੂ ਉਸ ਦੀ ਪ੍ਰੰਪਰਾ ਸੰਪੂਰਨ ਰੂਪ ਵਿਚ ਇਕ ਸਕਾਰਾਤਮਕ ਅਤੇ ਬੌਧਿਕ ਸੰਦੇਹਵਾਦ ਦੀ ਪ੍ਰੰਪਰਾ ਸੀ। ਮੈਂ ਉਸ ਨੂੰ ਵਿਗਿਆਨਕ ਸੰਦੇਹਵਾਦ ਵੀ ਕਹਿ ਸਕਦਾ ਹਾਂ ਜਿਸਨੇ ਸਾਨੂੰ ਆਪਣੇ ਆਸਪਾਸ ਫੈਲੇ ਯਥਾਰਥ ਦਾ ਬਿਹਤਰ ਗਿਆਨ ਦਿੱਤਾ ਅਤੇ ਚੀਜ਼ਾਂ ਦੀ ਚੋਣ ਅਤੇ ਉਨ੍ਹਾਂ ਨੂੰ ਲਾਗੂ ਕਰਨ ਦੀ ਸਾਡੀ ਪ੍ਰਕਿਰਿਆ ਨੂੰ ਵਿਕਸਿਤ ਕੀਤਾ। ਉੱਤਰ ਆਧੁਨਿਕਤਾਵਾਦ ਦੀਆਂ ਜੜ੍ਹਾਂ ਆਪਣੇ ਤਰੀਕੇ ਨਾਲ ਆਧੁਨਿਕਤਾ ਦੇ ਅੰਦਰ ਸੰਦੇਹਵਾਦੀ ਪ੍ਰੰਪਰਾ ਵਿਚ ਫੈਲੀਆਂ ਹੋਈਆਂ ਹਨ। ਲੇਕਿਨ ਹੋਇਆ ਇਹ ਹੈ ਕਿ ਆਪਣੇ ਨਵੇਂ ਮੋੜ 'ਤੇ (ਜਿਵੇਂ ਕਿ ਇਸ ਦੇ ਪ੍ਰਮੁੱਖ ਚਾਨਣਮੁਨਾਰੇ ਲਾਕਲਾਉ ਨੇ ਕਿਹਾ ਹੈ) ਸੰਦੇਹਵਾਦ ਨੂੰ ਸਿਧਾਂਤਕ ਤੌਰ 'ਤੇ ਆਪਣੇ ਸਿਖਰ 'ਤੇ ਸ਼ੂਨਵਾਦੀ (ਖਲਾਅਵਾਦੀ) ਨਤੀਜਿਆਂ ਤੱਕ ਪਹੁੰਚਾਇਆ ਗਿਆ ਹੈ। ਮਾਰਕਸਵਾਦ ਮਾਨਵੀ ਵਿਚਾਰ ਅਤੇ ਕਿਰਿਆ ਦੀਆਂ ਜੜ੍ਹਾਂ ਦੀ ਜਾਂਚ ਰਾਹੀਂ ਮਾਨਵ ਜੀਵਨ ਨੂੰ ਇਕ ਦ੍ਰਿਸ਼ਟੀ ਤੇ ਉਦੇਸ਼ ਦਿੰਦਾ ਹੈ। ਉੱਤਰ ਆਧੁਨਿਕਤਾਵਾਦ ਆਪਣੇ ਦਾਰਸ਼ਨਿਕ ਭੂਤ ਦੀ ਯਾਦ ਕਰਦਿਆਂ ਹੋਇਆਂ ਅਜਿਹੀ ਕੋਈ ਜਾਂਚ ਨਹੀਂ ਕਰਦਾ ਤੇ ਕਹਿੰਦਾ ਹੈ ਕਿ ਇਸ ਜਾਂਚ ਨੂੰ ਇਕ ਤਰੀਕੇ ਨਾਲ ਨਹੀਂ ਕੀਤਾ ਜਾ ਸਕਦਾ। ਅੰਤਿਮ ਤੌਰ 'ਤੇ ਜੀਵਨ ਦੇ ਪ੍ਰਤੀ ਉੱਤਰ ਆਧੁਨਿਕਤਾਵਾਦੀ ਨਜ਼ਰੀਆ ਕੁਝ ਅਜਿਹਾ ਹੈ ਜਿਵੇਂ ਸ਼ੈਕਸ਼ਪੀਅਰ ਨੇ ਮੈਕਥ ਤੋਂ ਅਖਵਾਇਆ ਸੀ, "ਇਕ ਮੂਰਖ ਦੁਆਰਾ ਕਹੀ ਗਈ ਕਹਾਣੀ ਜਿਸ ਵਿਚ ਸ਼ੋਰ ਅਤੇ ਅਨੁਵਾਦ ਹੈ ਤਾਂ ਲੇਕਿਨ ਕੋਈ ਅਰਥ ਨਹੀਂ।"

## 3

ਜੇ ਕਦੇ ਦੇਖਣ ਦੀ ਇੱਛਾ ਵੀ ਹੋਈ ਤਾਂ ਉਤਰ ਆਧੁਨਿਕਤਾਵਾਦ ਦੁਨੀਆਂ ਅਤੇ ਸਮਾਜਿਕ ਯਥਾਰਥ ਨੂੰ ਸਾਰ ਰੂਪ ਵਿਚ ਖੰਡਿਤ ਰੂਪ ਵਿਚ ਵੇਖਦਾ ਹੈ। ਇਕ ਸਾਪੇਖ ਖੇਤਰ ਜੋ ਥੋੜ੍ਹਚਿਰਾ ਅਤੇ ਵਿਖੰਡਿਤ ਹੈ ਜਿੱਥੇ ਜ਼ਿੰਦਗੀ ਦੀ ਅੰਨ੍ਹੀ ਵਿਵਸਥਾ ਵਿਚ ਸਿਰਫ਼ ਖੁਸ਼ੀ ਨਾਮ ਦੀ ਚੀਜ਼ ਹੀ ਸੰਭਵ ਹੈ ਜਿਵੇਂ ਇਹ ਕੋਈ ਇਕ ਖੇਲ੍ਹ ਹੋਵੇ। ਸਮਾਜਕ ਯਥਾਰਥ ਦੀ ਕਲਪਨਾ ਨਿਸ਼ਚੇਪੂਰਵਕ ਵਾਸਤਵਿਕ ਅਨੁਭਵ ਅਧਾਰਿਤ ਵਿਸ਼ੇਸ਼ਤਾਵਾਂ ਦੀਆਂ ਸ਼ਰਤਾਂ

'ਤੇ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਨਿਰਮਿਤ ਪੂਰਨਤਾ ਦੀਆਂ ਸ਼ਰਤਾਂ ਤੇ ਸੰਰਚਨਾ ਜਾਂ ਸੰਰਚਨਾਤਮਕ ਸੰਬੰਧਾਂ ਦੀ ਧਾਰਨਾ ਕਿਸੇ ਵੀ ਕੰਮ ਦੀ ਨਹੀਂ। ਸਮਾਜਿਕ ਸੰਪੂਰਨਤਾ ਜਾਂ ਮਾਨਵੀ ਗਿਆਨ ਤੱਕ ਪਹੁੰਚਣ ਵਾਲੀਆਂ ਬਣੀਆਂ ਬਣਾਈਆਂ ਪ੍ਰਕਿਰਿਆਵਾਂ ਨਹੀਂ ਹੁੰਦੀਆਂ। ਪਹਿਚਾਣ ਅਤੇ ਸਮਾਜਿਕ ਭਿੰਨਤਾਵਾਂ ਇੰਨੀਆਂ ਅਸਮਾਨ ਤੇ ਲਚੀਲੀਆਂ ਹਨ ਇਨ੍ਹਾਂ ਨੂੰ ਕੋਲਾਜ ਦੇ ਵਾਂਗ ਅਸੰਗਤ ਰੂਪ ਵਿਚ ਹੀ ਪੁਨਰ ਵਿਵਸਥਿਤ ਕੀਤਾ ਜਾ ਸਕਦਾ ਹੈ। ਆਪਣੀਆਂ ਵਿਵਸਥਿਤ ਏਕਤਾ ਤੇ ਗਤੀ ਦੇ ਨਿਯਮਾਂ ਰਾਹੀਂ ਸੰਰਚਿਤ ਤੇ ਸੰਯੋਜਿਤ ਪੂੰਜੀਵਾਦ ਦਾ ਨਕਾਰ ਪ੍ਰਮੁੱਖ ਵਿਸ਼ਾ ਹੈ। ਪੂੰਜੀਵਾਦ ਦੇ ਸੰਗਠਿਤ ਸੰਬੰਧ ਦੂਸਰੀਆਂ ਪਹਿਚਾਣਾਂ ਦੇ ਨਾਲ ਵਿਅਕਤੀਗਤ ਪਹਿਚਾਣ ਨਾਲ ਜੁੜੇ ਹੋਏ ਹਨ। ਜੋ ਹੁਣ ਕਿਸੇ ਵੀ ਤਰ੍ਹਾਂ ਆਪਣੀ ਇਤਿਹਾਸਕ ਕੇਂਦ੍ਰਤਾ 'ਤੇ ਚਲਦਿਆਂ ਵਿਸ਼ੇਸ਼ ਨਹੀਂ ਹਨ। ਇਸ ਲਈ ਪੂੰਜੀਵਾਦ ਕਿਸੇ ਅਚਾਨਕ ਵਿਸ਼ਲੇਸ਼ਣ ਲਈ ਉੱਤਰਦਾਈ ਨਹੀਂ ਹੈ। ਸੰਰਚਨਾਵਾਂ ਅਤੇ ਕਾਰਨ ਸਾਰੇ ਖੰਡਾਂ ਅਤੇ ਸੰਭਾਵਨਾਵਾਂ ਨਾਲ ਵਿਸਥਾਪਿਤ ਹੋ ਜਾਂਦੇ ਹਨ। ਇਥੇ ਇਕ ਅਤਾਰਕਿਕ ਸਾਰੇ ਦਰਸ਼ਨਾਂ ਦੀ ਗ੍ਰਹਿਣ ਕਰਨ ਯੋਗਤਾ ਹੈ ਜੋ ਵਿਸ਼ੇਸ਼ਤਾ ਤੇ ਭਿੰਨਤਾ ਨੂੰ ਆਪਣੇ ਲਈ ਪ੍ਰਸਾਰਿਤ ਕਰਦੀ ਹੈ। ਸਿਰਫ਼ ਬਹੁਤ ਸਾਰੀਆਂ ਭਿੰਨ-ਭਿੰਨ ਤਰ੍ਹਾਂ ਦੀਆਂ ਸ਼ਕਤੀਆਂ, ਦਮਨ, ਪਹਿਚਾਣ ਆਦਿ ਹਨ ਅਤੇ ਉਨ੍ਹਾਂ ਸੰਬੰਧੀ ਉਨ੍ਹਾਂ ਤੋਂ ਵੀ ਵਧੇਰੇ ਪ੍ਰਵਚਨ ਹਨ।

ਸੰਭਵਤਾ ਅਤੇ ਇਸ ਲਈ ਆਂਚਲਕ ਵਿਸ਼ਲੇਸ਼ਣ ਦੀ ਸੰਭਾਵਨਾ ਤੋਂ ਵੀ ਇਨਕਾਰ ਕੀਤਾ ਗਿਆ ਹੈ। ਜਿਸ ਤਰ੍ਹਾਂ ਕਿ ਪ੍ਰੰਪਰਾਗਤ ਰੂਪ ਵਿਚ ਕਲਪਨਾ ਕੀਤੀ ਗਈ ਹੈ, ਕੋਈ ਵੀ ਸਮਾਜ ਵਿਗਿਆਨ ਜਾਂ ਸ਼ਾਇਦ ਅੰਤਿਮ ਸਥਿਤੀ ਵਿਚ ਕੋਈ ਵੀ ਵਿਗਿਆਨ ਹੋ ਹੀ ਨਹੀਂ ਸਕਦਾ। ਜਿਸ ਦੀ ਸੰਭਾਵਨਾ ਹੋ ਸਕਦੀ ਹੈ ਅਤੇ ਜਿਸ ਦੀ ਵਕਾਲਤ ਕੀਤੀ ਜਾਂਦੀ ਹੈ ਉਹ ਇਹ ਹੈ ਕਿ ਇਕ ਵਿਖੰਡਿਤ ਨਿਰੰਤਰ ਅਨਿਸ਼ਚਿਤ ਵਿਸ਼ਲੇਸ਼ਣ ਇਥੇ ਗਿਆਨ ਦੀ ਇਤਿਹਾਸਕਤਾ ਤਾਂ ਹੈ ਪ੍ਰੰਤੂ ਇਤਿਹਾਸਕ ਗਿਆਨ ਜਾਂ ਵਸਤੂਗਤ ਸਚਾਈ ਨਹੀਂ ਹੈ। ਇਥੇ ਮਾਰਕਸਵਾਦ ਨੂੰ ਖਾਰਿਜ ਕਰ ਦਿੱਤਾ ਗਿਆ ਹੈ ਅਤੇ ਇਸੇ ਤਰ੍ਹਾਂ ਸਮਾਜਿਕ ਜਾਂ ਇਤਿਹਾਸਕ ਪ੍ਰਸਥਿਤੀਆਂ ਦੀ ਸੁਨਿਯੋਜਿਤ ਵਿਆਖਿਆ ਦੇ ਕਿਸੇ ਵੀ ਯਤਨ ਨੂੰ ਨਕਾਰ ਦਿੱਤਾ ਗਿਆ ਹੈ। ਅਸੀਂ ਇਤਿਹਾਸਕ ਪ੍ਰਕਿਰਿਆਵਾਂ ਜਾਂ ਸੰਭਵਤਾ ਦੇ ਹਰ ਵਿਚਾਰ ਨੂੰ ਤਿਆਗਣਾ ਨਹੀਂ ਹੈ ਬਲਕਿ ਇਸ ਦੇ ਨਾਲ-ਨਾਲ ਸਪੱਸ਼ਟ ਰੂਪ ਵਿਚ ਇਤਿਹਾਸ ਨਿਰਮਾਣ ਦੇ ਹਰ ਵਿਚਾਰ ਨੂੰ ਵੀ ਤਿਆਗ ਦੇਣਾ ਹੈ।

ਉਤਰ ਆਧੁਨਿਕ 'ਨਵੇਂ ਮੋੜ' ਦੀ ਇਕ ਵੱਖਰੀ ਵਿਸ਼ੇਸ਼ਤਾ ਇਹ ਹੈ ਕਿ ਇੱਥੇ ਹਰ ਤਰ੍ਹਾਂ ਦੇ ਵਿਚਾਰ ਦਾ ਜ਼ੋਰਦਾਰ ਵਿਰੋਧ ਹੈ। ਜਿਨ੍ਹਾਂ ਨੂੰ ਤਥਾ ਕਥਿਤ ਕਥਾਨਕਾਂ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਇਥੇ ਬੇਹੱਦ ਮਹੱਤਵਪੂਰਨ ਗੱਲ ਇਹ ਹੈ ਕਿ ਹਮਲੇ ਲਈ ਵਿਸ਼ੇਸ਼ ਅਧਿਕਾਰਾਂ ਵਾਲੇ ਉਹ ਸੰਸਾਰੀ ਅਤੇ ਮੁਕਤੀਦਾਤਾ ਪਰਾਕਥਾਨਿਕ ਹਨ ਜੋ ਆਮ ਤੌਰ 'ਤੇ ਮਨੁੱਖੀ ਮੁਕਤੀ ਲਈ ਯਤਨਸ਼ੀਲ ਪ੍ਰੋਜੈਕਟਾਂ ਦੇ ਰੂਪ ਵਿਚ ਮਾਰਕਸਵਾਦ ਅਤੇ ਸਮਾਜਵਾਦ ਦੀ ਵਿਸ਼ੇਸ਼ ਪ੍ਰਤੀਨਿਧਤਾ ਕਰਦੇ ਹਨ। ਤਰਕ ਇਹ ਦਿੱਤਾ ਜਾਂਦਾ ਹੈ ਕਿ ਸਮਾਜਿਕ ਪਰਿਵਰਤਨ ਲਈ ਕੋਈ ਵੀ ਵਿਆਪਕ ਅੰਦੋਲਨ ਅਤੇ ਆਮ ਤੌਰ 'ਤੇ ਬਰਾਬਰੀ ਅਤੇ ਆਜ਼ਾਦੀ ਲਈ ਮੁਕਤੀ ਸੰਘਰਸ਼ ਪੱਕੇ ਤੌਰ 'ਤੇ ਦਮਨ ਅਤੇ ਉਤਪੀੜਨ ਦੇ ਨਵੇਂ ਰਸਤਿਆਂ ਵੱਲ ਲੈ ਜਾਂਦੇ ਹਨ। ਜੋ ਸੰਭਵ ਹੈ ਅਤੇ ਜਿਨ੍ਹਾਂ ਨੂੰ ਇਜਾਜ਼ਤ ਹੈ ਉਹ ਸਿਰਫ਼ ਵਿਸ਼ੇਸ਼ ਸਮੱਸਿਆਵਾਂ ਲਈ ਵਿਸ਼ੇਸ਼ ਸੰਘਰਸ਼, ਵਿਸ਼ੇਸ਼ ਦਮਨ ਦੇ ਵਿਰੁੱਧ। ਇਹ ਭਿੰਨਤਾ ਤੇ ਨਿੱਜਤਾ ਦੀ ਖੰਡਿਤ ਰਾਜਨੀਤੀ ਹੈ।

ਠੀਕ ਇਸੇ ਤਰ੍ਹਾਂ ਹੀ ਖਾਲੀ ਜਾਂ ਖਲਾਅਵਾਦੀ ਨਤੀਜਿਆਂ ਵਾਲੀ ਨੈਤਿਕਤਾ ਦੇ



ਖੇਤਰ ਵਿਚ ਵੀ ਉਤਰ ਆਧੁਨਿਕ ਵਿਖੰਡਿਤ ਅਤੇ ਅਸਪੱਸ਼ਟ ਵਿਆਖਿਆ ਦਾ ਸਹਾਰਾ ਲਿਆ ਜਾਂਦਾ ਹੈ। ਅਸੀਂ ਕਿਸੇ ਵੀ ਬੌਧਿਕ ਮੁੱਲ ਦੇ ਪ੍ਰਤੀ ਸੰਦੇਹ ਤੋਂ ਉਪਰ ਨਹੀਂ ਹੋ ਸਕਦੇ। ਮਨੁੱਖਾਂ, ਸਮੂਹਾਂ ਅਤੇ ਪ੍ਰੰਪਰਾਵਾਂ ਵਿਚ ਵਿਸ਼ਵਪੱਧਰ 'ਤੇ ਪਹੁੰਚਾਏ ਜਾਣ ਲਾਇਕ ਨੈਤਿਕ ਸਿਧਾਤਾਂ ਦੀ ਕੋਈ ਗੱਲ ਹੀ ਨਹੀਂ ਹੈ। ਅਸੀਂ ਸਿੱਧੇ ਤੌਰ 'ਤੇ ਕੋਈ ਵੀ ਆਮ ਨੈਤਿਕ ਸਿਧਾਂਤ ਨਾ ਪਾਲ ਸਕਦੇ ਹਾਂ ਤੇ ਨਾ ਪਾਲਦੇ ਹਾਂ। ਇਥੇ ਵਿਸ਼ਵ ਪੱਧਰ ਦੇ ਮੁੱਲਾਂ, ਇੱਛਾਵਾਂ, ਸੰਭਵਤਾ ਅਤੇ ਲੋੜਾਂ ਤੋਂ ਸਪੱਸ਼ਟ ਇਨਕਾਰ ਹੈ। ਮੁੱਲਾਂ ਵਾਂਗ ਹੀ ਗਿਆਨ ਦੀ ਨਾ ਘਟਾਏ ਜਾ ਸਕਣ ਵਾਲੀ ਇਤਿਹਾਸਕਤਾ ਨੂੰ ਸਿਧਾਂਤਕ ਤੌਰ 'ਤੇ ਸਭ ਤੋਂ ਘਟੀਆ ਸਾਪੇਖਵਾਦ ਮੰਨਣ ਵਾਲੇ ਉਤਰ ਆਧੁਨਿਕ ਚਿੰਤਕਾਂ ਦਾ ਤਰਕ ਮੰਨ ਲਈਏ ਤਾਂ ਅੰਤਿਮ ਤੌਰ 'ਤੇ ਜ਼ਰੂਰੀ ਤੌਰ 'ਤੇ ਨੈਤਿਕ ਖਲਾਅ ਹੀ ਨਤੀਜੇ ਵਜੋਂ ਬਚਿਆ ਰਹਿ ਜਾਂਦਾ ਹੈ। ਇਥੇ ਸੱਚਾਂ ਦੀ ਤਰ੍ਹਾਂ ਹੀ ਮੁੱਲਾਂ ਦੀ ਵੀ ਭਿੰਨਤਾ ਹੈ ਅਤੇ ਉਨ੍ਹਾਂ ਵਿਚ ਚੋਣ ਕਰਨ ਜਾਂ ਫੈਸਲਾ ਲੈਣ ਦਾ ਕੋਈ ਵੀ ਬੌਧਿਕ ਰਸਤਾ ਬਾਕੀ ਨਹੀਂ ਬਚਦਾ।

## 4

ਉਤਰ ਆਧੁਨਿਕਤਾਵਾਦ ਮੂਲ ਵਿਸ਼ਿਆਂ ਦਾ ਤ੍ਰਿਸਕਾਰ ਕਰ ਸਕਦਾ ਹੈ ਜਾਂ ਦਾਰਸ਼ਨਿਕ ਸੰਸਥਾਵਾਂ ਨੂੰ ਟਾਲ ਸਕਦਾ ਹੈ ਪ੍ਰੰਤੂ ਇਹ ਪ੍ਰਤੇਵਾਦ ਦੇ ਭੇਸ ਵਿਚ ਅਤੇ ਦਾਰਸ਼ਨਿਕ ਪ੍ਰਤੇਵਾਦ ਦੇ ਖਾਸ ਨਵੇਂ ਰੂਪ ਵਿਚ ਉਪਸਥਿਤ ਹੋਇਆ ਹੈ। ਇਹ ਭਾਸ਼ਣ (ਪ੍ਰਵਚਨ) ਦਾ ਪ੍ਰਤੇਵਾਦ ਹੈ ਅਤੇ ਇਕ ਪੌੜੀ ਹੋਰ ਉਪਰ ਜਾ ਕੇ ਇਹ ਭਾਸ਼ਾ ਦਾ ਪ੍ਰਤੇਵਾਦ ਹੈ ਜਿਸ ਤੋਂ ਬਿਨਾਂ ਪ੍ਰਵਚਨ ਸੰਭਵ ਨਹੀਂ। ਵਸਤੂਗਤ ਪ੍ਰਤੇਵਾਦ ਹੋਣ ਕਾਰਨ ਇਸ ਵਿਚ ਅਹਿਮ ਮਾਤਰਵਾਦ ਦੀ ਗੰਧ ਆਉਂਦੀ ਹੈ।

ਬੇਸ਼ਿਸ ਸ਼ੁਰੂ ਹੁੰਦਿਆਂ ਹੀ ਖੰਡਿਤ ਅਤੇ ਅਨਿਸ਼ਚਿਤ ਸਮਾਜਕ ਯਥਾਰਥ ਛੇਤੀ ਹੀ ਪ੍ਰਵਚਨ ਵਿਚ ਵਿਲੀਨ ਹੋ ਜਾਂਦਾ ਹੈ। ਇਤਿਹਾਸਕ ਪ੍ਰਸਥਿਤੀਆਂ ਅਤੇ ਸੰਬੰਧਾਂ, ਸੀਮਾਵਾਂ ਅਤੇ ਸੰਭਾਵਨਾਵਾਂ ਦੀ ਅਣਹੋਂਦ ਵਿਚ ਮਨਮਾਨੀਆਂ ਨਜ਼ਦੀਕੀਆਂ ਸੰਯੋਗਾਂ ਅਤੇ ਸੰਭਾਵਨਾਵਾਂ ਵੱਖ ਅਤੇ ਇਕੱਲੇ ਟੁਕੜਿਆਂ ਅਤੇ ਭਿੰਨਤਾਵਾਂ ਨੂੰ ਨਾਲ ਜੋੜਨ ਵਾਲੀ ਜੇਕਰ ਕੋਈ ਅਰਥ ਤੇ ਸੰਗਤੀ ਪ੍ਰਦਾਨ ਕਰਨ ਵਾਲੀ ਕੋਈ ਚੀਜ਼ ਹੈ ਤਾਂ ਉਹ ਹੈ ਸਿਰਫ਼ ਪ੍ਰਵਚਨ ਦਾ ਤਰਕ। ਇਥੇ ਕਿਸੇ ਸਮਾਜਕ ਆਧਾਰ ਵਾਲੇ ਵਿਚਾਰ ਜਾਂ ਆਦਰਸ਼ ਦੇ ਸਵੈਸ਼ਾਸਨ ਤੋਂ ਸਿਰਫ਼ ਵੱਖ ਹੋਣ ਦਾ ਮਸਲਾ ਨਹੀਂ ਹੈ ਬਲਕਿ ਆਪਣੇ ਆਪ ਵਿਚ ਕਾਫੀ ਆਜ਼ਾਦੀ ਅਤੇ ਨਤੀਜੇ ਵਜੋਂ ਸਮਾਜਕ ਯਥਾਰਥ ਨੂੰ ਵੀ ਹੁਣ ਵਿਚਾਰ ਜਾਂ ਪ੍ਰਵਚਨ ਹੀ ਸੰਗਠਿਤ ਕਰਦੇ ਹਨ। ਯਥਾਰਥ ਸਿਰਫ ਤਰਕ ਦਾ ਖੇਤਰ ਹੈ ਉਹ ਵਸਤੂਗਤ ਹੋਣ ਦੀ ਬਜਾਇ ਤਰਕ ਰਾਹੀਂ ਸਿਰਜਿਆ ਇਕ ਵਿਚਾਰ ਹੈ। ਸਚਮੁੱਚ ਭਾਸ਼ਾ ਹੀ ਸਭ ਕੁਝ ਹੈ।

ਬਹੁਤ ਸਮਾਂ ਪਹਿਲਾਂ ਮਾਰਕਸ ਤੇ ਏਂਗਲਜ਼ ਨੇ ਜਰਮਨ ਵਿਚਾਰਧਾਰਾ ਪੁਸਤਕ ਵਿਚ ਲਿਖਿਆ ਸੀ, "ਭਾਸ਼ਾ ਵਿਚਾਰ ਦੀ ਤਾਤਕਾਲਿਕ ਵਾਸਤਵਿਕਤਾ ਹੈ" ਜਿਵੇਂ ਦਾਰਸ਼ਨਿਕਾਂ ਨੇ ਵਿਚਾਰ ਨੂੰ ਇਕ ਆਜ਼ਾਦ ਹੋਂਦ ਪ੍ਰਦਾਨ ਕੀਤੀ ਹੈ। ਉਸੇ ਤਰ੍ਹਾਂ ਉਹ ਭਾਸ਼ਾ ਨੂੰ ਇਕ ਸੁਤੰਤਰ ਖੇਤਰ ਕਹਿਣ ਲਈ ਮਜਬੂਰ ਹਨ। ਮਾਰਕਸ ਤੋਂ ਪਹਿਲਾਂ ਉਸ ਦੇ ਸਮੇਂ ਵਿਚ ਤੇ ਉਸ ਤੋਂ ਬਾਦ ਵੀ ਦਾਰਸ਼ਨਿਕ ਇਸ ਕੰਮ ਵਿਚ ਲੱਗੇ ਰਹੇ ਜਾਂ ਇਸ ਲਈ ਜ਼ਮੀਨ ਤਿਆਰ ਕਰਦੇ ਰਹੇ। ਪਲੈਟੋ ਦੇ ਵਿਚਾਰ ਦਾ ਸਿਧਾਂਤ 'ਇਕ ਮਹੱਤਵਪੂਰਨ ਸ਼ੁਰੂਆਤ ਸੀ ਅਤੇ ਹੀਗਲ ਦੇ ਮਹਾਨ ਕੰਮ ਦੀ ਜਾਣਕਾਰੀ ਵੀ ਮਾਰਕਸ ਨੂੰ ਸੀ' "ਹੀਗਲ ਲਈ ਮਾਨਵੀ ਦਿਮਾਗ ਦੀ ਜੀਵਨ ਪ੍ਰਕਿਰਿਆ ਜਾਂ ਵਿਚਾਰ ਦੀ ਪ੍ਰਕਿਰਿਆ ਅਜਿਹੀ ਹੈ ਕਿ ਵਿਚਾਰ ਦੇ ਨਾਂ 'ਤੇ ਉਹ ਉਸ ਨੂੰ ਸੁਤੰਤਰ ਵਿਸ਼ੇ ਵਿਚ ਪਰਿਵਰਤਿਤ ਕਰ ਦਿੰਦਾ ਹੈ ਜੋ ਵਾਸਤਵਿਕ ਸੰਸਾਰ ਦਾ ਹੈ ਅਤੇ ਵਾਸਤਵਿਕ ਸੰਸਾਰ ਵਿਚਾਰ ਦਾ ਇਕੋ ਮਾਤਰ ਬਾਹਰੀ ਰੂਪਾਕਾਰ

ਹੈ।"

ਬੇਰੋਜ਼ਡਨਹਮ ਨੇ 'ਵਿਸ਼ਲੇਸ਼ਣ ਦਾ ਯੁੱਗ ਵਿਚ' ਹਾਲ ਹੀ ਵਿਚ ਲਿਖਿਆ ਹੈ "ਜਿੱਥੇ ਦਾਰਸ਼ਨਿਕਾਂ ਨੇ ਕਦੇ ਨਿਡਰ ਹੋ ਕੇ ਪੂਰੇ ਸਮਾਜ ਦੀ ਕਲਪਨਾ ਕੀਤੀ ਸੀ ਹੁਣ ਉਹ ਭਾਸ਼ਾ ਦੇ ਵਿਸਥਾਰ ਦਾ ਸੁਰੱਖਿਅਤ ਰਸਤਾ ਪਸੰਦ ਕਰਨ ਲੱਗੇ ਹਨ। ਉਨ੍ਹਾਂ ਨੇ ਸ਼ੁਰੂਆਤ ਰਿਸ਼ੀਆਂ ਵਾਂਗ ਕੀਤੀ ਸੀ ਪ੍ਰੰਤੂ ਕਮਜ਼ੋਰ ਹੋ ਕੇ ਉਹ ਵਿਆਕਰਣੀ ਵਿਗਿਆਨੀ ਬਣ ਗਏ ਹਨ।"

ਭੌਤਿਕ ਸੰਸਾਰ ਤੋਂ ਆਪਣੇ-ਆਪ ਨੂੰ ਵੱਖ ਕਰਕੇ ਦਰਸ਼ਨ ਅਤੇ ਇਸ ਦੇ ਪੁਜਾਰੀਆਂ ਨੇ ਭਾਸ਼ਾ ਉੱਪਰ ਇੰਨਾ ਜ਼ੋਰ ਦਿੱਤਾ ਹੈ ਕਿ ਉਹ ਸਮਾਜਿਕ ਧਾਰਨਾਵਾਂ ਦੀ ਉਚਿਤਤਾ ਉੱਪਰ ਪ੍ਰਸ਼ਨ ਚਿੰਨ੍ਹ ਲਗਾਉਣ ਲੱਗੇ ਹਨ ਅਤੇ ਸਮਾਜਿਕ ਸਮੱਸਿਆਵਾਂ ਨੂੰ ਇਸ ਤਰ੍ਹਾਂ ਨਿਰੂਪਤ ਕਰਨ ਲੱਗੇ ਹਨ ਜਿਸ ਤਰ੍ਹਾਂ ਉਹ ਵੀ ਸ਼ੁੱਧ ਮੌਖਿਕ ਭਾਸ਼ਾ ਜਾਂ ਵਾਕ ਵਿਸ਼ਲੇਸ਼ਣ ਦੇ ਵਿਸ਼ੇ ਹੋਣ ਜਿਵੇਂ ਕਿ ਫਾਸ਼ੀਵਾਦ ਦੇ ਖਿਲਾਫ ਸੰਘਰਸ਼ ਵਿਚ ਹੋਰ ਕੁਝ ਨਾ ਹੋਵੇ ਸਿਰਫ ਸ਼ਬਦਾਂ ਦੀ ਵਿਆਖਿਆ ਦੀ ਜ਼ਰੂਰਤ ਹੋਵੇ। ਪੱਛਮੀ ਦਰਸ਼ਨ ਨੂੰ ਇਸ ਤਰ੍ਹਾਂ ਦੇ ਪ੍ਰਤੇਵਾਦ ਲਈ ਇਕ ਲੰਬੀ ਯਾਤਰਾ ਪੂਰੀ ਕਰਨੀ ਪਈ ਹੈ ਪ੍ਰੰਤੂ ਇਹ ਕਿਹਾ ਜਾ ਸਕਦਾ ਹੈ ਕਿ ਮੰਜ਼ਿਲ ਉੱਤਰ ਆਧੁਨਿਕਤਾ ਵਿਚ ਆ ਕੇ ਮਿਲੀ ਹੈ ਤੇ, ਯਥਾਰਥ ਦੀ ਸੜਕ ਛੱਡ ਕੇ ਪ੍ਰਵਚਨ ਅਤੇ ਭਾਸ਼ਾ ਵਿਚ ਖਤਮ ਹੋ ਗਈ ਹੈ।

ਭਾਸ਼ਾ ਕੇਵਲ ਇਕ ਸੁਤੰਤਰ ਖੇਤਰ ਨਹੀਂ ਹੈ ਬਲਕਿ ਇਹ ਇਕ ਸਰਵਵਿਆਪਕ ਸ਼ਕਤੀ ਹੈ। ਇੰਨੀ ਵਿਆਪਕ ਅਤੇ ਮਹੱਤਵਪੂਰਨ ਕਿ ਇਹ ਸਮਾਜਿਕ ਯਥਾਰਥ ਦੀ ਵਸਤੂਗਤ ਹੋਂਦ ਨੂੰ ਸਮਾਪਤ ਕਰਨ ਦੇ ਸਮਰੱਥ ਵੀ ਹੈ। ਭਾਸ਼ਾ ਉਹ ਸਭ ਕੁਝ ਹੈ ਜੋ ਅਸੀਂ ਦੁਨੀਆ ਦੇ ਬਾਰੇ ਜਾਣ ਸਕਦੇ ਹਾਂ। ਭਾਸ਼ਾ ਜਾਂ ਭਾਸ਼ਣ ਨੂੰ ਛੱਡ ਕੇ ਕਿਸੇ ਦੂਸਰੇ ਯਥਾਰਥ ਤੱਕ ਅਸੀਂ ਨਹੀਂ ਪਹੁੰਚ ਸਕਦੇ। ਸੰਚਾਰ ਦੀ ਪਦਾਰਥਹੀਣਤਾ ਲਈ ਜਗ੍ਹਾ ਬਣਾ ਕੇ ਇਕ ਵਾਰੀ ਫਿਰ ਪਦਾਰਥ ਗਾਇਬ ਹੋ ਗਿਆ ਹੈ। ਇਥੇ ਸਭ ਕੁਝ ਪ੍ਰਵਚਨ ਹੈ ਤੇ ਪ੍ਰਵਚਨ ਹੀ ਸਭ ਕੁਝ ਹੈ। ਸਾਡੀ ਹੋਂਦ, ਸਾਡੀ ਪਹਿਚਾਣ ਜਾਂ ਸਾਡੀ ਨਿੱਜੀ ਹੋਂਦ ਸਭ ਦੀ ਰਚਨਾ ਪ੍ਰਵਚਨ ਜਾਂ ਭਾਸ਼ਾ ਤੋਂ ਹੋਈ ਹੈ। ਸ਼ਬਦਾਵਲੀ ਬਦਲ ਸਕਦੀ ਹੈ ਪ੍ਰੰਤੂ ਸੰਦੇਸ਼ ਨਹੀਂ। ਅਸੀਂ ਜੋ ਕੁਝ ਹਾਂ ਅਸੀਂ ਜੋ ਕੁਝ ਦੇਖਦੇ ਜਾਂ ਜਾਣਦੇ ਹਾਂ ਅਸੀਂ ਜੋ ਵੀ ਕਲਪਨਾ ਕਰਦੇ ਹਾਂ ਜਾਂ ਕਰ ਸਕਦੇ ਹਾਂ ਸਭ ਦੀ ਪਰਿਭਾਸ਼ਾ ਅਤੇ ਸੀਮਾ ਭਾਸ਼ਾ ਪ੍ਰਵਚਨ ਰਾਹੀਂ ਨਿਰਧਾਰਿਤ ਹੁੰਦੀ ਹੈ। ਇਹ ਸਭ ਕੁਝ ਉਸ ਰਸਤੇ ਦਾ ਵਿਸ਼ਾ ਹੈ ਜਿਸ ਵਿਚ ਸ਼ਬਦਾਂ ਨੇ ਸਾਨੂੰ ਦੂਸਰੇ ਸ਼ਬਦਾਂ ਦੇ ਸੰਬੰਧ ਵਿਚ ਲਿਆ ਖੜ੍ਹਾ ਕੀਤਾ ਹੈ। ਦਮਨ ਅਤੇ ਸ਼ੋਸ਼ਣ ਬਲਾਤਕਾਰ ਜਾਂ ਪੁਲਿਸ ਹਿਰਾਸਤ ਵਿਚ ਹੋਈਆਂ ਮੌਤਾਂ ਅਤੇ ਝੂਠੇ ਮੁਕਾਬਲੇ ਵਰਗੀਆਂ ਚੀਜ਼ਾਂ ਉਨ੍ਹਾਂ ਤਰੀਕਿਆਂ ਦੇ ਵਿਸ਼ੇ ਹਨ ਜਿਨ੍ਹਾਂ ਤੋਂ ਉਨ੍ਹਾਂ ਦੀ ਵਿਆਖਿਆ ਕੀਤੀ ਜਾਂਦੀ ਹੈ ਜਾਂ ਪ੍ਰਵਚਨ ਸ਼ਾਸ਼ਤਰੀ ਢੰਗ ਨਾਲ ਇਨ੍ਹਾਂ ਦੀ ਸਿਰਜਣਾ ਹੁੰਦੀ ਹੈ। ਸਿਰਫ ਇਹੀ ਯਥਾਰਥ ਹੈ ਜੋ ਉਨ੍ਹਾਂ ਕੋਲ ਹੈ ਜਾਂ ਜਿਸ ਦੀ ਆਸ਼ਾ ਉਨ੍ਹਾਂ ਤੋਂ ਕੀਤੀ ਜਾ ਸਕਦੀ ਹੈ। ਅਜਿਹਾ ਹੈ ਇਹ ਨਵਾਂ ਪ੍ਰਤੈਵਾਦ। ਸਪੱਸ਼ਟ ਹੈ ਕਿ ਇਹ ਪ੍ਰਤੇਵਾਦ ਵਿਵਸਥਾ ਅਤੇ ਸੱਤਾ ਦਾ ਹੱਕ ਪੂਰਦਾ ਹੈ ਪ੍ਰੰਤੂ ਉਸੇ ਤਰ੍ਹਾਂ ਹੀ ਇਹ ਸਵੈ-ਸੇਵੀ ਦਰਸ਼ਨ ਕਿਸੇ ਬੁੱਧੀ ਜੀਵੀ ਨੂੰ ਆਪਣੇ ਭਾਈਬੰਧਾਂ ਤੋਂ ਵੱਖ ਵਿਸ਼ੇਸ਼ ਦਰਜਾ ਵੀ ਦੁਆਉਂਦਾ ਹੈ। ਆਖਿਰਕਾਰ ਤਾਂ ਉਹ ਪ੍ਰਵਚਨ ਦਿੰਦਾ ਹੈ ਜਾਂ ਵਿਖੰਡਨਵਾਦੀ, ਅਹਿਮ-ਮਾਤਰਵਾਦੀ ਤਰੀਕੇ ਨਾਲ ਭਾਸ਼ਣ ਦੇ ਸਕਦਾ ਹੈ।

## 5

ਉਤਰਆਧੁਨਿਕਤਾਵਾਦ ਅਜੋਕੇ ਸਮੇਂ ਦੀ ਪ੍ਰਣਾਲੀ ਹੈ। ਅਕਾਦਮਿਕ ਅਦਾਰਿਆਂ ਅਤੇ ਬੁੱਧੀਜੀਵੀ ਮੰਡਲੀਆਂ ਵਿਚ ਹਰ ਥਾਂ ਇਸ ਦਾ ਰਿਵਾਜ ਪ੍ਰਚਲਿਤ ਹੈ। ਰਿਵਾਜ ਦੀ ਤਾਕਤ ਬਹੁਤ ਵੱਡੀ ਹੁੰਦੀ ਹੈ। ਪਰੰਤੂ ਸਿਰਫ਼ ਕਹਿਣ ਨਾਲ ਹੀ ਇਸ ਨੂੰ ਖਾਰਿਜ ਨਹੀਂ



ਕੀਤਾ ਜਾ ਸਕਦਾ। ਘੱਟੋ-ਘੱਟ ਦਰਸ਼ਨ ਅਤੇ ਸਮਾਜਿਕ ਸਿਧਾਂਤ ਦੇ ਖੇਤਰ ਵਿਚ ਪ੍ਰਚਲਿਤ ਰਿਵਾਜ ਕਦੀ ਵੀ ਅਜਾਈਂ ਅਤੇ ਅਣਗੌਲਿਆ ਨਹੀਂ ਹੁੰਦਾ। ਇਹ ਹਮੇਸ਼ਾ ਇਕ ਸਹੀ ਅਤੇ ਪ੍ਰਕਾਸ਼ਮਾਨ ਚੀਜ਼ ਹੈ। ਸੱਚਮੁੱਚ ਉੱਤਰ ਆਧੁਨਿਕਤਾਵਾਦ ਸਾਡੇ ਸਮੇਂ ਵਿਚ ਸਮਾਜਵਾਦੀ ਪ੍ਰਾਜੈਕਟ ਦੇ ਪਤਨ ਦੇ ਨਤੀਜੇ ਵਜੋਂ ਪੈਦਾ ਹੋਈ ਮੋਹ ਭੰਗ ਦੀ ਸਥਿਤੀ ਨੂੰ ਸਾਹਮਣੇ ਲਿਆਉਂਦਾ ਹੈ ਅਤੇ ਗਿਆਨ ਉਦੈ (ਰੈਨੇਸਾਂ) ਰਾਹੀਂ ਲੰਬੇ ਸਮੇਂ ਲਈ ਕੀਤੇ ਗਏ ਵਾਅਦੇ ਦੀ ਸਫਲਤਾ ਦਾ ਸੂਚਕ ਹੈ ਅਤੇ ਇਸ ਤਰ੍ਹਾਂ ਇਹ ਸੱਤਾ ਦੇ ਸਾਹਮਣੇ ਬੁੱਧੀਜੀਵੀਆਂ ਦੀ ਹਾਰ ਹੈ। ਨਾਲ ਹੀ ਨਾਲ ਇਹ ਸਮਕਾਲੀ ਪੂੰਜੀਵਾਦ ਦੀ ਵਾਸਤਵਿਕ ਪ੍ਰਸਥਿਤੀਆਂ ਦਾ ਜਵਾਬ ਵੀ ਹੈ। ਉਦਾਹਰਣ ਦੇ ਤੌਰ 'ਤੇ ਜਿਵੇਂ ਕਿ ਅਸੀਂ ਪਹਿਲੇ ਹੀ ਦੇਖ ਚੁੱਕੇ ਹਾਂ ਕਿ ਜੇਮਸਨ ਲਈ ਉਤਰਆਧੁਨਿਕਤਾ ਸਮਾਂ ਵਿਹਾ ਚੁੱਕੇ ਪੂੰਜੀਵਾਦ ਦੇ ਸਾਹਵੇਂ ਖੜ੍ਹੀ ਹੁੰਦੀ ਹੈ ਜਾਂ ਪੂੰਜੀਵਾਦ ਦੇ ਨਵੇਂ ਬਹੁ-ਰਾਸ਼ਟਰੀ ਸੂਚਨਾਪਰਕ ਅਤੇ ਉਪਭੋਗਤਾਵਾਦੀ ਅਵਸਥਾ ਦਾ ਸੂਚਕ ਹੈ। ਹੋਰਨਾਂ ਨੇ ਵੀ ਇਹੀ ਜਾਂ ਇਸ ਤਰ੍ਹਾਂ ਦਾ ਤਰਕ ਦਿੱਤਾ ਹੈ। ਪਰੰਤੂ ਇਥੇ ਮੈਂ ਇਸ ਬਹਿਸ ਨੂੰ ਅਗਾਂਹ ਨਹੀਂ ਵਧਾਵਾਂਗਾ। ਮੇਰੇ ਤਤਕਾਲਿਕ ਉਦੇਸ਼ ਲਈ ਮਹੱਤਵਪੂਰਨ ਤੱਥ ਇਹ ਹੈ ਕਿ ਉਤਰਆਧੁਨਿਕਤਾ ਨੇ ਆਪਣੇ ਤਰੀਕੇ ਨਾਲ ਕੁਝ ਪ੍ਰਸ਼ਨ ਉਠਾਏ ਹਨ ਜਿਨ੍ਹਾਂ 'ਤੇ ਵਿਚਾਰ ਕਰਨਾ ਅਤੇ ਇਸ ਗੱਲ ਦਾ ਵਿਸ਼ਲੇਸ਼ਣ ਕਰਨਾ ਕਿ ਦੁਨੀਆ ਦੀ ਸਮੱਸਿਆ ਕੀ ਹੈ? ਅਤੇ ਇਸਦੀਆਂ ਸਮੱਸਿਆਵਾਂ ਦਾ ਸਹੀ ਤੇ ਕਾਰਗਾਰ ਹੱਲ ਲੱਭਣਾ ਬਹੁਤ ਜ਼ਰੂਰੀ ਹੈ। ਦੂਸਰੇ ਸ਼ਬਦਾਂ ਵਿਚ ਉੱਤਰ ਆਧੁਨਿਕਤਾ ਦੇ ਮੁੱਢਲੇ ਦਬਾਅ ਦੇ ਛੇਦਾਂ ਵਿਚੋਂ ਰਿਸਦੇ ਵਿਸ਼ੇ ਸਮਕਾਲੀ ਪੂੰਜੀਵਾਦ ਦੀ ਵਾਸਤਵਿਕ ਸੁਥਿਤੀ ਨੂੰ ਪ੍ਰਤੀਬਿੰਬਤ ਕਰਦੇ ਹਨ ਅਤੇ ਇਨ੍ਹਾਂ ਵਿਸ਼ਿਆਂ ਨੂੰ ਸਮਾਜਵਾਦੀ ਖੱਬੇ ਪੱਖੀਆਂ ਨੂੰ ਵੀ ਸਵੀਕਾਰ ਕਰਨਾ ਚਾਹੀਦਾ ਹੈ। ਏਥੇ ਮੇਰੇ ਲਈ ਐਲੇਨ ਮੀਕਸਿਨ ਵੁੱਡ ਨੂੰ ਮੁਖਾਤਿਬ ਹੋਣਾ ਬੇਹਤਰ ਹੋਵੇਗਾ। ਉਸਨੇ ਵਿਸ਼ੇਸ਼ ਮਹੱਤਵਪੂਰਨ ਵਿਸ਼ਿਆਂ ਦੀ ਇਕ ਸੂਚੀ ਬਣਾਈ ਹੈ ਜਿਨ੍ਹਾਂ ਨੇ ਉੱਤਰ ਆਧੁਨਿਕ ਖੱਬੇ ਪੱਖ ਨੂੰ ਪ੍ਰਭਾਵਿਤ ਕੀਤਾ ਹੈ। "ਭਾਸ਼ਾ ਸਭਿਆਚਾਰ ਅਤੇ ਪ੍ਰਵਚਨ ਵੱਲ ਵਿਸ਼ੇਸ਼ ਧਿਆਨ ........ ਖੱਬੇਪੱਖੀਆਂ ਦੇ ਪਰੰਪਰਾਗਤ ਅਰਥ ਸ਼ਾਸਤਰੀ ਉਦੇਸ਼ਾਂ ਅਤੇ ਰਾਜਨੀਤਿਕ ਅਰਥ ਵਿਵਸਥਾ ਦੇ ਪ੍ਰਾਚੀਨ ਪੂਰਵਲੇ ਕਾਰਜਾਂ ਦਾ ਬਾਈਕਾਟ, ਇਕੱਠਾ ਕੀਤਾ ਗਿਆਨ ਅਤੇ ਬੌਧਿਕਤਾ ਦੀਆਂ ਪੱਛਮੀ ਧਾਰਨਾਵਾਂ, ਸਮਾਨਤਾ ਦੇ ਆਮ ਉਦਾਰਵਾਦੀ ਜਾਂ ਸਮਾਜਵਾਦੀ ਵਿਚਾਰਾਂ ਅਤੇ ਮਾਨਵ-ਮੁਕਤੀ ਦੀਆਂ ਮਾਰਕਸਵਾਦੀ ਧਾਰਨਾਵਾਂ ਦੇ ਨਾਲ-ਨਾਲ ਵਿਸ਼ਵਪੱਧਰ ਦੇ ਮੁੱਲਾਂ ਦੀ ਅਸਵੀਕ੍ਰਿਤੀ ਲਿੰਗ, ਜਾਤੀ, ਨਰਜਾਤੀ ਆਦਿ ਭਿੰਨ ਵਿਸ਼ੇਸ਼ ਪਹਿਚਾਣਾਂ ਦੀਆਂ ਵਿਭਿੰਨਤਾਵਾਂ, ਵਿਭਿੰਨ ਵਿਸ਼ੇਸ਼ ਅਤੇ ਵੱਖ-ਵੱਖ ਦਮਨਾਂ ਅਤੇ ਸੰਘਰਸ਼ਾਂ ਦੀ ਜ਼ੋਰਦਾਰ ਵਕਾਲਤ ਮਾਨਵੀ ਨਿੱਜਤਾ ਦੀ ਤਰਲ ਅਤੇ ਖੰਡਿਤ ਪ੍ਰਕਿਰਤੀ ਵੱਲ ਧਿਆਨ, ਵਿਕੇਂਦ੍ਰਿਤ ਵਿਸ਼ੇ ਨਿੱਜਤਾ ਅਤੇ ਦ੍ਰਿਸ਼ ਕਾਰਨ ਸਾਡੀਆਂ ਪਹਿਚਾਣਾਂ ਵਿਚ ਏਨੀ ਭਿੰਨਤਾ ਅਨਿਸ਼ਚਿਤਤਾ ਅਤੇ ਥੋੜ੍ਹ ਚਿਰਤਾ ਪੈਦਾ ਹੋਈ ਹੈ ਕਿ ਇਹ ਜਾਨਣਾ ਮੁਸ਼ਕਲ ਹੋ ਜਾਂਦਾ ਹੈ ਕਿ ਅਸੀਂ ਕਿਸ ਤਰ੍ਹਾਂ (ਵਰਗਵਾਂਗ) ਇਕ ਆਮ ਸਮਾਜਿਕ ਪਛਾਣ 'ਤੇ ਆਧਾਰਿਤ ਏਕਤਾ ਅਤੇ ਸਾਮੂਹਿਕਤਾ ਦੀ ਪ੍ਰੇਰਕ ਚੇਤਨਾ ਵਿਕਸਿਤ ਕਰੀਏ ਅਤੇ ਇਕ ਆਮ ਅਨੁਭਵ ਅਤੇ ਸਾਂਝੇ ਹਿੱਤਾਂ ਦੀ ਗੱਲ ਸੋਚ ਸਕੀਏ" ਉਪਾਂਤਰ ਦਾ ਉਤਸਵ ਅਤੇ ਇਤਿਹਾਸ ਦੇ ਮਾਰਕਸਵਾਦੀ ਸਿਧਾਂਤਾਂ ਦੇ ਨਾਲ ਵਿਕਾਸ ਦੀਆਂ ਪੱਛਮੀ ਧਾਰਨਾਵਾਂ ਵਰਗੇ 'ਮਹਾਨ ਕਥਾਨਕਾਂ ਦਾ ਤਿਆਗ।'

ਮਾਰਕਸਵਾਦ ਨੂੰ ਬਰਖ਼ਾਸਤ ਕਰਨ ਲਈ ਉਤਰ ਆਧੁਨਿਕਤਾਵਾਦੀਆਂ ਵਿਚ ਇਨ੍ਹਾਂ ਵਿਸ਼ਿਆਂ ਨੂੰ ਇਕ 'ਸਮੁੱਚ' ਦੇਣ ਦੀ ਪ੍ਰਵਿਰਤੀ ਪਾਈ ਜਾਂਦੀ ਹੈ। ਪਰੰਤੂ ਜਿਸ ਤਰ੍ਹਾਂ ਵੁੱਡ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਮਾਰਕਸਵਾਦੀਆਂ ਨੂੰ ਘੱਟ ਤੋਂ ਘੱਟ ਕੁਝ ਵਿਸ਼ਿਆਂ ਨੂੰ ਨਕਾਰਨ ਦੀ ਜ਼ਰੂਰਤ ਨਹੀਂ ਹੈ।

ਉਦਾਹਰਣ ਲਈ ਵੀਹਵੀਂ ਸਦੀ ਦਾ ਇਤਿਹਾਸ ਮੁਸ਼ਕਲ ਨਾਲ ਵਿਕਾਸ ਦੇ ਪਰੰਪਰਾਗਤ ਵਿਚਾਰਾਂ ਵਿਚ ਵਿਸ਼ਵਾਸ ਜਗਾ ਸਕਦਾ ਹੈ ਅਤੇ ਸਾਡੇ ਵਿਚੋਂ ਉਹ ਲੋਕ ਜੋ ਕਿਸੇ ਤਰ੍ਹਾਂ ਦੀ ਪ੍ਰਗਤੀਸ਼ੀਲ ਰਾਜਨੀਤੀ ਵਿਚ ਵਿਸ਼ਵਾਸ ਕਰਨ ਦਾ ਦਿਖਾਵਾ ਕਰਦੇ ਹਨ ਉਨ੍ਹਾਂ ਨੇ ਰੈਨੇਸਾਂ (ਨਵਜਾਗਰਣ) ਦੇ ਆਸ਼ਾਵਾਦ ਦਾ ਉਛਾੜ ਲਾਹੁਣ ਵਾਲੀਆਂ ਸ਼ਕਤੀਆਂ ਨਾਲ ਸਮਝੌਤਾ ਕਰ ਲਿਆ ਹੈ। ਇਸ ਗਤੀਸ਼ੀਲ ਅਤੇ ਪਰਿਵਰਤਨਸ਼ੀਲ ਸੰਸਾਰ ਵਿਚ ਏਨੀ ਕਮਜ਼ੋਰ ਅਤੇ ਕੰਮ ਚਲਾਊ ਏਕਤਾ ਨਾਲ ਕਿਹੜਾ ਵਰਗ ਦੀ ਥਾਂ 'ਨਿਜਤਾਵਾਂ' ਜਾਂ ਜਿਨਸੀ ਅਤੇ ਜਾਤੀ ਦਮਨ ਦੇ ਖਿਲਾਫ਼ ਸੰਘਰਸ਼ਾਂ ਦੀ ਮਾਨਵੀ ਅਨੁਭਵ ਦੀਆਂ ਜਟਿਲਤਾਵਾਂ ਦੇ ਮਹੱਤਵ ਨੂੰ ਨਕਾਰਿਆ ਜਾ ਸਕਦਾ ਹੈ। ਨਾਲ ਹੀ ਨਾਲ ਰਾਸ਼ਟਰੀਅਤਾ ਦੇ ਵਾਂਗ ਮਜ਼ਬੂਤ ਪਰ ਅਕਸਰ ਵਿਨਾਸ਼ਕਾਰੀ ਇਤਿਹਾਸਕ ਤਾਕਤਾਂ ਦੀਆਂ ਨਿੱਜਤਾਵਾਂ ਦੀ ਪੁਨਰਸਰਜੀਤੀ ਨੂੰ ਕੌਣ ਭੁੱਲ ਸਕਦਾ ਹੈ। ਕੀ ਅਸੀਂ ਪਹਿਲਾਂ ਨਾਲੋਂ ਵਧੇਰੇ ਭੂਮੰਡਲੀ ਜਾਂ ਪਹਿਲੇ ਤੋਂ ਜ਼ਿਆਦਾ ਖੰਡਿਤ ਪੂੰਜੀਵਾਦ ਦੀ ਪੁਨਰਸਿਰਜਣਾ ਲਈ ਸਹਿਮਤ ਨਹੀਂ ਹੋ ਚੁੱਕੇ ਅਤੇ ਕਿਹੜਾ ਗੰਭੀਰ ਸਮਾਜਵਾਦੀ ਮਜ਼ਦੂਰ ਵਰਗ ਦੇ ਅੰਦਰ ਜਾਤੀ ਜਾਂ ਜਿਨਸੀ ਪੱਧਰ 'ਤੇ ਵੰਡਾਂ ਤੋਂ ਅਣਜਾਣ ਹੈ? ਮਾਨਵੀ ਮੁੱਲਾਂ ਅਤੇ ਸਭਿਆਚਾਰਾਂ ਦੀ ਭਿੰਨਤਾ ਉਪਰ ਦਮਨ ਕਰਨ ਵਾਲੇ ਵਿਚਾਰਧਾਰਾਤਮਕ ਅਤੇ ਸਭਿਆਚਾਰਕ ਸਮਾਜਵਾਦ ਨੂੰ ਕਿਹੜਾ ਸ਼ਹਿ ਦੇਣਾ ਨਹੀਂ ਚਾਹੇਗਾ? ਸੰਚਾਰ ਦੇ ਰਾਜ ਮਾਰਗ ਦਾ ਜ਼ਿਕਰ ਛੱਡ ਦੇਈਏ, ਪ੍ਰਤੀਕਾਂ ਮੂਰਤੀਆਂ ਅਤੇ ਜਨਸੰਪਰਕ ਰਾਹੀਂ ਰਾਜ ਕੀਤੇ ਜਾਣ ਵਾਲੀ ਇਸ ਦੁਨੀਆ ਵਿਚ ਸਭਿਆਚਾਰਕ ਰਾਜਨੀਤੀ ਦਾ ਮਹੱਤਵ ਨਕਾਰਨਾ ਕੀ ਸਾਡੇ ਲਈ ਸੰਭਵ ਹੈ? ਐਡਜ਼ ਦੇ ਸਭਿਆਚਾਰ ਵਾਲੇ ਪ੍ਰਤੀਕਾਂ ਅਤੇ ਮੂਰਤੀਆਂ ਦੇ ਛਲ-ਸਾਧਨ ਉਪਰ ਨਿਰਭਰ ਇਸ ਸੰਸਾਰੀ ਪੂੰਜੀਵਾਦ ਦੀ ਦੁਨੀਆ ਵਿਚ ਇਨ੍ਹਾਂ ਚੀਜ਼ਾਂ ਨੂੰ ਕੌਣ ਨਕਾਰ ਸਕਦਾ ਹੈ। ਜਿਥੇ ਮੀਡੀਆ ਸਾਡੇ ਸਭ ਤੋਂ ਵਿਅਕਤੀਗਤ ਅਨੁਭਵਾਂ ਵਿਚ ਵਿਚੋਲਗਿਰੀ ਕਰਦਾ ਹੈ। ਇਸ ਹੱਦ ਤੱਕ ਕਿ ਕਦੇ-ਕਦੇ ਸਾਡੀਆਂ ਆਪਣੀਆਂ ਜ਼ਿੰਦਗੀਆਂ ਤੋਂ ਵੱਧ ਅਸਲੀ ਦੂਰਦਰਸ਼ੀ ਤੇ ਦੇਖੀਆਂ ਗਈਆਂ ਚੀਜ਼ਾਂ ਲੱਗਦੀਆਂ ਹਨ ਅਤੇ ਜਿੱਥੇ ਰਾਜਨੀਤੀਕ ਵਿਵਾਦ ਦੀਆਂ ਸ਼ਰਤਾਂ ਤੈਅ ਹੁੰਦੀਆਂ ਹਨ - ਸੌੜੇ ਅਰਥਾਂ ਵਿਚ ਪੂੰਜੀ ਦੇ ਆਦੇਸ਼ ਰਾਹੀਂ ਸਭ ਤੋਂ ਪ੍ਰਤੱਖ ਤਰੀਕੇ ਨਾਲ ਦਾਨਵੀ ਕਾਰਪੋਰੇਸ਼ਨਾਂ ਦੇ ਹੱਥਾਂ ਵਿਚ ਜਾ ਰਹੇ ਹਨ। ਪਰੰਤੂ ਨਾਲ ਹੀ ਵੁੱਡ ਨੇ ਮਹੱਤਵਪੂਰਨ ਗੱਲ ਜੋੜੀ ਹੈ, "ਇਹਨਾਂ ਚੀਜ਼ਾਂ ਨੂੰ ਦੇਖਣ ਲਈ ਸਾਨੂੰ ਉਤਰਆਧੁਨਿਕ ਧਾਰਨਾਵਾਂ ਨੂੰ ਸਵੀਕਾਰ ਕਰਨ ਦੀ ਜ਼ਰੂਰਤ ਨਹੀਂ ਸਗੋਂ ਉਲਟਾ ਇਹ ਵਿਕਾਸ ਭੌਤਿਕਵਾਦੀ ਵਿਆਖਿਆ ਦੀ ਮੰਗ ਕਰਦੇ ਹਨ। ਉਸ ਲਈ ਮਾਨਵ ਇਤਿਹਾਸ ਵਿਚ ਕੁਝ ਸਭਿਆਚਾਰਕ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਦੀਆਂ ਭੌਤਿਕ ਆਧਾਰਸ਼ਿਲਾਵਾਂ ਉਤਰਆਧੁਨਿਕਤਾਵਾਦ ਤੋਂ ਵੀ ਵਧੇਰੇ ਸਪੱਸ਼ਟ ਹਨ।

ਅਸਲ ਵਿਚ ਇਤਿਹਾਸਕ ਭੌਤਿਕਵਾਦ ਦੀ ਪੁਸ਼ਟੀ ਲਈ ਉਤਰ ਆਧੁਨਿਕ ਸੱਭਿਆਚਾਰ ਅਤੇ ਇਕ ਖੰਡਿਤ ਉਪਭੋਗਤਾਵਾਦੀ ਅਤੇ ਗਤੀਸ਼ੀਲ ਭੂਮੰਡਲੀ ਪੂੰਜੀਵਾਦ ਵਿਚਾਲੇ ਤੇ ਸੰਬੰਧ ਤੋਂ ਚੰਗਾ ਕੋਈ ਹੋਰ ਸਬੂਤ ਨਹੀਂ ਹੋ ਸਕਦਾ। ਭੌਤਿਕਵਾਦੀ ਦ੍ਰਿਸ਼ਟੀ ਦਾ ਅਰਥ ਮਾਨਵੀ ਅਨੁਭਵ ਦੇ ਸਭਿਆਚਾਰਕ ਪਸਾਰਾਂ ਦਾ ਮੁੱਲ ਘਟਾਉਣਾ ਜਾਂ ਉਨ੍ਹਾਂ ਨੂੰ ਬਦਨਾਮ ਕਰਨਾ ਨਹੀਂ ਹੈ। ਸਗੋਂ ਇਸ ਦੀ ਬਜਾਏ ਭੌਤਿਕਵਾਦੀ ਸਮਝ ਸਭਿਆਚਾਰ ਨੂੰ ਖਾਨਾਬੰਦੀ ਦੀ ਜਕੜ ਤੋਂ ਮੁਕਤ ਕਰਨ ਦੀ ਦਿਸ਼ਾ ਵੱਲ ਇਕ ਜ਼ਰੂਰੀ ਕਦਮ ਹੈ। ਜੇ ਉਤਰ ਆਧੁਨਿਕਤਾਵਾਦ ਸਮਕਾਲੀਨ ਪੂੰਜੀਵਾਦ ਦੀਆਂ ਸਥਿਤੀਆਂ ਦੇ ਵਿਗੜੇ ਤਰੀਕੇ ਨਾਲ ਕੁਝ ਕਹਿੰਦਾ ਹੈ ਤਾਂ ਇਸ ਤੋਂ ਪਿੱਛੇ ਅਸਲੀ ਕਰਤੱਵ ਉਨ੍ਹਾਂ ਸਥਿਤੀਆਂ ਦੀ ਨਿਸ਼ਾਨਦੇਹੀ ਕਰਨਾ ਹੈ। ਉਹੋ ਕਿਉਂ ਹਨ ਇਸ ਦਾ ਪਤਾ ਕਰਨਾ ਹੈ ਅਤੇ ਅਸੀਂ ਇਥੋਂ ਜਾ ਕਿੱਥੇ ਰਹੇ ਹਾਂ, ਇਹ ਜਾਣਨਾ ਹੈ। ਦੂਸਰੇ ਸ਼ਬਦਾਂ ਵਿਚ ਇਸ ਦਾ ਉਦੇਸ਼ ਉਨ੍ਹਾਂ ਪ੍ਰਸਥਿਤੀਆਂ ਦੇ



ਸਾਹਮਣੇ ਝੁਕਣ ਜਾਂ ਵਿਚਾਰਕ ਤੌਰ 'ਤੇ ਅਨੁਕੂਲ ਹੋਣ ਦੀ ਬਜਾਇ ਉਨ੍ਹਾਂ ਦੀ ਇਤਿਹਾਸਕ ਵਿਆਖਿਆ ਕਰਦੀ ਹੈ। ਇਸ ਦਾ ਅਰਥ ਉਨ੍ਹਾਂ ਵਾਸਤਵਿਕ ਸਮੱਸਿਆਵਾਂ ਦੀ ਪਹਿਚਾਣ ਕਰਦੀ ਹੈ ਜਿਨ੍ਹਾਂ ਦੇ ਮੌਜੂਦਾ ਬੌਧਿਕ ਫੈਸ਼ਨ ਝੂਠੇ ਹੱਲ ਤਲਾਸ਼ਦੇ ਹਨ ਜਾਂ ਫਿਰ ਕੋਈ ਹੱਲ ਹੀ ਨਹੀਂ ਲੱਭ ਸਕਦੇ। ਇਸ ਦੌਰਾਨ ਕਰਮ ਅਤੇ ਪ੍ਰਤੀਰੋਧ ਲਈ ਆਪਣੇ ਉੱਤੇ ਲਗਾਈਆਂ ਗਈਆਂ ਸੀਮਾਵਾਂ ਨੂੰ ਚੁਣੌਤੀ ਦਿੰਦੇ ਹਨ। ਇਸ ਲਈ ਇਸ ਫਰਜ਼ ਦਾ ਮਕਸਦ ਅੱਜ ਦੀ ਦੁਨੀਆ ਦੀਆਂ ਸਮੱਸਿਆਵਾਂ ਦਾ ਰੋਬਟ ਦੀ ਤਰ੍ਹਾਂ ਹੱਸਦਿਆਂ ਜਾਂ ਰੋਂਦਿਆਂ ਜਵਾਬ ਦੇਣਾ ਨਹੀਂ ਹੈ ਸਗੋਂ ਆਲੋਚਕਾਂ ਦੀ ਤਰ੍ਹਾਂ ਜਵਾਬ ਦੇਣਾ ਹੈ।

ਮਾਰਕਸਵਾਦ ਤੋਂ ਇਲਾਵਾ ਦੂਸਰਾ ਕੋਈ ਸਿਧਾਂਤ ਜ਼ਰੂਰੀ ਸਮੀਖਿਆ ਲਈ ਬਿਹਤਰ ਹਥਿਆਰ ਅਤੇ ਉਲਝੀਆਂ ਹੋਈਆਂ ਵਾਸਤਵਿਕ ਸਮੱਸਿਆਵਾਂ ਦਾ ਬਿਹਤਰ ਹਲ ਨਹੀਂ ਦੇ ਸਕਦਾ।

## 6

ਉਤਰ ਆਧੁਨਿਕਤਾਵਾਦ ਵਸਤੂਪਰਕਤਾ ਅਤੇ ਕਾਰਜ ਕਾਰਨ ਸਿਧਾਂਤ ਅਤੇ ਸੰਪੂਰਨ ਰੂਪ ਵਿਚ ਆਪਣੇ ਵਿਆਖਿਆਤਮਕ ਸੰਦੇਹਦਵਾਦ ਦਾ ਇਨਕਾਰ ਕਾਰਨ ਸਭਿਆਚਾਰ, ਸੱਚ ਅਤੇ ਨੈਤਿਕਤਾ ਦੇ ਵਿਸ਼ੇ ਵਿਚ ਜਟਿਲਤਾ ਅਤੇ ਸਾਪੇਖਵਾਦ ਤੋਂ ਪਾਰ ਦੀ ਆਪਣੀ ਅਸਪੱਸ਼ਟ ਧਾਰਨਾ ਕਾਰਨ ਆਪਣੇ ਪ੍ਰਭਾਵ ਕਾਰੀ ਇਤਿਹਾਸਕ ਖਲਾਅਵਾਦ ਅਤੇ ਆਧੁਨਿਕ ਪਰਾਕਥਾਨਕਾਂ ਦੇ ਪ੍ਰਤੀ ਆਪਣੀ ਡਰੀ ਸਹਿਮੀ ਘ੍ਰਿਣਾ ਦੇ ਕਾਰਨ ਜਿਸ ਦੇ ਹੁੰਦਿਆਂ ਹੋਇਆਂ ਹਰ ਚੀਜ਼ ਤੋਂ ਇਕਰਾਰ ਦੀ ਗੱਲ ਅੱਗੇ ਵਧਦੀ ਹੈ ਅਤੇ ਜੋ ਕਿਸੇ ਵੀ ਚੀਜ਼ ਦਾ ਇਕੋ ਜਿਹਾ ਜਵਾਬ ਦੇਣ ਦਾ ਆਭਾਸ ਦਿੰਦੀ ਹੈ। ਆਧੁਨਿਕ ਜਾਂ ਇਉਂ ਕਿਹੋ ਕਿ ਉਤਰ ਆਧੁਨਿਕ ਦੁਨੀਆ ਦੀਆਂ ਸਮੱਸਿਆਵਾਂ ਦਾ ਕੋਈ ਹਲ ਨਹੀਂ ਦੇ ਸਕਦਾ। ਅਤੀਤ ਨਾਲ ਮੂਲੋਂ ਹੀ ਵਿਰੋਧਤਾ ਦਾ ਦਾਅਵਾ ਇਸ ਦੀ ਇਤਿਹਾਸਕ ਸੰਵੇਦਨਸ਼ੀਲਤਾ ਦੀ ਘਾਟ ਨੂੰ ਪ੍ਰਗਟ ਕਰਦਾ ਹੈ ਅਤੇ ਇਸ ਨੂੰ ਉਹ ਸਭ ਕੁਝ ਭੁੱਲਣ ਦੀ ਸਿਖਰ ਪ੍ਰਦਾਨ ਕਰਦਾ ਹੈ, ਜੋ ਅਤੀਤ ਵਿਚ ਬਹੁਤ ਵਾਰ ਕਿਹਾ ਗਿਆ ਹੈ ਅਤੇ ਚੇਤੰਨ ਜਾਂ ਅਚੇਤੰਨ ਰੂਪ ਵਿਚ ਇਸਨੂੰ ਪੁਰਾਣੇ ਵਿਸ਼ਿਆਂ ਨੂੰ ਦੁਹਰਾਉਣ ਦੇ ਲਈ ਦੋਸ਼ੀ ਠਹਿਰਾਉਂਦਾ ਹੈ। ਸੰਸਾਰ ਪੱਧਰ 'ਤੇ ਸੱਚਾਂ ਅਤੇ ਮੁੱਲਾਂ ਉਪਰ ਹਮਲਾ ਕਰਨ ਵਾਲਾ ਗਿਆਨ ਸ਼ਾਸਤਰੀ ਸੰਦੇਹਵਾਦ ਜੋ ਮੌਜੂਦਾ ਬੌਧਿਕ ਫੈਸ਼ਨ ਦਾ ਹੀ ਇਕ ਜ਼ਰੂਰੀ ਅੰਗ ਹੈ ਅਤੇ ਜਿਸ ਦਾ ਇਤਿਹਾਸ ਉਸ ਦੇ ਦਰਸ਼ਨ ਜਿਨਾ ਹੀ ਪੁਰਾਣਾ ਹੈ, ਦਾ ਅਨੁਸਰਨ ਕਰਦੇ-ਕਰਦੇ ਖਲਾਅਵਾਦੀ ਨਤੀਜਿਆਂ ਤਕ ਆ ਪਹੁੰਚਿਆ ਹੈ। ਵਿਗਿਆਨ ਜਾਂ ਨੈਤਿਕਤਾਵਾਂ ਸਮਾਜਿਕ ਜਾਂ ਇਤਿਹਾਸਕ ਉਤਪਤੀ ਹਨ। ਇਹੀ ਬਹਿਸ ਦਾ ਵਿਸ਼ਾ ਬਣ ਗਿਆ ਹੈ। ਜਿਸ ਕਾਰਨ ਸਾਰੇ ਸਿਧਾਂਤ ਅਤੇ ਨੈਤਿਕਤਾਵਾਂ ਅਨੁਸਾਰੀ ਹੋ ਕੇ ਇਕੋ ਤਰ੍ਹਾਂ ਦੀਆਂ ਅਪ੍ਰਮਾਣਿਕ ਬਣ ਗਈਆਂ ਹਨ ਅਤੇ ਇਨ੍ਹਾਂ ਵਿਚ ਸ਼ਾਮਿਲ ਵਰਗ ਸਿਰਫ਼ ਪ੍ਰਵਚਨ ਦੀ ਵਸਤੂ ਬਣ ਕੇ ਰਹਿ ਗਏ ਹਨ। ਕਿਸੇ ਲਾਭ ਦੇਣ ਵਾਲੇ ਸਮਾਜਕ ਸਿਧਾਂਤ ਲਈ ਜ਼ਰੂਰੀ ਧਾਰਨਾਵਾਂ ਨੂੰ ਜਿਵੇਂ ਸਰਵਮੁਕਤੀਵਾਦ, ਤੱਤਵਾਦ, ਕਾਰਜਵਾਦ ਅਤੇ ਜਿਸ ਨੂੰ ਉਹ (ਉਤਰਆਧੁਨਿਕਤਾਵਾਦੀ) ਗਲਤ ਢੰਗ ਨਾਲ ਛੁਟਿਆਨਾ ਕਹਿੰਦੇ ਹਨ। (ਅਸਲ ਵਿਚ ਇਸ ਤਰ੍ਹਾਂ ਦੀਆਂ ਸਾਰੀਆਂ ਧਾਰਨਾਵਾਂ ਦੀ ਤਰ੍ਹਾਂ ਇਨ੍ਹਾਂ ਦਾ ਉਪਯੋਗ ਸਾਵਧਾਨੀ ਅਤੇ ਸੁਧਾਰੇ ਤਰੀਕੇ ਨਾਲ ਕਰਨਾ ਚਾਹੀਦਾ ਹੈ) ਆਧੁਨਿਕਤਾਵਾਦ ਦੇ ਵਰਗ ਵੰਡ ਨੂੰ 'ਪਾਪਾਂ' ਦੇ ਰੂਪ ਵਿਚ ਡਰਾਇਆ ਜਾਂਦਾ ਹੈ ਅਤੇ ਨਕਾਰਿਆ ਜਾਂਦਾ ਹੈ। ਵਸਤੂਆਂ ਦਾ ਅਨੋਖਾਪਣ ਕਿਸੇ ਚੀਜ਼ ਦੇ ਬਾਰੇ ਆਮ ਸਿਧਾਤਾਂ ਦੀ ਸੰਭਾਵਨਾ ਨੂੰ ਨਕਾਰਨ ਦਾ ਕੰਮ ਕਰਦਾ ਹੈ। ਵਿਸ਼ਿਸ਼ਟਤਾ ਦਾ ਸਮਾਰੋਹ ਇਸ ਦੇ ਆਤਮ-ਹਾਰ-ਕਾਰਕ ਹੋਣਾ ਮਹਿਸੂਸ

ਕੀਤੇ ਬਿਨਾਂ ਮਨਾਇਆ ਜਾਂਦਾ ਹੈ। ਕਿਉਂਕਿ ਇਕ ਵਿਸ਼ੇਸ਼ ਪੱਧਰ 'ਤੇ ਕੋਈ ਵਿਵਰਣ ਕਿਸੇ ਵਾਧੂ ਵਿਸ਼ਿਸ਼ਟ ਵਿਆਖਿਆ ਰਾਹੀਂ ਘੱਟ ਮਹੱਤਵਪੂਰਨ ਹੋ ਜਾਂਦਾ ਹੈ। ਅਸੀਂ ਵਾਸਤਵ ਵਿਚ ਨਹੀਂ ਜਾਣ ਸਕਦੇ ਕਿ ਕਦੋਂ ਕੋਈ ਵਿਸ਼ੇਸ਼ ਗੱਲ ਹੋਰ ਵਧੇਰੇ ਵਿਸ਼ੇਸ਼ ਹੋ ਜਾਂਦੀ ਹੈ ਅਤੇ ਸਮੂਹਾਂ, ਨਿੱਜਤਾਵਾਂ, ਅਨੁਭਵਾਂ, ਵਿਚਾਰਾਂ, ਸ਼ਬਦਾਂ, ਘਟਨਾਵਾਂ ਅਤੇ ਕਿਰਿਆਵਾਂ ਵਰਗੀਆਂ ਘੱਟ ਮਹੱਤਵਪੂਰਨ ਵਿਸ਼ਿਸ਼ਟਤਾਵਾਂ ਜ਼ਰੂਰੀ ਰੂਪ ਵਿਚ ਆਪ ਅਣਗਿਣਤ ਅਤੇ ਵਧੇਰੇ ਵਿਸ਼ਿਸ਼ਟਤਾਵਾਂ ਦਾ ਅਮੂਰਤ ਰੂਪ ਹੁੰਦੀਆਂ ਹਨ। ਅਸਲ ਵਿਚ ਇਕ ਵਧੇਰੇ ਸਮਾਨਯ ਅਤੇ ਵਿਆਪਕ ਸਿਧਾਂਤ ਤੋਂ ਬਿਨਾਂ ਇਹ ਕਹਿ ਸਕਣਾ ਅਸੰਭਵ ਹੈ ਕਿ ਵਿਸ਼ਿਸ਼ਟਤਾਵਾਂ ਨੂੰ ਕਦੋਂ ਰੋਕਣਾ ਹੈ ਤੇ ਕਦੋਂ ਉਸ ਦਾ ਅਰਥ ਕੱਢਣਾ ਚਾਹੀਦਾ ਹੈ। ਵਿਸ਼ਿਸ਼ਟ ਤੇ ਆਮ ਸਮਾਨਯ ਵੱਲ ਲਗਾਤਾਰ ਗਤੀਸ਼ੀਲ ਇਨ੍ਹਾਂ ਸਿਧਾਤਾਂ ਵਿਚ ਬੇਹੱਦ ਕਲਪਨਾ ਅਤੇ ਵਿਗਿਆਨਕ ਸਮਰੱਥਾ ਵੀ ਸ਼ਾਮਿਲ ਹੈ। ਜਿਸ ਰਾਹੀਂ ਚੀਜ਼ਾਂ ਨੂੰ ਪ੍ਰਕਿਰਤੀ ਅਤੇ ਸੱਚ ਦੇ ਨਜ਼ਦੀਕ ਪਹੁੰਚਣ ਵਿਚ ਪੂਰੀ ਮੱਦਦ ਮਿਲਦੀ ਰਹੀ ਹੈ। ਤੱਤਵਾਦ ਨੂੰ ਇਕ ਗੰਭੀਰ ਪਾਪ ਮੰਨਿਆ ਜਾਂਦਾ ਹੈ ਜਦਕਿ ਇਹ ਆਮ ਤੌਰ 'ਤੇ ਜਟਿਲ ਹੁੰਦਾ ਹੈ ਅਤੇ ਪ੍ਰਕਿਰਿਆਵਾਂ ਨਾਲ ਸੰਬੰਧਤ ਕਿਸੇ ਯਥਾਰਥਵਾਦੀ ਸੋਚ ਦਾ ਅਨਿੱਖੜ ਅੰਗ ਹੁੰਦਾ ਹੈ। ਬਿਨਾਂ ਕਿਸੇ ਅਸਪੱਸ਼ਟ ਧਾਰਨਾ ਤੋਂ ਕਿ ਇਕ ਵਸਤੂ ਦੀ ਸੰਰਚਨਾ ਵਿਚ ਮੁੱਖ ਤੇ ਜ਼ਰੂਰੀ ਤੱਤ ਕੀ ਹਨ ਅਤੇ ਉਹ ਕਿਹੜੇ ਤੱਤ ਤੇ ਵਿਸ਼ੇਸ਼ਤਾਵਾਂ ਹਨ ਜਿਨ੍ਹਾਂ ਤੋਂ ਉਸ ਦੀ ਤੇ ਸਿਰਫ਼ ਉਸ ਦੀ ਰਚਨਾ ਹੁੰਦੀ ਹੈ ਅਤੇ ਜਿਨ੍ਹਾਂ ਤੋਂ ਬਿਨਾਂ ਕਿਸੇ ਖਾਸ ਵਸਤੂ ਦੀ ਤਾਂ ਦੂਰ ਉਸ ਤਰ੍ਹਾਂ ਦੀ ਵਸਤੂ ਵੀ ਸ਼ਬਦ-ਸ਼ਬਦ ਆਪਣੀ ਪਹਿਚਾਣ ਨਹੀਂ ਬਣਾ ਸਕਦੀ। ਉਦਾਹਰਣ ਲਈ ਇਕ ਪਹਿਚਾਣ (ਨਿੱਜਤਾ) ਜਿਸ ਦੀ ਗੱਲ ਉਤਰ ਆਧੁਨਿਕਤਾਵਾਦੀ ਜ਼ੋਰ ਦੇ ਕੇ ਕਰਦੇ ਹਨ ਅਤੇ ਨਾ ਹੀ ਇਸਦੀ ਹੋਂਦ ਵਿਹਾਰ ਅਤੇ ਕਾਰਜਾਂ ਦਾ ਵਿਆਖਿਆਤਮਕ ਰੂਪ ਸਾਹਮਣੇ ਲਿਆਇਆ ਜਾ ਸਕਦਾ ਹੈ। ਇਸ ਦੇ ਵਿਸ਼ੇ ਵਸਤੂ ਨਾਲ ਸੰਬੰਧਿਤ ਇਕ ਖਾਸ ਤਰ੍ਹਾਂ ਦੇ ਸੁਆਲ ਉਠਾਂਦੇ ਸਮੇਂ ਚੀਜ਼ਾਂ ਜਿਸ ਤਰ੍ਹਾਂ ਦੀਆਂ ਹਨ ਉਸੇ ਤਰ੍ਹਾਂ ਦੀਆਂ ਕਿਉਂ ਹੋਈਆਂ, ਇਹ ਸਮਝਣ ਦੇ ਦੌਰਾਨ, ਵਧੇਰੇ ਠੋਸ, ਅਭਿਆਸਾਂ, ਸੰਸਥਾਗਤ ਵਿਵਸਥਾਵਾਂ ਜਾਂ ਵਿਚਾਰਧਾਰਆਤਮਕ ਘਟਨਾਵਾਂ ਦੀ ਉਤਪਤੀ ਸਥਿਰਤਾ ਜਾਂ ਤਾਰਕਿਕ ਆਧਾਰ ਦੀ ਵਿਆਖਿਆ ਹਰ ਪ੍ਰਯੋਜਨ ਲਈ ਕਾਰੋਬਾਰ ਦੀ ਤਰ੍ਹਾਂ ਨਹੀਂ ਬਲਕਿ ਚੀਜ਼ਾਂ ਦੀ ਕਿਸੇ ਉਚਿਤ ਸੰਤੁਲਿਤ ਵਿਆਪਕ ਅਚਾਨਕ ਵਿਆਖਿਆ ਕਰਦੇ ਸਮੇਂ ਕਾਰਜਵਾਦ ਉਪਰ ਸੁਆਲੀਆ ਨਿਸ਼ਾਨ ਲਗਾਇਆ ਜਾਂਦਾ ਹੈ। ਉਦਾਹਰਣ ਲਈ ਸਮਾਜ ਵਿਚ ਵਰਗਾਂ ਦੀਆਂ ਜ਼ਰੂਰਤਾਂ ਜਾਂ ਹਿੱਤਾਂ ਦਾ ਤਰਕ ਵਸਤੂਆਂ ਜਿਵੇਂ ਪੂਰਾ ਕਰਦੀਆਂ ਹਨ ਕਾਰਜਆਤਮਕ ਵਿਆਖਿਆ ਦੀ ਆਪਣੀ ਬੌਧਿਕ ਮਾਨਤਾ ਅਤੇ ਮੁੱਲ ਅਤੇ ਅਵਿਸ਼ੇਸ਼ ਹੁੰਦੇ ਹਨ। ਛੁੱਟਿਆਣ ਦੇ ਰੂਪ ਵਿਚ ਜਿਹੜਾ ਰੂਪ ਨਕਾਰਿਆ ਜਾਂਦਾ ਹੈ ਉਹ ਹੈ ਕਿਸੇ ਵਿਆਖਿਆ ਦਾ ਜੁੜਵਾਂ ਕਰਮ ਜਿੱਥੇ ਕੁਝ ਮਹੱਤਵਪੂਰਨ ਚੀਜ਼ਾਂ ਦੀ ਚੋਣ ਕੀਤੀ ਜਾਂਦੀ ਹੈ ਅਤੇ ਆਪਣੇ ਪ੍ਰਭਾਵਾਂ ਅਤੇ ਨਤੀਜਿਆਂ ਦੇ ਚੱਲਦਿਆਂ ਹੋਇਆਂ ਦੂਸਰੀਆਂ ਚੀਜ਼ਾਂ ਦੇ ਮੁਕਾਬਲੇ ਉਸ ਨੂੰ ਵਧੇਰੇ ਪ੍ਰਮੁੱਖਤਾ ਪ੍ਰਦਾਨ ਕੀਤੀ ਜਾਂਦੀ ਹੈ। ਨਹੀਂ ਤਾਂ ਕੋਈ ਵਿਆਖਿਆ ਨਹੀਂ ਹੈ ਸਿਰਫ਼ 'ਵੱਖ-ਵੱਖ ਟੁਕੜੇ' ਜਾਂ 'ਸਮੁੱਚ' ਅਤੇ ਉਸੇ ਦਾ ਵਿਵਰਣਾਤਮਕ ਕਥਨ ਸੰਭਵ ਹੁੰਦਾ ਹੈ। ਜਿਵੇਂ ਕਿ ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ ਇਥੇ ਛੋਟੀ ਕੀਤੀ ਗਈ ਵਿਆਖਿਆ ਅਤੇ ਵਿਆਖਿਆ ਦੇ ਫਰਕ ਦੀ ਅਸਫਲਤਾ ਸਪੱਸ਼ਟ ਹੈ। ਉਤਰ ਆਧੁਨਿਕਤਾਵਾਦੀ ਇਨ੍ਹਾਂ ਪ੍ਰਮੁੱਖ ਧਾਰਨਾਵਾਂ ਦੀ ਸਥਾਪਤੀ ਜਾਂ ਗਲਤ ਸਥਾਪਤੀ ਸਿਰਫ਼ ਇਕਾਂਗੀ ਜਾਂ ਸੁਸਤ ਵਿਆਖਿਆਵਾਂ ਨੂੰ ਹੀ ਨਹੀਂ ਸਗੋਂ ਕਿਸੇ ਤਰ੍ਹਾਂ ਦੇ ਗੰਭੀਰ ਜਾਂ ਆਮ ਵਿਆਖਿਆਤਮਕ ਯਤਨਾਂ ਨੂੰ ਢੱਕਣ ਜਾਂ ਨਕਾਰਨ ਲਈ ਕਰਦੇ ਹਨ।



## 7

ਇਹ ਗਿਆਨ ਸ਼ਾਸਤਰੀ ਸੰਦੇਹਵਾਦ ਵਿਹਾਰ ਵਿਚ ਖਲਾਅਵਾਦ ਨੂੰ ਸੀਮਿਤ ਕਰਦਾ ਹੈ। ਇਸ ਦੇ ਸਿਰਫ਼ ਇਹ ਅਰਥ ਹਨ ਕਿ ਘੱਟੋ ਘੱਟ ਇਸ ਪੱਧਰ ਉਤੇ ਸਮਾਜਿਕ ਯਥਾਰਥ ਤੇ ਇਸ ਨੂੰ ਪੂਰਾ ਕਰਨ ਲਈ ਕੁਝ ਗਿਆਨ ਦੀ ਅਣਇੱਛਾ ਅਸੰਭਵ ਹੈ। ਦੋਵਾਂ ਦੇ ਵਿਸ਼ਿਆਂ ਵਿਚ ਚਾਹੇ ਕਿੰਨੀ ਵੀ ਖੰਡਿਤ ਦ੍ਰਿਸ਼ਟੀ ਹੋਵੇ ਇਹ ਛੋਟੇ ਖੰਡ ਫਿਰ ਵੀ ਮਾਨਵੀ ਹੋਂਦ ਅਤੇ ਕਾਰਜਸ਼ੀਲਤਾ ਦੇ ਨਿਰਮਾਣ ਦੀਆਂ ਥਾਵਾਂ ਹਨ। ਇਸ ਤਰ੍ਹਾਂ ਉਤਰ ਆਧੁਨਿਕਤਾਵਾਦ ਦੇ ਇਸ 'ਖੰਡਿਤ ਗਿਆਨ' ਨੇ ਉਦਾਹਰਣ ਦੇ ਉਲਟ ਪਰਿਭਾਸ਼ਤ ਵਿਸ਼ਿਸ਼ਟ ਤਰ੍ਹਾਂ ਦੇ ਕਾਰਜਾਂ ਲਈ ਕੁਝ ਕੰਮ ਦੀ ਤਿੱਖੀ ਅੰਤਰ ਦ੍ਰਿਸ਼ਟੀ ਪੈਦਾ ਕੀਤੀ ਹੈ ਜਦ ਕਿ ਕਿਸੇ-ਕਿਸੇ ਵਿਸਤਰਿਤ 'ਤਸਵੀਰ' ਜਾਂ 'ਪਰਾਕਥਾਨਕ' ਵੱਲ ਧਿਆਨ ਨਹੀਂ ਦਿੱਤਾ ਜਾਂਦਾ, ਇਹ ਸੁਆਗਤ ਅਤੇ ਸਵੀਕਾਰ ਕਰਨ ਯੋਗ ਹੈ। ਪ੍ਰੰਤੂ ਇਸ ਦਾ ਇਕ ਰੌਚਕ ਪੱਖ ਵੀ ਧਿਆਨ ਦੇਣ ਯੋਗ ਹੈ। ਆਪਣੇ 'ਫੌਟਿਆਂ' ਦੇ ਸਾਹਿਤ ਸ਼ਾਸ਼ਤਰ ਦੇ ਹੁੰਦਿਆਂ ਹੋਇਆਂ ਵੀ ਇਥੇ ਉਤਰ ਆਧੁਨਿਕਤਾਵਾਦ ਬਹੁਤ ਕੁਝ ਆਧੁਨਿਕ ਮੁੱਖ ਧਾਰਾ ਜਾਂ ਬੁਰਜੂਆ ਦੀ ਧਾਰਾ ਦੇ ਸਮਾਜ ਵਿਗਿਆਨ ਨਾਲ ਮਿਲਦਾ ਜੁਲਦਾ ਹੈ। ਜਿਸ ਤਰ੍ਹਾਂ ਕਿ ਇਹ ਗਿਣਾਤਮ, ਅਨਭੂਤੀਵਾਦ ਜਾਂ ਵਿਵੇਕਹੀਣ ਵਿਸ਼ਿਸ਼ਟਤਾ ਤੋਂ ਨਿਰਧਾਰਤ ਹੁੰਦਾ ਰਿਹਾ ਹੈ। ਜਿਉਂ ਇਸ ਦੇ ਸੰਕੀਰਣ ਕੇਂਦਰ ਅਤੇ ਖੰਡਿਤ ਦ੍ਰਿਸ਼ਟੀਕੋਣ ਅਤੇ ਸਮਾਨਯਕ੍ਰਿਤ ਸਮਾਜਿਕ ਵਿਆਖਿਆਤਮਕ ਸਿਧਾਂਤ ਵਿਚ ਅਵਿਸ਼ਵਾਸ ਨਹੀਂ। ਇਸ ਨੂੰ ਮੌਜੂਦਾ ਸਮਾਜਿਕ ਅਤੇ ਰਾਜਨੀਤਿਕ ਜੀਵਨ ਦੇ ਸਿਰਫ਼ ਸਾਪੇਖਤਾ ਵਾਲੇ ਅਸੰਬੰਧ ਵਿਸ਼ਿਸ਼ਟ ਅੰਗਾਂ, ਖੇਤਰਾਂ ਜਾਂ ਸਮੱਸਿਆਵਾਂ ਦੇ ਅਧਿਐਨ ਲਈ ਹੀ ਪ੍ਰੇਰਿਤ ਕੀਤਾ ਹੈ। ਇਉਂ ਇਸ ਨੂੰ ਸੰਪੂਰਕ ਇਕਾਈ ਦੇ ਰੂਪ ਵਿਚ ਸਮਾਜ ਦੇ ਅਧਾਰਭੂਤ ਚਰਿੱਤਰ ਤੇ ਇਸ ਦੇ ਅੰਦੋਲਨ ਦੀ ਸਮਾਨਯ ਦਿਸ਼ਾ ਨਾਲ ਸੰਬੰਧਿਤ 'ਵੱਡਿਆਂ ਵਿਸ਼ਿਆਂ' ਨੂੰ ਅਤੇ ਵੱਡੇ ਪੈਮਾਨੇ 'ਤੇ ਸਮਾਜਿਕ ਪਰਿਵਰਤਨ ਨੂੰ ਵੀ ਪਲਣ ਵਿਚ ਸਹਿਯੋਗ ਦਿੱਤਾ ਹੈ। ਫਿਰ ਵੀ ਨਾ ਆਧੁਨਿਕ ਅਤੇ ਨਾ ਹੀ ਉੱਤਰ ਆਧੁਨਿਕ ਸਮਾਜ ਵਿਗਿਆਨੀ ਇਹ ਮੰਨਣ ਲਈ ਤਿਆਰ ਹਨ ਕਿ ਇਕ ਸਥਿਤੀ ਵਿਚ 'ਮਹਾਨ ਸਿਧਾਂਤ' ਤੋਂ ਵੱਖ ਹੋਣ ਅਤੇ ਦੂਸਰੀ ਸਥਿਤੀ ਵਿਚ ਪਰਾਕਥਾਨਕ ਨੂੰ ਛੱਡਣ ਦੇ ਦੌਰਾਨ ਉਨ੍ਹਾਂ ਨੇ ਸਿਰਫ਼ 'ਛੋਟੇ ਆਲੂਆਂ' ਦਾ ਵਪਾਰ ਕੀਤਾ ਹੈ ਅਤੇ ਵੱਡੇ ਵਿਸ਼ਿਆਂ ਵੱਲ ਧਿਆਨ ਨਹੀਂ ਦਿੱਤਾ। ਜਿੱਥੇ ਆਧੁਨਿਕਤਾਵਾਦੀਆਂ ਨੇ ਵੱਡੇ ਵਿਸ਼ਿਆਂ ਨੂੰ ਸਵੀਕਾਰ ਨਹੀਂ ਕੀਤਾ ਉੱਥੇ ਉਤਰ ਆਧੁਨਿਕਤਾਵਾਦੀਆਂ ਦਾ ਦਾਅਵਾ ਹੈ ਕਿ ਵੱਡੇ ਵਿਸ਼ਿਆਂ ਦੀ ਹੋਂਦ ਹੀ ਨਹੀਂ ਹੈ ਜਾਂ ਫਿਰ ਉਨ੍ਹਾਂ ਨੂੰ ਸਮਝਣਾ ਅਸੰਭਵ ਹੈ। ਜੇ ਆਧੁਨਿਕਤਾਵਾਦੀ ਸਮਾਜ ਵਿਗਿਆਨ ਇਕ ਤਰ੍ਹਾਂ ਨਾਲ ਆਪਣੇ ਆਪ ਨੂੰ ਮੌਜੂਦਾ ਸਮਾਜਿਕ ਯਥਾਰਥ ਦੇ ਅਨੁਕੂਲ ਕਰ ਲੈਂਦਾ ਹੈ ਸਥਾਪਿਤ ਬੁਰਜੂਆ ਵਿਵਸਥਾ ਨੂੰ ਮੰਨ ਲੈਂਦਾ ਹੈ ਤਾਂ ਉਤਰ ਆਧੁਨਿਕਤਾਵਾਦ ਆਪਣੇ ਉਤਰ ਆਧੁਨਿਕ ਤਰੀਕੇ ਨਾਲ ਦੂਸਰੀ ਤਰ੍ਹਾਂ ਇਸ ਨੂੰ ਸਵੀਕਾਰ ਕਰਦਾ ਹੈ।

ਦੋਨਾਂ ਮਾਮਲਿਆਂ ਵਿਚ ਮੁੱਲਾਂ ਦੇ ਸਵਾਲ ਉਪਰ ਆਪਣੀਆਂ-ਆਪਣੀਆਂ ਥਾਵਾਂ ਤੋਂ ਇਸ ਯੋਜਨਾ ਨੂੰ ਮਦਦ ਮਿਲਦੀ ਰਹੀ ਹੈ। ਬੁਰਜੂਆ ਸਮਾਜ ਵਿਗਿਆਨ ਰਾਹੀਂ ਮੁੱਲਾਂ ਦਾ ਨਿਰੂਪਨ ਇਸ ਤਰ੍ਹਾਂ ਹੋਇਆ ਹੈ ਕਿ ਉਹ ਬੌਧਿਕ ਪਰਿਕਰਮਾ ਅਤੇ ਮੰਨਣ ਤੋਂ ਪਰ੍ਹੇ ਹਨ ਅਤੇ ਉਸ ਦੇ ਨਾਲ ਹੀ 'ਮੁੱਲਾਂ ਦੀ ਸੁਤੰਤਰਤਾ' ਅਤੇ ਨੈਤਿਕ 'ਕਿਨਾਰਾਕਸ਼ੀ' ਦੀ ਅੰਨੀ ਪੂਜਾ ਸ਼ਾਮਿਲ ਹੈ। ਮੁੱਲ ਜਾਂ ਸਭਿਆਚਾਰ ਦੇ ਵਿਸ਼ਿਆਂ ਵਿਚ ਉੱਤਰ ਆਧੁਨਿਕਤਾਵਾਦ ਦਾ ਪਾਰ-ਸਾਪੇਖ-ਵਾਰ ਇਸ ਦੇ ਬਰਾਬਰ ਚੱਲਦਾ ਹੈ। ਦੋਨਾਂ ਮਾਮਲਿਆਂ ਵਿਚ ਇਹ ਦੇਖਣ ਵਿਚ ਮੁਸ਼ਕਲ ਨਹੀਂ ਆਉਣੀ ਚਾਹੀਦੀ ਕਿ ਮੌਜੂਦਾ ਹਾਲਾਤ ਤੋਂ ਆਪਣੇ ਸਮਕਾਲੀ

ਅਜੋਕੇ ਅਸੰਤੋਸ਼ ਜਾਂ ਮੋਹ ਭੰਗ ਦੀ ਅਭੀਵਿਅਕਤੀ ਦੇ ਹੁੰਦਿਆਂ ਹੋਇਆਂ ਵੀ ਇਸ ਦਾ ਨਤੀਜਾ ਬੁਰਜੂਆ ਸਮਾਜ ਦੇ ਅਜੋਕੇ ਨੈਤਿਕ ਅਤੇ ਸਭਿਆਚਾਰਕ ਮੁੱਲਾਂ ਦਾ ਸਮਰਥਨ ਅਤੇ ਉਨ੍ਹਾਂ ਪ੍ਰਤੀ ਸਮਰਪਣ ਹੀ ਹੁੰਦਾ ਹੈ। ਆਪਣੇ ਭਾਸ਼ਾਈ ਵਿਹਾਰਾਂ ਰਾਹੀਂ ਬੁਰਜੂਆ ਸਮਾਜ ਵਿਵਸਥਾ ਵੱਲ ਇਸ ਤਰ੍ਹਾਂ ਦੇ ਗੱਠਜੋੜ ਦੇ ਸਮਰਪਣ ਨੂੰ ਧੁੰਦਲਾ ਕਰਨ ਵਿਚ ਦੋਨੋਂ ਹੀ ਸ਼ਾਮਿਲ ਹਨ। ਆਧੁਨਿਕਤਾਵਾਦੀ ਪ੍ਰਵਚਨ ਦੀ ਬੇਲੋੜੀ ਅਸਪੱਸ਼ਟਤਾ ਅਤੇ ਉਸ ਦੀ ਖਾਸ ਸ਼ਬਦਾਵਲੀ ਦੀ ਆਲੋਚਨਾ ਕਰਦੇ ਹੋਏ ਉੱਤਰ ਆਧੁਨਿਕਤਾਵਾਦ ਨੇ ਵੀ (Harmeneuties) ਵਿਗਾੜ ਅਤੇ ਸ਼ਾਬਦਿਕ ਖਲਾਅਵਾਦ ਦਾ ਇਕ ਸਮਾਨ ਅੰਤਰ ਧੁੰਦਲਾਪਣ ਸਿਰਜ ਲਿਆ ਹੈ। ਕੱਥ ਦੇ ਸਤਿਹੀਪਨ ਦਾ ਤਿੱਖਾ ਵਿਰੋਧ ਆਮ ਤੌਰ 'ਤੇ ਰੂਪ ਦੀ ਜਟਿਲਤਾ ਨਾਲ ਹੁੰਦਾ ਹੈ। ਪ੍ਰਸਤੁਤੀ ਦੀ ਅਸਪੱਸ਼ਟਤਾ ਵਿਸ਼ੇ ਦੀ ਅਣਹੋਂਦ ਦੀ ਘਾਟਾ ਪੂਰਤੀ ਕਰਦਾ ਹੈ। ਇਕ ਆਲੋਚਕ ਨੇ ਉਤਰ ਆਧੁਨਿਕਤਾਵਾਦ ਦੇ ਹੋਰ ਵਧੇਰੇ ਧੁੰਦਲੇ ਅਤੇ ਸ਼ਬਦ ਅਡੰਬਰ ਦੀ ਚਰਚਾ ਕੀਤੀ ਹੈ ਅਤੇ ਇਸ ਦਾ ਤਾਜ਼ਾ ਉਦਾਹਰਣ ਸਾਨੂੰ ਦਾਰੀਦਾ ਦੇ 'ਮਾਰਕਸ ਦੇ ਪਰੇਤ ਰਿਣ ਦੀ ਅਵਸਥਾ, ਵਿਰਲਾਪ ਦਾ ਕਾਰਜ ਅਤੇ ਨਵੀਂ ਅੰਤਰ ਰਾਸ਼ਟਰੀਅਤਾ ਵੱਲ ਇਸ਼ਾਰਾ ਕਰਦਾ ਹੈ। ਇਹ ਚੀਜ਼ ਅਸੀਂ ਪਹਿਲਾਂ ਦੇਖ ਚੁੱਕੇ ਹਾਂ।

ਪ੍ਰੰਤੂ ਮੁੱਲਾਂ ਦੇ ਹਰਾਸ ਦੇ ਵਿਸ਼ੇ ਵਿਚ ਉੱਤਰ ਆਧੁਨਿਕਤਾ ਦਾ ਇਕ ਸਪੱਸ਼ਟ ਪੱਖ ਹੈ ਜਿਸ ਵੱਲ ਨਾਰਮਗ੍ਰਾਸ ਨੇ ਸਾਡਾ ਧਿਆਨ ਖਿੱਚਿਆ ਹੈ, ਜੋ ਇਸ ਨੂੰ ਹੋਰ ਵੀ ਵਧੇਰੇ ਖਲਾਅਵਾਦੀ ਬਣਾ ਦਿੰਦਾ ਹੈ। ਇਥੇ ਵਿਵਾਦ ਇਹ ਹੈ ਕਿ ਉੱਤਰ ਆਧੁਨਿਕਤਾਵਾਦ ਦਾ ਗਿਆਨ ਆਤਮਕ ਸਾਪੇਖਵਾਦ ਭਾਸ਼ਣ ਜਾਂ ਭਾਸ਼ਾ ਦੇ ਆਦਰਸ਼ਵਾਦ ਦੇ ਨਾਲ ਮਿਲ ਕੇ ਸਾਨੂੰ ਮੁੱਲਹੀਣਤਾ ਦੀ ਖਾਈ ਵਿਚ ਧੱਕ ਦਿੰਦਾ ਹੈ ਅਤੇ ਇਤਿਹਾਸ ਵੱਲੋਂ ਅਨੁਕੂਲਿਤ ਦੂਸਰੀ ਤਰ੍ਹਾਂ ਦੇ ਸਵਿਕਾਰੇ ਜਾਂਦੇ ਖਾਸ ਤਰ੍ਹਾਂ ਦੇ ਮੁੱਲਾਂ ਤੋਂ ਹੀ ਸਾਨੂੰ ਵੰਚਿਤ ਕਰ ਦਿੰਦਾ ਹੈ। ਭਾਵੇਂ ਸਾਡੇ ਕੋਲ, ਉਨ੍ਹਾਂ ਦਾ ਮੁੱਲ ਨਿਰਧਾਰਿਤ ਕਰਨ ਵਾਲਾ ਜਾਂ ਉਨ੍ਹਾਂ ਵਿਚ ਚੋਣ ਜਾਂ ਨਿਰਣੇ ਲੈਣ ਵਾਲਾ ਕੋਈ ਬੌਧਿਕ ਮਾਪਦੰਡ ਨਹੀਂ ਹੈ। ਜਿਵੇਂ ਕਿ ਗ੍ਰਾਸ ਨੇ ਤਰਕ ਦਿੱਤਾ ਹੈ।

"ਜੇਕਰ ਸੱਚ ਨਹੀਂ ਹੈ ਤਾਂ ਅਨਿਆਏ ਵੀ ਨਹੀਂ ਹੈ ਕੁਝ ਹੋਰ ਘੱਟ ਸਪੱਸ਼ਟ ਤਰੀਕੇ ਨਾਲ ਕਿਹਾ ਜਾਵੇ ਕਿ ਜੇ ਸੱਚ ਨੂੰ ਸੰਪੂਰਨਤਾ ਵਿਚ ਕਿਸੇ ਖਾਸ ਭਾਸ਼ਣ ਜਾਂ ਭਾਸ਼ਾਈ ਖੇਲ ਜਾਂ ਸਮਾਜਿਕ ਵਿਹਾਰ ਦਾ ਪਿੱਛਲਗੂ ਬਣਾ ਦਿੱਤਾ ਜਾਵੇ ਤਾਂ ਅਨਿਆਇ ਦੀ ਹੋਂਦ ਹੀ ਨਹੀਂ। ਕਿਸੇ ਖਾਸ ਅਨਿਆਂ ਦੇ ਸ਼ਿਕਾਰ ਅਤੇ ਵਿਰੋਧੀ ਉਹ ਹਨ ਜੋ ਆਮ ਕਰਕੇ ਆਪਣੇ ਅੰਤਿਮ ਅਤੇ ਸਭ ਤੋਂ ਚੰਗੇ ਹਥਿਆਰ ਤੋਂ ਵੰਚਿਤ ਹਨ ਕਿ ਜੋ ਸੱਚਮੁੱਚ ਵਾਪਰਿਆ ਹੈ ਉਸ ਨੂੰ ਕਹਿਣਾ ਨਹੀਂ ਜਾਣਦੇ, ਉਹ ਸਿਰਫ਼ ਆਪਣੀ ਕਹਾਣੀ ਸੁਣਾ ਸਕਦੇ ਹਨ ਜੋ ਵਾਪਰੀ ਨਹੀਂ ਤੇ ਕੁਝ ਭਿੰਨ ਹੁੰਦਾ ਹੈ। ਇਸ ਲਈ ਨੈਤਿਕ ਤੇ ਰਾਜਨੀਤਿਕ ਰੂਪ ਤੋਂ ਕੁਝ ਵੀ ਹੋ ਸਕਦਾ ਹੈ।"

ਨਿਸ਼ਚੇ ਹੀ ਕੋਈ ਕਿਸੇ ਵਿਅਕਤੀ ਅਤੇ ਘਟਨਾ ਜਾਂ ਸਥਿਤੀ ਦੇ ਬਿਆਨ ਦਾ ਸਿਰਫ਼ ਇਕ ਸਹੀ ਪ੍ਰਤੀਬਿੰਬ ਪੇਸ਼ ਕਰਨ ਦੀ ਜ਼ਿੱਦ ਨਹੀਂ ਕਰ ਸਕਦਾ। ਵਿਸ਼ਲੇਸ਼ਣ ਲਾਇਕ ਕੋਈ ਵੀ ਵਿਸ਼ਾ ਹੋਵੇ ਉਹ ਉਸਦੇ ਕੱਥ ਦੇ ਕਿਸੇ ਵਿਵਰਨ ਜਾਂ ਬਿਰਤਾਂਤ ਦੇ ਰੂਪ ਅਤੇ ਰੰਗ ਵਿਭਿੰਨ ਦ੍ਰਿਸ਼ਟੀਕੋਣਾਂ ਤੇ ਵਿਅਕਤੀਗਤ ਵਿਸ਼ਵਾਸਾਂ, ਵਿਭਿੰਨ ਭਾਸ਼ਾਈ ਅਤੇ ਧਾਰਨਾਵਾਂ ਦੇ ਢਾਂਚਿਆਂ ਦੇ ਹੁੰਦੇ ਹੋਏ ਅਨੇਕਤਾ ਵਾਲੇ ਹੋਣਗੇ। ਫਿਰ ਵੀ ਉਥੇ ਚੀਜ਼ਾਂ ਦੇ ਲਈ ਇਕ ਰਸਤਾ ਹੈ। ਉਚਿਤ ਬਿਆਨ, ਵਿਆਖਿਆ ਦੇ ਖੇਤਰ ਨੂੰ ਸੀਮਿਤ ਕਰਨ ਵਾਲਾ ਇਕ ਯਥਾਰਥ ਹੈ ਜੋ ਘੱਟ ਜਾਂ ਵੱਧ ਸਹੀ ਪ੍ਰਸੰਗ ਅਨੁਸਾਰ ਅਤੇ ਵਸਤੂਗਤ ਰੂਪ ਨਾਲ ਸਹੀ ਬਿਆਨ ਭਾਸ਼ਾਅੰਤਰਕ ਜਾਂ ਵਿਆਖਿਆ ਦਾ ਆਧਾਰ ਹੈ। ਉੱਤਰ ਆਧੁਨਿਕਤਾਵਾਦ



ਦਾ ਗਿਆਨਾਤਮਕ ਸਾਪੇਖਵਾਦ ਇਸ ਤਰ੍ਹਾਂ ਦੂਰ ਤਕ ਅੱਗੇ ਜਾਣ 'ਤੇ ਆਮ ਤੌਰ 'ਤੇ ਇਸ ਤਰ੍ਹਾਂ ਦੇ ਅੰਤਮ ਫੈਸਲੇ ਨੂੰ ਰੋਕ ਦਿੰਦਾ ਹੈ ਅਤੇ ਇਕ ਨੈਤਿਕ ਸਾਪੇਖਵਾਦ ਲਈ ਦਰਵਾਜ਼ਾ ਖੋਲ੍ਹ ਦਿੰਦਾ ਹੈ ਜੋ ਅੰਤਿਮ ਤੌਰ 'ਤੇ ਸਾਰੇ ਮੁੱਲਾਂ ਦਾ ਵਿਨਾਸ਼ਕ ਹੈ। ਭਾਵੇਂ ਬਹੁਤ ਸਾਰੇ ਉੱਤਰ ਆਧੁਨਿਕਤਾਵਾਦੀਆਂ ਦੀ ਆਦਤ ਹੈ ਕਿ ਉਹ ਸਾਪੇਖਵਾਦੀ ਹੋਣ ਨੂੰ ਬਿਲਕੁਲ ਨਕਾਰ ਦਿੰਦੇ ਹਨ।

## 8

ਆਪਣੇ ਖਲਾਅਵਾਦੀ ਸਥਾਪਨਾ ਦੇ ਚਲਦਿਆਂ ਅਤੇ ਸੱਚ ਦੀ ਵੈਧਤਾ ਦੇ ਸਵਾਲਾਂ ਦੇ ਨਾਲ-ਨਾਲ ਭਰਮ ਵਿਚ ਪਾਉਣ ਵਾਲੀ ਸੰਪੂਰਨ ਗਿਆਨ ਦੀ ਇਤਿਹਾਸਕਤਾ ਦੀ ਧਾਰਨਾ ਦੇ ਚਲਦਿਆਂ ਹੋਇਆਂ, ਉੱਤਰ ਆਧੁਨਿਕਤਾਵਾਦ ਦਾ ਗਿਆਨਾਤਮਕ ਸਾਪੇਖਵਾਦ 'ਵਿਸ਼ਵਾਸ ਦੀ ਰਾਹ ਵਿਚ ਸ਼ੁੱਭ' ਦੀ ਤਰ੍ਹਾਂ ਅੱਜਕਲ੍ਹ ਸਵਿਕਾਰੇ ਸੱਚ ਉਪਰ ਅਧਾਰਿਤ ਹੋਣ ਦਾ ਦਾਅਵਾ ਕਰਨ ਵਾਲੇ ਸਮਾਜਕ ਯਥਾਰਥ ਦੇ ਕਿਸੇ ਨਿਰਧਾਰਕ ਤੋਂ ਸਤਰਕ ਹੁੰਦਾ ਹੈ ਅਤੇ ਇਸ ਤੋਂ ਇਨਕਾਰ ਵੀ ਕਰਦਾ ਹੈ। ਇਹ ਯਥਾਰਥ ਮੀਡੀਆ ਦੇ ਵਪਾਰਕ ਸਵਾਰਥਾਂ, ਸਰਕਾਰਾਂ ਅਤੇ ਸਾਡੀਆਂ ਸਮਾਜਿਕ ਸੱਤਾਵਾਂ ਦੁਆਰਾ ਸਥਾਪਿਤ ਹੋਇਆ ਹੈ। ਗਿਆਨ ਜਾਂ ਸੱਚ ਦੇ ਕਿਸੇ ਵਾਸਤਵਿਕ ਅਧਾਰ ਨੂੰ ਨਕਾਰਨ ਦੇ ਦੌਰਾਨ ਉੱਤਰ ਆਧੁਨਿਕ ਸ਼ੰਕਾਵਾਦ ਵੱਧ ਤੋਂ ਵੱਧ ਸਿਰਫ਼ ਅਰਥ ਨਿਸ਼ਚਿਤ ਕਰਨ ਦੀ ਇਜਾਜ਼ਤ ਦਿੰਦਾ ਹੈ। ਕੁਝ ਲੋਕ ਇਸ ਨੂੰ 'ਕਲਪਨਾ' ਕਹਿ ਸਕਦੇ ਹਨ। ਇਹ 'ਫੂਕੋ' ਦੇ ਨਾਲ ਦਾਅਵਾ ਕਰ ਸਕਦੇ ਹਨ ਕਿ ਇਸ ਧਾਰਨਾ ਨੂੰ ਕਾਇਮ ਕਰਨ ਲਈ ਕਿਸੇ ਨੂੰ ਇੰਨੀ ਦੂਰ ਨਹੀਂ ਜਾਣਾ ਪਵੇਗਾ ਜਿੱਥੇ ਇਹ ਕਹਿਣਾ ਪਵੇ ਕਿ ਕਲਪਨਾਵਾਂ ਮੰਚ 'ਤੋਂ ਪਰ੍ਹੇ ਹਨ। ਪ੍ਰੰਤੂ ਇਹ ਖੁੱਲ੍ਹ ਸਿਰਫ਼ ਸ਼ਾਬਦਿਕ ਅਤੇ ਰਸਮੀ ਹੈ। ਇਹ ਪੁਰਾਤਨ 'ਸੱਚ ਦੀ ਧਾਰਨਾ' ਨੂੰ ਉੱਤਰ ਆਧੁਨਿਕ ਸ਼ੰਕਾ ਵਲੋਂ ਧੱਕੇ ਨਾਲ ਦਿੱਤੀ ਗਈ ਸ਼ਰਧਾਂਜਲੀ ਹੈ। ਨਤੀਜੇ ਵਜੋਂ ਇਕ ਉਪਯੋਗਤਾਵਾਦ ਸਾਹਮਣੇ ਆਉਂਦਾ ਹੈ। ਜੋ ਰਿਚਰਡ ਦੇ ਨਾਲ ਇਹ ਸਥਾਪਿਤ ਕਰਦਾ ਹੈ ਕਿ ਉਪਯੋਗੀ ਸੱਚ ਉਹੀ ਹੈ ਜੋ ਕਿ ਸਵਾਰਥ ਵਾਲੇ ਸਮੂਹ ਦੇ ਮੈਂਬਰਾਂ ਜਾਂ ਵਿਸ਼ਵਾਸ ਦੀ ਰਾਹ ਵਿਚ ਇਕ ਤਰ੍ਹਾਂ ਨਾਲ ਸਭ ਵਿਚ ਸ਼ਾਮਲ ਹੋਣ ਵਾਲੇ ਸਮੂਹ ਨਾਲ ਸਾਰਥਿਕ ਸੰਵਾਦ ਦੀ ਸ਼ਕਤੀ ਰੱਖਦਾ ਹੋਵੇ। ਇਸੇ ਤਰ੍ਹਾਂ ਇਕ ਖਲਾਅਵਾਦੀ ਸਥਾਪਨਾ ਤੇ ਉਨ੍ਹਾਂ ਮੁੱਲਾਂ ਦਾ ਸ਼ੰਕਾ ਰਹਿਤ ਇਤਿਹਾਸਕਤਾ ਦੀ ਪਹਿਚਾਣ ਜੋ ਕਿਸੇ ਹੋਰ ਮੰਨਣ ਯੋਗ ਸਿਧਾਤਾਂ ਤੋਂ ਕਿਨਾਰਾਕਸ਼ੀ ਕਰਦਾ ਹੈ ਉੱਤਰ ਆਧੁਨਿਕਤਾਵਾਦ ਨੂੰ ਪਰਾ ਸਾਪੇਖਤਾਵਾਦ ਦੇ ਮੰਨੋਰੰਜਨ ਲਈ ਸਾਹਮਣੇ ਲਿਆਉਂਦੀ ਹੈ। ਇਹ ਸਮਾਨਤਾ ਭਾਈਚਾਰਕ ਨਿਆਂ ਆਦਿ ਦੀ ਵਿਸ਼ਵ ਵਿਆਪੀ ਮੁੱਲਾਂ ਦੀ ਸੰਭਾਵਨਾ ਤੋਂ ਇਨਕਾਰ ਕਰਦਾ ਹੈ।

## 9

ਉੱਤਰ ਆਧੁਨਿਕਤਾਵਾਦ ਇਕ ਮੂਲ ਸਮਾਜਿਕ ਸਿਧਾਂਤ ਹੋਣ ਦਾ ਦਾਅਵਾ ਕਰਦਾ ਹੈ ਭਾਵੇਂ ਇਹ ਕੁਝ ਉੱਤਰ ਆਧੁਨਿਕ ਸਮੇਂ ਦੇ ਲਈ ਹੀ ਕਿਉਂ ਨਾ ਹੋਵੇ। ਬਹੁਤੇ ਲੋਕ ਜੋ ਅੱਜ ਵੀ ਖੱਬੇ ਪੱਖੀ ਰੁਝਾਨ ਰੱਖਦੇ ਹਨ, ਉਨ੍ਹਾਂ ਨੇ ਇਸ ਨੂੰ ਮਾਰਕਸਵਾਦ ਦੇ ਬਦਲਵੇਂ ਵਿਕਾਸ ਦੇ ਰੂਪ ਵਿਚ ਵੇਖਿਆ ਹੈ। ਪ੍ਰੰਤੂ ਇਸ ਦੇ ਬੁਨਿਆਦੀ ਦਬਾਅ ਅਤੇ ਵਿਸਤਰਿਤ ਸਥਿਤੀਆਂ ਜਾਂ ਸਿਧਾਂਤ ਕਿਸੇ ਵੀ ਤਰ੍ਹਾਂ ਦੀ ਰਾਜਨੀਤੀ ਲਈ ਤਬਾਹ ਕੁੰਨ ਹਨ। ਦੁਨੀਆ ਅਤੇ ਮਾਨਵੀ ਗਿਆਨ ਦੀ ਇਸ ਦੀ ਖੰਡਿਤ ਪ੍ਰਕਿਰਤੀ ਦੀ ਧਾਰਨਾ ਨੂੰ ਅਤੇ ਕਿਸੇ ਤਰ੍ਹਾਂ ਦੀ ਵਿਆਪਕ ਦ੍ਰਿਸ਼ਟੀ ਉਪਰ ਅਧਾਰਿਤ ਮੁਕਤੀ ਵਾਲੀ ਰਾਜਨੀਤੀ ਦੀ ਅਸੰਭਵਤਾ ਨੂੰ ਅਸੀਂ ਪਹਿਲਾਂ ਹੀ ਵੇਖ ਚੁੱਕੇ ਹਾਂ। ਇਹ ਧਾਰਨਾ ਕਿ ਕੋਈ ਪੱਧਤੀ ਜਾਂ ਇਤਿਹਾਸ ਅਚਾਨਕ ਵਿਸ਼ਲੇਸ਼ਣ ਦੇ ਪ੍ਰਤੀ ਗ੍ਰਹਿਣਸ਼ੀਲ ਨਹੀਂ ਹੈ, ਬਹੁਤ ਸਾਰੀਆਂ

ਸ਼ਕਤੀਆਂ ਦੀ ਜੜ੍ਹ ਤੱਕ ਪਹੁੰਚਣ ਦੀ ਸੰਭਾਵਨਾ ਤੋਂ ਇਨਕਾਰ ਕਰਦੀ ਹੈ, ਜੋ ਦੁਖਦਾਈ ਹੈ ਅਤੇ ਇਸ ਦੇ ਨਾਲ ਹੀ ਆਮ ਮਾਨਵੀ ਮੁਕਤੀ ਦੇ ਲਈ, ਕਿਸੇ ਤੱਤਾਂ ਦੇ ਗੰਭੀਰ ਸੰਗਠਿਤ ਵਿਰੋਧ ਦੀ ਇੱਛਾ ਨੂੰ ਸਵਿਕਾਰ ਨਹੀਂ ਕਰਦੀ ਇਹ ਧਾਰਨਾ। ਸਿਰਫ਼ ਇਹ ਦੋਵੇਂ ਹੀ ਸਾਡੇ ਵਿਚਾਰਨ ਦੀਆਂ ਥਾਵਾਂ ਹਨ ਅਤੇ ਅਸੀਂ ਸਿਰਫ਼ ਬਹੁਤ ਸਾਰੇ ਖ਼ਾਸ ਅਲੱਗ-ਅਲੱਗ ਵਿਰੋਧਾਂ ਦੀ ਕਾਮਨਾ ਹੀ ਕਰ ਸਕਦੇ ਹਾਂ। ਇਹ ਬਹੁਤ ਸਾਰੇ ਨਾ ਜੁੜੇ ਹੋਏ ਟੁਕੜਿਆਂ ਦੀ ਖੰਡਿਤ ਅਤੇ ਸਮੁੱਚ ਵਿਰੋਧੀ ਨੀਤੀ ਹੈ। ਮੂਲ ਰਾਜਨੀਤੀ ਨੂੰ ਪ੍ਰੰਪਰਾਗਤ ਰੂਪ ਵਿਚ ਵਰਗਾਂ ਜਾਂ ਰਾਜਾਂ ਅਤੇ ਉਨ੍ਹਾਂ ਦੇ ਵਿਰੋਧ ਵਿਚ ਖੜੀ ਵਿਆਪਕ ਸ਼ਕਤੀ ਵਜੋਂ ਵੇਖਿਆ ਗਿਆ ਹੈ। ਇਸ ਨੂੰ ਹੁਣ ਪ੍ਰਭਾਵਸ਼ਾਲੀ ਤਰੀਕੇ ਨਾਲ ਸੋਚ ਤੋਂ ਬਾਹਰ ਕੱਢ ਦਿੱਤਾ ਜਾਂਦਾ ਹੈ ਤਾਂ ਕਿ 'ਪਹਿਚਾਣ ਦੀ ਰਾਜਨੀਤੀ', 'ਨਵੇਂ ਸਮਾਜਕ ਅੰਦੋਲਨ' ਦੇ ਨਾਲ ਹੀ 'ਰਾਜਨੀਤੀ ਦੀ ਤਰ੍ਹਾਂ ਵਿਅਕਤੀਗਤ' ਟੁੱਟੀ ਫੁੱਟੀ ਲੜਾਈ ਨੂੰ ਵਿਆਪਕ ਰਾਜਨੀਤਿਕ ਜਾਂ ਸਮਾਜਿਕ ਦ੍ਰਿਸ਼ਟੀ ਤੋਂ ਰਹਿਤ ਇਕ ਸੁਧਾਰਵਾਦੀ ਰਾਜਨੀਤੀ ਵੱਲ ਤੋਰ ਦਿੱਤਾ ਜਾਵੇ। ਇਕ ਵਾਰ ਫੇਰ ਅਸੀਂ ਉੱਤਰਆਧੁਨਿਕ 'ਫਟਣ  ਨਿਰੰਤਰਤਾ ਵਾਂਗ ਵਿਸਤਾਰ ਲੈਂਦਿਆਂ ਵੇਖਦੇ ਹਾਂ ਕਿਉਂਕਿ ਇਹ ਉਦਾਰ-ਬਹੁਵਾਦ ਦੇ ਰੂਪ ਤੋਂ ਵਾਸਤਵ ਵਿਚ ਬਹੁਤਾ ਵੱਖਰਾ ਨਹੀਂ ਹੈ, ਜਿਸਨੇ ਬਹੁਵਾਦੀ ਰਾਜਨੀਤੀ ਦੀ ਵਕਾਲਤ ਕਰਦਿਆਂ ਹੋਇਆਂ ਇਹ ਨਕਾਰ ਦਿੱਤਾ ਕਿ ਪੂੰਜੀਵਾਦੀ ਸਮਾਜ ਵਿਚ ਸ਼ਕਤੀ ਜਾਂ ਸ਼ਾਸ਼ਨ ਦਾ ਕੋਈ ਵਿਵਸਥਿਤ ਸ੍ਰੋਤ ਨਹੀਂ ਹੈ। ਲੱਗਦਾ ਇਉਂ ਹੈ ਕਿ ਉੱਤਰ ਆਧੁਨਿਕ 'ਭਾਸ਼ਣ'  'ਆਧੁਨਿਕਤਾ ਵਿਰੋਧੀ' ਹੋਣ ਦੀ ਬਜਾਇ ਸਿਰਫ਼ ਆਧੁਨਿਕਤਾਵਾਦ ਦੇ ਇਕ ਰੂਪ 'ਮਾਰਕਸਵਾਦ' ਨੂੰ ਨਕਾਰਦੇ ਸਮੇਂ ਹੀ ਉੱਤਰਆਧੁਨਿਕ ਹੈ। ਉਹ ਵੀ ਉਦੋਂ ਜਦੋਂ ਉਹ ਆਧੁਨਿਕਤਾਵਾਦੀ ਪ੍ਰੋਜੈਕਟ ਦੇ ਦੂਸਰੇ ਪ੍ਰਮੁੱਖ ਰੂਪ ਉਦਾਰਤਾਵਾਦ ਦੀ ਸੰਸਾਰਿਕ ਭਾਸ਼ਾ ਅਪਣਾਉਂਦਾ ਹੈ।

ਉੱਤਰ ਆਧੁਨਿਕਤਾਵਾਦੀ ਸਮਾਜਿਕ ਸਿਧਾਂਤ ਦਾ ਇਕ ਮੱਹਤਵਪੂਰਨ ਪੱਖ ਇਹ ਹੈ ਕਿ ਹੋਰ ਚੀਜ਼ਾਂ ਤੋਂ ਇਲਾਵਾ ਇਹ ਉਨਮੁੱਲਨਵਾਦ ਪ੍ਰਤੀ ਆਪਣੀ ਅਸਲੀ ਪ੍ਰਕਿਰਤੀ ਤੇ ਇੱਛਾ ਦਾ ਖਲਾਅ ਕਰਦਾ ਹੈ। ਇਸ ਨੂੰ ਇਕ ਯੁਕਤੀਹੀਣ ਤੇ ਸ਼ੋਸ਼ਿਤ ਪੱਧਤੀ ਕਹਿਣਾ ਕੋਈ ਅਤਿ ਕਥਨੀ ਨਹੀਂ ਹੋਵੇਗੀ ਜਿਸ ਦਾ ਪੂਰਾ ਤਰਕ ਆਪਣੀ ਪਹੁੰਚ ਦੇ ਅੰਦਰ ਦੀਆਂ ਸਾਰੀਆਂ ਚੀਜ਼ਾਂ ਉੱਪਰ ਆਪਣਾ ਚਿੰਨ੍ਹ ਛੱਡ ਜਾਂਦਾ ਹੈ। ਇਸ ਦੀ ਪਹੁੰਚ, ਬਾਜ਼ਾਰ ਦੇ ਰਸਤੇ ਸਾਡੇ ਅਰਥ, ਨੈਤਿਕਤਾ, ਸਭਿਆਚਾਰ ਆਦਿ ਨਾਲ ਬਹੁਤ ਦੂਰ ਤੱਕ ਸਾਡੇ ਸਮਾਜਿਕ ਅਤੇ ਵਿਅਕਤੀਗਤ ਜੀਵਨ ਦੀਆਂ ਸਭ ਤੋਂ ਡੂੰਘੀਆਂ ਆਰਾਮਗਾਹਾਂ ਤੱਕ ਹੁੰਦੀ ਹੈ। ਜਿਵੇਂ ਕਿ ਇਹ ਇਕ ਵਿਆਪਕ ਪੱਧਤੀ ਹੈ। ਉੱਤਰ ਆਧੁਨਿਕ ਭਾਸ਼ਣ (ਪ੍ਰਵਚਨ) ਵਿਚ ਪੂੰਜੀਵਾਦ ਦੀ ਹੋਂਦ ਦੀ ਗੱਲ ਮੁਸ਼ਕਿਲ ਨਾਲ ਹੀ ਕੀਤੀ ਜਾ ਸਕਦੀ ਹੈ ਅਤੇ ਜੇਕਰ ਤੁਸੀਂ ਪੂੰਜੀਵਾਦ ਨੂੰ ਇਕ ਪੱਧਤੀ ਦੇ ਰੂਪ ਵਿਚ ਨਹੀਂ ਸੋਚ ਸਕਦੇ ਤਾਂ ਇਸ ਦਾ ਵਿਰੋਧ ਭਾਵੇਂ ਕਰੋ ਪਰ ਤੁਸੀਂ ਇਸ ਨੂੰ ਸਮਝ ਨਹੀਂ ਸਕਦੇ ਤੇ ਨਾ ਹੀ ਇਸ ਦੀ ਆਲੋਚਨਾ ਕਰ ਸਕਦੇ ਹੋ। ਤੁਸੀਂ ਆਰਾਮ ਨਾਲ ਲੇਟ ਕੇ ਇਸ ਦੇ ਉਪਭੋਗਤਾਵਾਦੀ ਤੇ ਦੂਸਰੇ ਸੁੱਖਾਂ ਦਾ ਆਨੰਦ ਵੀ ਬਹੁਤ ਸਾਰੇ ਉੱਤਰ ਆਧੁਨਿਕਤਾਵਾਦੀਆਂ ਵਾਂਗ ਲੈ ਸਕਦੇ ਹੋ। ਜਦੋਂ ਪੂੰਜੀਵਾਦ ਦੇ ਸੰਰਚਨਾਤਮਕ ਤਰਕ ਦੀ ਜੁਕਤੀ ਹੀਣਤਾ ਆਪਣੇ ਬਹੁਰੂਪੀ ਨਤੀਜਿਆਂ ਅਤੇ ਸਮੱਸਿਆਵਾਂ ਨਾਲ ਲੋਕਾਂ ਨੂੰ ਡਰਾਉਣ ਲੱਗੇ ਜੋ ਜਾਣੇ ਨਹੀਂ ਜਾ ਸਕਦੇ - ਤਾਂ ਜਿਨ੍ਹਾਂ ਦਾ ਵਿਰੋਧ ਨਹੀਂ ਕੀਤਾ ਜਾ ਸਕਦਾ ਅਤੇ ਜੋ 'ਪਹਿਚਾਣ' ਅਤੇ ਨਵੇਂ ਸਮਾਜਿਕ ਅੰਦੋਲਨਾਂ ਦੀ ਬਦਲਵੀਂ ਰਾਜਨੀਤੀ ਨੂੰ ਅਵਿਵਸਥਿਤ ਅਤੇ ਵਿਸਥਾਪਿਤ ਕਰ ਸਕਦੇ ਹਨ ਜੋ ਕਿਸੇ ਵੀ ਸਥਿਤੀ ਵਿਚ ਜਿਵੇਂ ਕਿ ਪ੍ਰੰਪਰਾਗਤ ਪੁਰਾਤਨ ਰਾਜਨੀਤੀ ਨਾਲ ਹੁੰਦਾ ਹੈ, ਤੁਹਾਨੂੰ ਬਹੁਤ ਦੂਰ ਤਕ ਨਹੀਂ ਲੈ ਜਾਂਦੇ ਅਤੇ ਇਸ ਬੰਧਨ ਮੁਕਤ ਪੂੰਜੀਵਾਦੀ ਪ੍ਰਸਥਿਤੀ ਦਾ ਦ੍ਰਿਸ਼ਟੀਕੋਣ, ਇਕ ਦਮ ਪ੍ਰਤੀਕ੍ਰਿਆਵਾਦੀ  ਨਹੀਂ ਤਾਂ ਦੋਸ਼



ਦੇਖਣ ਅਤੇ ਗੈਰ ਰਾਜਨੀਤੀਕਰਨ ਵੱਲ ਲੈ ਜਾਂਦਾ ਹੈ।

ਇਸੇ ਤਰ੍ਹਾਂ ਇਹ ਸਿਧਾਂਤ ਪੂੰਜੀਵਾਦ ਦੇ ਸਵਾਲ ਨੂੰ ਸਮਝਦਾ ਹੈ। ਜ਼ਰੂਰੀ ਤੌਰ 'ਤੇ ਸੱਠਵਿਆਂ ਵਿਚ ਯੁੱਧ ਤੋਂ ਬਾਦ ਦੇ ਪੂੰਜੀਵਾਦ ਦੇ ਸਵਰਨ ਯੁੱਗ ਤਕ ਆਪਣੀਆਂ ਜੜ੍ਹਾਂ ਜਮਾਉਣ ਵਾਲੇ ਉਤਰ ਆਧੁਨਿਕਤਾਵਾਦੀਆਂ ਨੂੰ ਮੁਕਤੀ ਦੇਣ ਵਾਲੇ ਪੂੰਜੀਵਾਦ ਬਾਰੇ ਇਕ ਇਤਿਹਾਸਕ ਧਾਰਨਾ ਸਵੀਕਾਰ ਕਰ ਲਈ ਹੈ ਤੇ ਉਹ ਸਫ਼ਲ ਵੀ ਰਹੇ ਹਨ ਜਾਂ ਇਸ ਨੂੰ ਇਤਿਹਾਸਕ ਦ੍ਰਿਸ਼ਟੀ ਤੋਂ ਦੇਖਣੋਂ ਇਨਕਾਰੀ ਹਨ। ਜਿਵੇਂ ਕਿ ਅਸਲ ਵਿਚ ਇਸ ਦੀ ਹੋਂਦ ਅਤੇ ਕਾਰਜਸ਼ੈਲੀ ਹੈ, ਇਹ ਜ਼ਰੂਰੀ ਤੌਰ 'ਤੇ ਇਕ ਬੁੱਧੀਹੀਣ ਆਰਥਿਕ ਵਿਵਸਥਾ ਹੈ। ਅੰਤਰ ਵਿਰੋਧਾਂ ਅਤੇ ਸਮੱਸਿਆਵਾਂ ਨਾਲ ਭਰੀ ਹੋਈ, ਭਾਵੇਂ ਸਰਵਵਿਆਪੀ ਗੰਭੀਰ ਸੰਕਟ ਦੇ ਦੌਰ ਵਿਚ ਅੱਜਕੱਲ੍ਹ ਇਹ ਵਿਜੈ ਪ੍ਰਾਪਤ ਕਰ ਰਹੀ ਹੈ, ਜਿਵੇਂ ਕਿ ਵੂੱਡ ਨੇ ਕਿਹਾ,

"ਅਸਲ ਵਿਚ ਉੱਤਰ ਆਧੁਨਿਕਤਾਵਾਦੀ ਬੁੱਧੀ ਦੀ ਯੁਗਾਂਤਕਾਰੀ ਨਵੀਨਤਾ ਇਸ ਇਤਿਹਾਸਕ ਯਥਾਰਥ ਨੂੰ ਭੁੱਲਣ ਅਤੇ ਨਕਾਰਨ ਵਿਚ ਹੈ ਕਿ ਵੀਹਵੀਂ ਸਦੀ ਦੀ ਸਾਰੀ ਟੁੱਟ ਭੱਜ ਇਕ ਮਾਤਰ ਇਤਿਹਾਸਕ ਏਕਤਾ ਕਰਕੇ ਤਰਕ ਰਾਹੀਂ ਜੁੜੀ ਹੋਈ ਹੈ ਅਤੇ ਪੂੰਜੀਵਾਦ ਦੀ ਅੰਦਰੂਨੀ ਵਿਰੋਧਾਭਾਸਾਂ ਵਾਲੀ ਇਹ ਪੱਧਤੀ ਹਜ਼ਾਰਾਂ ਮੌਤ ਮਰਦੀ ਹੈ।"

ਉੱਤਰ ਆਧੁਨਿਕਤਾ ਆਤਮ ਵਿਵਰਣ ਅਤੇ ਸਮਾਂ ਨਿਰਧਾਰਣ ਦੇ ਸਵਰੂਪ ਉੱਪਰ ਟਿਕਿਆ ਹੋਇਆ ਹੈ। ਉੱਤਰ ਆਧੁਨਿਕਤਾਵਾਦ ਆਧੁਨਿਕਤਾ ਦਾ ਵਿਕਾਸ-ਚੀਜ਼ਾਂ ਦੇ ਅਤੀਤ ਅਤੇ ਵਰਤਮਾਨ ਅਥਵਾ ਇਤਿਹਾਸਕ ਵਿਕਾਸ ਅਤੇ ਪੂੰਜੀਵਾਦ ਦੀ ਵਾਸਤਵਿਕਤਾ ਵਧੇਰੇ ਮਹੱਤਵਪੂਰਨ ਹਿੱਸੇ ਨੂੰ 'ਸਮਾਂ ਨਿਰਧਾਰਨ' ਹੇਠ ਲੁਕਾ ਦਿੰਦਾ ਹੈ। ਉਵੇਂ ਹੀ ਜਿਵੇਂ ਇਸਦੇ ਗਿਆਨਆਤਮਿਕ ਸ਼ੰਕਾਵਾਦ ਨੇ 'ਸਰੰਚਨਾ' ਅਤੇ 'ਪੱਧਤੀ' ਦੇ ਸਾਰੇ ਵਿਚਾਰਾਂ ਉਪਰ ਪ੍ਰਸ਼ਨ ਉਠਾਇਆ ਹੈ ਅਤੇ ਉਨ੍ਹਾਂ ਨੂੰ ਦਰਕਿਨਾਰ ਕਰ ਦਿੱਤਾ ਹੈ। ਪੂੰਜੀਵਾਦ ਇਕ ਪੂਰਨ 'ਸੰਰਚਨਾ' ਜਾਂ 'ਪੱਧਤੀ' ਦੇ ਰੂਪ ਵਿਚ ਅਧਿਅਨ ਅਤੇ ਵਿਸ਼ਲੇਸ਼ਣ ਦੇ ਉਦੇਸ਼ਾਂ ਲਈ ਬੰਧਨ ਤੋਂ ਬਾਹਰ ਹੈ।

ਐਲਨ ਵਾਲਡ ਵਾਂਗ ਕੁਝ ਲੋਕ ਉੱਤਰ ਆਧੁਨਿਕਤਾਵਾਦ ਤੋਂ ਇਹ ਆਸ ਕਰਦੇ ਹਨ ਕਿ 1960 ਅਤੇ ਸੱਤਰਵਿਆਂ ਦੇ ਵਿਚ ਪੱਛਮ ਦੇ ਨੌਜਵਾਨਾਂ ਉਪਰ ਜਿਸ ਤਰ੍ਹਾਂ ਦਾ ਅਸਰ ਅਸਤਿਤਵਵਾਦ ਦਾ ਹੋਇਆ ਸੀ, ਉਸੇ ਤਰ੍ਹਾਂ ਦਾ ਹੀ ਪ੍ਰਭਾਵੀ ਰਾਜਨੀਤੀਕਰਨ ਇਸ ਰਾਹੀਂ ਵੀ ਹੋਵੇਗਾ, ਪ੍ਰੰਤੂ ਹੁਣ ਤਕ ਸਭ ਕੁਝ ਇਸ ਤੋਂ ਉਲਟ ਹੋਇਆ ਹੈ। ਉੱਤਰ ਆਧੁਨਿਕਤਾਵਾਦ ਵਿਚ ਡੂੰਘਾ ਸ਼ੰਕਾਵਾਦ ਅਤੇ ਡੂੰਘੀ ਰਾਜਨੀਤਿਕ ਹਾਰਵਾਦ ਨਾਲ-ਨਾਲ ਚੱਲਦੇ ਹਨ ਅਤੇ ਭਰਮਹੀਣਤਾ, ਉਦਾਸਹੀਣਤਾ ਅਤੇ ਨਿਸ਼ਕਿਰਿਅਤਾ ਦੇ ਰਸਤੇ ਵੱਲ ਇਸ਼ਾਰਾ ਕਰਦੇ ਹਨ। ਅੱਜ ਦੀ ਪੂੰਜੀਵਾਦੀ ਸਮਾਜਿਕ ਵਿਵਸਥਾ ਰਾਜਨੀਤਿਕ ਉਦਾਸਹੀਣਤਾ ਦੇ ਉਤਪਾਦਨ ਅਤੇ ਮੁੜ ਉਤਪਾਦਨ ਵੱਲ ਤੁਰਦੀ ਹੈ। ਗੈਰ ਰਾਜਨੀਤੀ ਦਾ ਸਭਿਆਚਾਰ ਏਕਾ ਅਧਿਕਾਰਵਾਦੀ ਪੂੰਜੀਵਾਦ ਦਾ ਪ੍ਰਮਾਣ ਹੈ। ਜੋ ਸਮਾਜ ਦੇ ਸਭ ਤੋਂ ਦਲਿਤ ਵਰਗਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਏਕਾ-ਅਧਿਕਾਰਵਾਦੀ ਪੂੰਜੀਵਾਦੀ ਸਭਿਆਚਾਰ ਦੇ ਗੈਰ ਰਾਜਨੀਤੀਕਰਨ ਨਾਲ ਉਤਰ ਆਧੁਨਿਕਤਾਵਾਦ ਆਪਣੀ ਖ਼ੁਰਾਕ ਇਕੱਠੀ ਕਰਦਾ ਹੈ। ਫਿਰ ਵੀ ਇਕ ਅਨੁਮੂਲਵਾਦੀ ਸਮਾਜਿਕ ਸਿਧਾਂਤ ਹੋਣ ਦੇ ਦਾਅਵੇ ਬਰਕਰਾਰ ਹਨ। ਪ੍ਰੰਤੂ ਕੁਝ ਸਮੇਂ ਪਹਿਲਾਂ ਲਿਖੀ ਗਈ ਆਪਣੀ ਪੁਸਤਕ ਵਿਚ ਉਤਰ ਆਧੁਨਿਕਤਾਵਾਦ ਵਿਚ ਆਮ ਆਧਾਰ ਭੂਮੀ ਲੱਭਣ ਦੇ ਉਦੇਸ਼ ਨਾਲ ਮਾਈਕਲ ਰਿਆਨ ਨੇ ਲਿਖਿਆ ਹੈ :-

"ਲੱਖਾਂ ਲੋਕ ਮਾਰੇ ਗਏ ਹਨ ਕਿਉਂਕਿ ਉਹ ਮਾਰਕਸਵਾਦੀ ਸਨ। ਕੋਈ ਵੀ ਗੈਰ ਸੰਰਚਨਾਵਾਦੀ ਹੋਣ ਕਰਕੇ ਮਰੇ ਇਹ ਕੋਈ ਜ਼ਰੂਰੀ ਨਹੀਂ।"

ਮਾਰਕਸਵਾਦ ਦੇ ਨਾਲ ਤਥਾਕਥਿਤ ਆਧੁਨਿਕਤਾਵਾਦ ਦੀ ਉੱਤਰ

ਆਧੁਨਿਕਤਾਵਾਦੀ ਸਮੀਖਿਆ ਵਿਚ ਇਕ ਖਾਸ ਤਰ੍ਹਾਂ ਦਾ ਬਨਾਵਟੀਪੁਣਾ ਹੈ। ਭਾਵੇਂ ਆਲੋਚਕਾਂ ਦੇ ਇਸ ਨੂੰ ਵਾਲ ਦੀ ਖੱਲ ਉਤਾਰਨ ਵਾਲਾ ਦਰਸ਼ਨ ਮੰਨਿਆ ਹੈ, ਜਿਵੇਂ ਕਿ ਆਪਣੇ ਸਮੇਂ ਵਿਚ ਮਾਰਕਸ ਨੇ ਹੀਗਲ ਦੇ ਦਰਸ਼ਨ ਦੇ ਸ਼ੁਰੂਆਤੀ ਵਿਸ਼ਲੇਸ਼ਣ ਵਿਚ ਕਿਹਾ ਸੀ।

ਗੁਲਛਰੇ ਉਡਾਂਦਿਆਂ ਹੋਇਆਂ ਇਸ ਨੇ ਮਾਰਕਸਵਾਦ ਦੇ ਮਰਨ ਅਤੇ ਦਫ਼ਨ ਹੋਣ ਦਾ ਐਲਾਨ ਕਰ ਦਿੱਤਾ ਹੈ। ਪ੍ਰੰਤੂ ਵਿਦਵਾਨਾਂ ਨੇ ਇਸ ਨੂੰ ਵਧੇਰੇ ਹੱਲਾ ਗੁੱਲਾ ਮਚਾਉਣ ਵਾਲੇ ਅਤੇ ਘੱਟ ਸਮਝ ਪ੍ਰਦਾਨ ਕਰਨ ਵਾਲੇ ਵਿਚਾਰ ਦੇ ਰੂਪ ਵਿਚ ਦੇਖਿਆ ਹੈ। ਜਿਵੇਂ ਕਿ 'ਜਰਮਨ ਵਿਚਾਰਧਾਰਾ' ਦੇ ਸ਼ੁਰੂਆਤੀ ਪੈਰ੍ਹਿਆਂ ਵਿਚ ਨਵੇਂ ਜਰਮਨ ਦਾਰਸ਼ਨਿਕਾਂ ਦਾ ਚਰਿੱਤਰ ਚਿੱਤਰਨ ਕਰਦੇ ਸਮੇਂ ਮਾਰਕਸ ਅਤੇ ਏਂਗਲਜ ਨੇ ਕੀਤਾ ਸੀ। ਜਦੋਂ ਕਿ ਨਿਸਚਿਤ ਰੂਪ ਵਿਚ ਇਹ ਜਾਣਦਿਆਂ ਹੋਇਆਂ ਕਿ ਦੁਨੀਆ ਵਿਚ ਸਭ ਕੁਝ ਅੱਛਾ ਹੀ ਨਹੀਂ ਹੋ ਰਿਹਾ। ਉੱਤਰ ਆਧੁਨਿਕਤਾਵਾਦ ਇਸ ਨੂੰ ਇਕ ਮਹੱਤਵਪੂਰਨ ਚੰਗੀ ਜਗ੍ਹਾ ਬਣਾਉਣ ਦੀ ਦਿਸ਼ਾ ਵਿਚ ਸਚਮੁੱਚ ਬਹੁਤ ਹੀ ਥੋੜ੍ਹਾ ਸਹਿਯੋਗ ਦਿੰਦਾ ਹੈ। ਉਹ ਵੀ ਸਿਰਫ਼ ਕੁਝ ਤੁੱਛ ਅਤੇ ਖੰਡਿਤ ਵਿਚੋਲਿਆਂ ਅਤੇ ਆਪਣੀਆਂ ਢੇਰ ਸਾਰੀਆਂ ਗਲਤੀਆਂ ਨਾਲ ਸ਼ਾਂਤੀ ਸਥਾਪਿਤ ਕਰਨ ਦੇ ਬਨਾਵਟੀ ਤਰੀਕੇ ਦੇ ਰੂਪ ਵਿਚ। ਅਜਿਹਾ ਇਸ ਲਈ ਹੈ ਕਿ ਮੁੱਖ ਤੌਰ 'ਤੇ ਉੱਤਰ ਆਧੁਨਿਕਤਾਵਾਦੀ ਸਿਧਾਂਤ ਇਸ ਸਮਾਨਤਾ ਨੂੰ ਵੀ ਦਰਕਿਨਾਰ ਕਰ ਦਿੰਦਾ ਹੈ ਕਿ ਪੂੰਜੀਵਾਦ ਇਕ ਵਿਵਸਥਾ ਹੈ। ਉਹ ਵੀ ਅਜਿਹੇ ਸਮੇਂ ਵਿਚ ਜਦੋਂ ਦੁਨੀਆ ਨੂੰ ਅਸਲ ਵਿਚ ਕੇਂਦਰ ਅਤੇ ਇਸ ਦੇ ਅਰਧ ਗੋਲਾਈਆਂ ਅਤੇ ਗੋਲਾਈਆਂ ਦੋਨਾਂ ਵਿਚ ਭੂਮੰਡਲੀ ਪੂੰਜੀਵਾਦ ਦੇ ਰਾਹੀਂ ਰੂਪ ਪ੍ਰਦਾਨ ਕੀਤਾ ਜਾ ਰਿਹਾ ਹੈ ਜਾਂ ਇਸ ਦਾ ਰੂਪ ਵਿਗਾੜਿਆ ਜਾ ਰਿਹਾ ਹੈ। ਇਹ ਅਸਲ ਵਿਚ ਹੈਰਾਨੀਜਨਕ ਹੈ ਕਿ 'ਪਰਾ ਕਥਾਨਕਾਂ' ਦੇ ਆਪਣੇ ਸਾਰੇ ਸਾਹਿਤ ਸ਼ਾਸ਼ਤਰ ਦੇ ਬਾਵਜੂਦ ਉੱਤਰ ਆਧੁਨਿਕਤਾਵਾਦ ਸਾਡੇ ਸਮੇਂ ਵਿਚ ਵਾਪਰਨ ਵਾਲੇ ਪੂੰਜੀਵਾਦ ਦੇ ਦੌਰ ਦੇ 'ਪਰਾਕਥਾਨਕ' ਨੂੰ ਦੇਖਣ ਵਿਚ ਅਸਫ਼ਲ ਰਿਹਾ ਹੈ ਜਾਂ ਦੇਖਣ ਤੋਂ ਇਨਕਾਰੀ ਹੈ। ਉਹ ਅਜਿਹਾ ਉਸ ਸਮੇਂ ਕਰਦਾ ਹੈ ਜਦੋਂ ਆਪਣੇ ਇਤਿਹਾਸਕ ਸਮੇਂ ਤੋਂ ਪਰ੍ਹੇ ਜਾਂਦਿਆਂ ਹੋਇਆਂ ਪੂੰਜੀਵਾਦ ਨੇ ਆਪਣੀਆਂ ਸਾਰੀਆਂ ਰਚਨਾਤਮਕ ਸੰਭਾਵਨਾਵਾਂ ਸਮਾਪਤ ਕਰ ਦਿੱਤੀਆਂ ਹਨ ਤੇ ਹੁਣ ਉਹ ਮਾਨਵ ਜਾਤੀ ਦੇ ਭਵਿੱਖ ਲਈ ਸਿਰਫ਼ ਤਬਾਹ ਪੂਰਨ ਸੰਭਾਵਨਾਵਾਂ ਦਾ ਵਾਹਕ ਮਾਤਰ ਹੈ।

**10**

ਉੱਤਰ ਆਧੁਨਿਕਤਾਵਾਦ ਮਾਨਵਮੁਕਤੀ ਦੇ 'ਪਰਾ ਕਥਾਨਕਾਂ' ਨੂੰ ਨਕਾਰਦਾ ਹੈ ਅਤੇ ਟੋਟਿਆਂ ਉੱਪਰ ਦ੍ਰਿਸ਼ਟੀ ਕੇਂਦਰਤ ਕਰਦਾ ਹੈ ਕਿ ਇਸਦੇ ਅਨੁਸਾਰ ਸਮਾਜਿਕ ਯਥਾਰਥ ਲਈ ਸਭ ਕੁਝ ਹੈ ਅਤੇ ਮੁਕਤੀ ਦਾਤੀ ਰਾਜਨੀਤੀ ਲਈ ਇਕੋ ਇਕ ਸੰਭਵ ਥਾਂ ਹੈ। ਅਜਿਹਾ ਕਰਦੇ ਸਮੇਂ ਉੱਤਰ ਆਧੁਨਿਕਤਾਵਾਦ ਜਨਤੰਤਰ ਅਤੇ ਸ਼ਕਤੀ ਦਾ ਵਿਕੇਂਦ੍ਰੀਕਰਨ, ਆਰਥਿਕ ਅਤੇ ਸਮਾਜਿਕ ਨਿਆਂ, ਪਰਿਆਵਰਣ, ਨਾਰੀ ਅੰਦੋਲਨ ਅਤੇ ਯੌਨ ਮੁਕਤੀ, ਮਾਨਵ ਅਧਿਕਾਰ, ਕਬੀਲਾਈ ਸਮੂਹਾਂ, ਘਟ ਗਿਣਤੀਆਂ ਦੇ ਅਧਿਕਾਰਾਂ ਵਰਗੇ ਸਾਡੇ ਸਮੇਂ ਦੇ ਸਰੋਕਾਰਾਂ ਅਤੇ ਅਰਥਾਂ ਦੀ ਵਰਤੋਂ ਕਰਦਾ ਹੈ, ਪ੍ਰੰਤੂ ਇਹਨਾਂ ਸਮੱਸਿਆਵਾਂ ਦਾ ਕੋਈ ਪ੍ਰਭਾਵੀ ਉੱਤਰ ਨਹੀਂ ਦਿੰਦਾ। ਇੱਥੇ ਤੈਅ ਕਾਰਜ ਇਤਿਹਾਸਕ ਭੌਤਿਕ ਸਥਿਤੀਆਂ ਨੂੰ ਸਮਝਣਾ ਹੈ ਜੋ ਇਹਨਾਂ ਸਰੋਕਾਰਾਂ ਅਤੇ ਕਾਰਨਾਂ ਰਾਹੀਂ ਦੱਸੇ ਗਏ ਉਦੇਸ਼ਾਂ ਨੂੰ ਸਮਝਣ ਵਿਚ ਰੁਕਾਵਟ ਪੈਦਾ ਕਰਦੇ ਹਨ ਅਤੇ ਪਰਿਵਰਤਨ ਦੇ ਉਹਨਾਂ ਪ੍ਰਕਾਰਾਂ ਨੂੰ ਜਾਨਣਾ ਹੈ ਜੋ ਉਨ੍ਹਾਂ ਦੇ ਲਾਗੂ ਕਰਨ ਨੂੰ ਸੰਭਵ ਬਣਾਉਂਦੇ ਹਨ। ਪ੍ਰੰਤੂ ਇਸ ਤਰ੍ਹਾਂ ਦੀ ਗੰਭੀਰ ਕੋਸ਼ਿਸ਼ ਸਾਨੂੰ ਪੂੰਜੀਵਾਦ ਅਤੇ ਉਸਦੇ ਵਿਵਸਥਿਤ ਤਰਕ ਵੱਲ ਧੱਕਣ ਲਈ ਮਜਬੂਰ ਕਰਦੀ ਹੈ ਅਤੇ ਇੱਥੇ ਉਤਰਆਧੁਨਿਕਤਾਵਾਦ ਸਹਿਯੋਗੀ ਹੋਣ ਦੀ ਬਜਾਇ



ਅਸਲ ਵਿਚ ਇਕ ਸਕਾਰਾਤਮਕ ਜ਼ਿੰਮੇਦਾਰੀ ਹੈ ਇਸਦੇ ਸਿਧਾਂਤ ਅਤੇ ਵਿਹਾਰ ਦੋਨਾਂ ਵਿਚ ਵਿਖੰਡਨ ਅਤੇ ਪੂੰਜੀਵਾਦ ਦੇ ਵਿਵਸਥਿਤ ਪ੍ਰਕਿਰਤੀ ਨੂੰ ਦੇਖਣ ਤੋਂ ਇਨਕਾਰ ਦੇ ਕਾਰਨ ਪੂੰਜੀਵਾਦ ਨੂੰ ਸਮਝਣ ਅਤੇ ਇਸਦਾ ਵਿਰੋਧ ਕਰਨ ਦੀ ਸਾਡੀ ਸਮਰੱਥਾ ਕਮਜ਼ੋਰ ਹੁੰਦੀ ਹੈ ਜੋ ਉਪਰੋਕਤ ਸਰੋਕਾਰਾਂ ਜਾਂ ਉਦੇਸ਼ਾਂ ਦੀ ਸਫਲ ਖੋਜ ਲਈ ਅਧੂਰੀ ਨਹੀਂ ਤਾਂ ਇਕ ਜ਼ਰੂਰੀ ਸ਼ਰਤ ਹੈ।

ਧਿਆਨ ਦੇਣ ਯੋਗ ਹੈ ਕਿ ਇਹ ਸਰੋਕਾਰ ਖਾਸ ਕਰਕੇ ਉੱਤਰ ਆਧੁਨਿਕ ਵਰਗੇ ਨਹੀਂ ਹਨ ਜਿਨ੍ਹਾਂ ਨੂੰ ਉੱਤਰ ਆਧੁਨਿਕਤਾਵਾਦ ਆਪਣੇ ਹੋਣ ਦਾ ਦਾਅਵਾ ਕਰਦਾ ਹੈ। ਜੇ ਕੁਝ ਹਨ ਵੀ ਤਾਂ ਸਾਰ ਰੂਪ ਵਿਚ ਉਹ ਆਧੁਨਿਕਤਾਵਾਦੀ ਹਨ। ਉਹਨਾਂ ਵਿਚੋਂ ਬਹੁਤ ਸਾਰੇ 'ਰੈਨੇਸਾਂ' ਦੇ ਪੂਰਨ ਜਾਗਰਣ ਦੇ ਮੁੱਲਾਂ ਵਿਚ ਡੂੰਘੇ ਧੱਸੇ ਹੋਏ ਹਨ, ਜਿਵੇਂ ਸਾਡੀ ਹੋਂਦ ਪ੍ਰਤੀ ਮਾਨਵੀ ਅਭਿਮਾਨ, ਬੁੱਧੀ ਵਿਚ ਵਿਸ਼ਵਾਸ ਗਿਆਨ ਅਤੇ ਵਿਗਿਆਨ। ਵਿਕਾਸ ਦੇ ਭਵਿੱਖ ਦੇ ਪ੍ਰਤਿ ਆਸ਼ਾ ਅਤੇ ਹਰ ਆਦਮੀ ਲਈ ਇਕ ਰਹਿਣਯੋਗ ਦੁਨੀਆਂ ਆਦਿ ਅਤੇ ਉਨ੍ਹਾਂ ਵਿਚੋਂ ਸਾਰੇ ਦੇ ਸਾਰੇ ਸਮਾਜਵਾਦੀ ਖੱਬੇਪੱਖੀ ਇਤਿਹਾਸ ਦਾ ਹਿੱਸਾ ਹਨ ਤੇ ਉਹ ਸਮਾਜਵਾਦ ਵਿਚ ਵਿਸ਼ਵਾਸ ਰੱਖਣ ਵਾਲੇ ਇਕ ਵਧੇਰੇ ਮਾਨਵੀ ਸਮਾਜ ਲਈ ਸੰਘਰਸ਼ ਦੇ ਕੇਂਦਰ ਵਿਚ ਹਨ। ਇਸਨੂੰ ਨਾ ਦੇਖ ਸਕਣ ਦੀ ਅਸਮਰੱਥਾ ਉੱਤਰ ਆਧੁਨਿਕਤਾਵਾਦ ਦਾ ਇਤਿਹਾਸ ਪ੍ਰਤੀ ਉਦਾਸਹੀਣਤਾ ਦਾ ਇਕ ਦੂਸਰਾ ਪ੍ਰਮਾਣ ਹੈ ਜੋ 'ਰੈਨੇਸਾਂ' ਦੇ ਮੁੱਲਾਂ ਉੱਪਰ ਹਮਲੇ ਦੇ ਵਿਰੁੱਧ ਪ੍ਰਤਿਕ੍ਰਿਆਵਾਦੀ ਧੁਨੀਆਂ ਦੇ ਪ੍ਰਤਿ ਉਦਾਸੀਨਤਾ ਮੰਨੇ ਜਾਣ ਵਾਲੇ ਇਸ ਸਿਧਾਂਤ ਦੇ ਬਹਿਰੇਪਣ ਲਈ ਜ਼ਿੰਮੇਵਾਰ ਹੈ।

ਇਹ ਸਮਝਾਇਆ ਗਿਆ ਹੈ ਕਿ ਜਦੋਂ ਵੀਹਵੀਂ ਸਦੀ ਦੇ ਸ਼ੱਕੀ ਇਤਿਹਾਸ ਦੇ ਦੋਨਾਂ ਕਿਨਾਰਿਆਂ, ਇਸਦੀ ਭਿਆਨਕਤਾ ਅਤੇ ਇਸ ਦੇ ਅਸਚਰਜ, ਉੱਤਰਆਧੁਨਿਕ ਚੇਤਨਾ ਦੇ ਗਠਨ ਵਿਚ ਹਿੱਸਾ ਲੈ ਚੁੱਕੇ ਹਨ ਤਦੋਂ ਵਿਕਾਸ ਦੀ ਪੁਰਾਣੀ ਧਾਰਣਾ ਦੀਆਂ ਜੜ੍ਹਾਂ ਪੁੱਟਣ ਵਾਲੀਆਂ ਇਹ ਭਿਆਨਕਤਾਵਾਂ ਅੱਜ ਦੇ ਉੱਤਰਆਧੁਨਿਕਤਾਵਾਦ ਦੀ ਪ੍ਰਕ੍ਰਿਤੀ ਦੀ ਪਰਿਭਾਸ਼ਾ ਘੜਨ ਵਿਚ ਉਨਾ ਮਹੱਤਵਪੂਰਨ ਨਹੀਂ ਹੈ ਜਿੰਨਾਂ ਇਹ ਆਧੁਨਿਕ ਤਕਨੀਕ ਦੇ ਅਸਚਰਜ ਅਤੇ ਉਪਭੋਗਤਾਵਾਦੀ ਪੂੰਜੀਵਾਦ ਦੇ ਖਜ਼ਾਨਿਆਂ ਦੇ ਹੁੰਦਿਆਂ 'ਉੱਤਰ ਆਧੁਨਿਕਤਾਵਾਦ' ਕਦੇ-ਕਦੇ ਪੂੰਜੀਵਾਦ ਦੀਆਂ ਸ਼ੰਕਾਵਾਂ ਵਾਂਗ ਦਿਖਾਈ ਦਿੰਦਾ ਹੈ ਜਿਵੇਂ ਕਿ ਇਸ ਤੋਂ ਲਾਭ ਲੈਣ ਵਾਲਿਆਂ ਦੀ ਅਨੁਕੂਲ ਦ੍ਰਿਸ਼ਟੀ ਨੇ ਤੱਕਿਆ ਹੈ ਨਾ ਕਿ ਇਸਦੀ ਕੀਮਤ ਚੁਕਾਣ ਵਾਲਿਆਂ ਦੀ ਦ੍ਰਿਸ਼ਟੀ ਨੇ।' ਨਿਸਚਿਤ ਰੂਪ ਵਿਚ ਇਹ ਉਲੇਖ ਕਰਨਾ ਪ੍ਰਸੰਗਿਕ ਹੈ ਕਿ ਪੂੰਜੀਵਾਦ ਅਤੇ ਉੱਤਰ ਆਧੁਨਿਕਤਾਵਾਦ ਨਾਲ ਜੁੜੇ ਸਵਾਲਾਂ ਤੋਂ ਵੱਖ ਪੱਛਮ ਵਿਚ ਜਾਂ ਹੋਰ ਕਿਤੇ ਉਪਭੋਗ ਕੀਤੇ ਗਏ ਵਧੇਰੇ ਸਾਰਥਿਕ ਲਾਭਾਂ ਵਿਚੋਂ ਕੁਝ ਉਹ ਹਨ ਜੋ 'ਰੈਨੇਸਾਂ' ਦੀ ਮੁੱਲਾਂ ਦੀ ਖੋਜ ਤੋਂ ਨਿਕਲਦੇ ਹਨ। ਇਹ ਖੋਜ ਲਗਾਤਾਰ ਆਧੁਨਿਕਤਾ ਦੀ ਸ਼ੱਕੀ ਵਿਸ਼ੇਸ਼ਤਾ ਦੇ ਰੂਪ ਵਿਚ ਜ਼ਰੂਰੀ ਮੰਨੀ ਗਈ ਹੈ। ਉੱਤਰ ਆਧੁਨਿਕ ਕੁਲੀਨ (Elite) ਲੋਕ ਭਲੇ ਹੀ ਹੁਣ ਇਨ੍ਹਾਂ ਮੁੱਲਾਂ ਨੂੰ ਅਸਵੀਕਾਰ ਕਰਨ, ਉਨ੍ਹਾਂ ਦੀ ਉਪੇਖਿਆ ਕਰਨ ਜਾਂ ਉਨ੍ਹਾਂ ਨੂੰ ਨਕਾਰ ਦੇਣ, ਪਰ ਦੁਨੀਆ ਭਰ ਦੇ ਆਮ ਲੋਕਾਂ ਦਾ ਵਧੇਰੇ ਹਿੱਸਾ ਜੋ ਅਨਿਆਂ ਅਤੇ ਸ਼ੋਸ਼ਣ, ਗਰੀਬੀ, ਬਿਮਾਰੀ ਅਤੇ ਅਗਿਆਨ, ਹਰ ਤਰ੍ਹਾਂ ਦੇ ਆਰਥਿਕ ਅਤੇ ਸਮਾਜਿਕ ਪਿਛੜੇਪਨ ਦਾ ਸ਼ਿਕਾਰ ਹੈ, ਅਜਿਹਾ ਕਰਨ ਲਈ ਤਿਆਰ ਨਹੀਂ। ਅਸਲ ਵਿਚ ਉਹਨਾਂ ਨੇ ਇਨ੍ਹਾਂ ਮੁੱਲਾਂ ਨੂੰ ਛੱਡਣ ਤੋਂ ਇਨਕਾਰ ਕਰ ਦਿੱਤਾ ਹੈ । ਜਿਵੇਂ ਕਿ ਓਨੀਲ ਨੇ ਰਹੱਸਮਈ ਢੰਗ ਨਾਲ ਟਿੱਪਣੀ ਕਰਦਿਆਂ ਹੋਇਆਂ ਕਿਹਾ ਹੈ-

'ਨਹੀਂ ਇਹ ਉਹ ਲੋਕ ਨਹੀਂ ਹਨ ਜਿਨ੍ਹਾਂ ਨੇ ਆਦਰਸ਼ਵਾਦ, ਸਰਵਮੁਕਤੀਵਾਦ, ਸੱਚ ਅਤੇ ਨਿਆਂ ਦਾ ਤਿਆਗ ਕਰ ਦਿੱਤਾ ਹੈ। ਇਹ ਉਹ ਲੋਕ ਹਨ ਜੋ ਇਨ੍ਹਾਂ ਦਾ ਲਾਭ

ਪਹਿਲਾਂ ਤੋਂ ਉਠਾ ਰਹੇ ਹਨ ਜਿਨ੍ਹਾਂ ਨੇ ਦੂਸਰਿਆਂ ਦੇ ਨਾਂ 'ਤੇ ਇਨ੍ਹਾਂ ਨੂੰ ਰੱਦ ਕਰਨ ਦਾ ਐਲਾਨ ਕੀਤਾ ਹੈ।'

ਇਸ ਤੱਥ ਦੀ ਪੂਰੀ ਜਾਣਕਾਰੀ ਦੇ ਨਾਲ ਕਿ ਪੂੰਜੀਵਾਦ ਨੇ ਆਪਣੇ ਵਿਰੋਧਾਤਮਕ ਵਿਕਾਸ ਦੇ ਦੌਰਾਨ ਇਹਨਾਂ ਮੁੱਲਾਂ ਦਾ ਪਾਲਣ-ਪੋਸ਼ਣ ਤੇ ਵਿਨਾਸ਼ ਨਾਲੋ-ਨਾਲ ਕੀਤਾ ਹੈ ਅਤੇ ਮੌਜੂਦਾ ਦੌਰ ਵਿਚ ਇਹਨਾਂ ਦੀ ਤਬਾਹੀ ਤੇ ਵਿਨਾਸ਼ ਪਹਿਲੇ ਨਾਲੋਂ ਵੀ ਵਧੇਰੇ ਕਰ ਰਿਹਾ ਹੈ। ਜਨਤਾ ਨੂੰ 'ਰੈਨੇਸਾਂ' ਦੇ ਮੁੱਲਾਂ ਦੀ ਰੱਖਿਆ ਕਰਨ ਅਤੇ ਉਨ੍ਹਾਂ ਨੂੰ ਫੜੀ ਰੱਖਣਾ ਚਾਹੀਦਾ ਹੈ। ਜੇ ਆਧੁਨਿਕਤਾ ਨੇ ਇਹਨਾਂ ਮੁੱਲਾਂ ਤੋਂ ਅਸਲ ਵਿਚ ਕੁਝ ਲੈਣਾ-ਦੇਣਾ ਹੈ ਤਾਂ ਪੂੰਜੀਵਾਦ ਨੇ ਆਧੁਨਿਕਤਾ ਨੂੰ ਸੱਚਮੁੱਚ ਹੀ ਚੰਗੀ ਤਰ੍ਹਾਂ ਸਮਾਪਤ ਕਰ ਦਿੱਤਾ ਹੈ। 'ਰੈਨੇਸਾਂ' ਨੂੰ ਵੀ ਮਰਿਆ ਐਲਾਨਿਆ ਜਾ ਸਕਦਾ ਹੈ। ਸਮਾਜਵਾਦ ਇਸਨੂੰ ਦੁਬਾਰਾ ਜਿਉਂਦਾ ਕਰ ਸਕਦਾ ਹੈ। ਮਾਰਮਿਕ ਤੱਥ ਇਹ ਹੈ ਕਿ ਦੁਨੀਆ ਦੀਆਂ ਸਭ ਤੋਂ ਗੰਭੀਰ ਸਮੱਸਿਆਵਾਂ ਨੂੰ ਜਨਮ ਦੇਣ ਵਾਲਾ ਯਥਾਰਥ ਅੱਜਕੱਲ੍ਹ ਅਤੇ ਸਾਡੇ ਭਵਿੱਖ ਲਈ ਇਕ ਨਾਂ ਧਾਰਣ ਕਰਦਾ ਹੈ ਉਹ ਆਧੁਨਿਕਤਾ ਨਹੀਂ ਸਗੋਂ ਪੂੰਜੀਵਾਦ ਹੈ ਅਤੇ ਉੱਤਰ ਆਧੁਨਿਕਤਾ ਇਸਦਾ ਹੱਲ ਨਹੀਂ ਕਰ ਸਕਦੀ। ਪੂੰਜੀਵਾਦ ਦੀ ਉਲਟ ਸਥਾਪਨਾ ਉੱਤਰ ਆਧੁਨਿਕਤਾ ਨਹੀਂ, ਬਲਕਿ ਸਮਾਜਵਾਦ ਹੈ।

**11**

ਸੋਵੀਅਤ ਸੰਘ ਦੇ ਢਹਿ ਢੇਰੀ ਹੋਣ ਨਾਲ ਅਤੇ ਸਾਡੇ ਸਮੇਂ ਦੇ ਮਹੱਤਵਪੂਰਨ ਤੇ ਤੇਜ਼ੀ ਨਾਲ ਹੋਣ ਵਾਲੇ ਭੌਤਿਕ, ਨੈਤਿਕ ਅਤੇ ਸਭਿਆਚਾਰਕ ਸੰਕਟ, ਆਪਣਾ ਜਵਾਬ ਵਿਭਿੰਨ ਤਰ੍ਹਾਂ ਦੇ ਪੱਛਮੀ ਦਰਸ਼ਨਾਂ, ਪੁਰਾਣੇ ਕੱਟੜਪੰਥੀ ਆਦਰਸ਼ਾਂ ਦੇ ਨਵੇਂ ਸੰਸਕਰਣਾਂ, ਧਾਰਮਿਕ ਅਤੇ ਹੋਰ ਰੂੜ੍ਹੀਵਾਦੀਆਂ ਲਈ ਤਲਾਸ਼ਦੇ ਹਨ। ਆਮ ਆਦਮੀ ਦੀਆਂ ਵਾਸਤਵਿਕ ਸਮੱਸਿਆਵਾਂ ਦਾ ਕੋਈ ਹੱਲ ਨਾ ਦੇ ਸਕਣ ਦੇ ਬਾਵਜੂਦ ਇਨ੍ਹਾਂ ਦਾ ਵਿਕਾਸ ਹੋਇਆ ਹੈ। ਦੁਨੀਆ ਦੇ ਪਿਛੜੇ ਹਿੱਸੇ ਪ੍ਰਤਿਕ੍ਰਿਆਵਾਦੀ ਸਿਧਾਤਾਂ ਅਤੇ ਵਿਹਾਰਾਂ ਦੇ ਆਪਣੇ ਹਿੱਸੇ ਵਿਚੋਂ ਵਧੇਰੇ ਹੀ ਪ੍ਰਾਪਤ ਕਰਦੇ ਰਹੇ ਹਨ। ਇਨ੍ਹਾਂ ਸਭ ਨੂੰ ਆਪਣੇ ਹਿੱਸੇ ਵਿਚ ਪ੍ਰਾਪਤ ਕਰਦਿਆਂ ਹੋਇਆਂ ਆਰਥਿਕ ਅਤੇ ਤਕਨੀਕੀ ਦ੍ਰਿਸ਼ਟੀ ਤੋਂ ਵਿਕਸਿਤ ਪੱਛਮੀ ਦੁਨੀਆ ਨੇ ਆਪਣੇ ਲਈ ਅਗਾਂਹ ਦੇਖਣ ਵਾਲੇ ਸਮਾਜਿਕ ਸਿਧਾਂਤ, ਉੱਤਰ ਆਧੁਨਿਕਤਾਵਾਦ ਨੂੰ ਸਰਵੋਤਮ ਮੰਨ ਲਿਆ ਹੈ, ਜਿਸਦੀ ਕਮਜ਼ੋਰ ਜਾਂ ਮਜ਼ਬੂਤ, ਨਿਰਾਸ਼ਾਜਨਕ ਜਾਂ ਆਸ਼ਾਵਾਦੀ ਧੁਨੀਆਂ, ਦੁਨੀਆ ਦੇ ਪਿਛੜੇ ਹਿੱਸੇ ਦੀਆਂ ਅਕਾਦਮੀਆਂ ਅਤੇ ਬੁੱਧੀਜੀਵੀਆਂ ਵਿਚ ਜ਼ਰੂਰੀ ਤੌਰ 'ਤੇ ਪ੍ਰਚਲਿਤ ਹਨ।

ਆਮ ਆਦਮੀ ਜਿਨ੍ਹਾਂ ਸਮੱਸਿਆਵਾਂ ਦੇ ਰੂ-ਬ-ਰੂ ਹੈ ਉਨ੍ਹਾਂ ਦੀ ਬਹੁਤ ਥੋੜ੍ਹੀ ਜਿਹੀ ਸਮਝਦਾਰੀ ਅਤੇ ਕੋਈ ਵੀ ਹੱਲ ਇਸ ਸਿਧਾਂਤ ਕੋਲ ਨਹੀਂ ਹੈ ਅਤੇ ਇਹ ਆਪਣੀ ਤਰ੍ਹਾਂ ਦੀ ਪ੍ਰਤਿਕ੍ਰਿਆ ਦਾ ਸਹਾਇਕ ਹੈ। ਪਰੰਤੂ ਚੰਗੀ ਜਾਂ ਬੁਰੀ ਇਸਦੀ ਆਪਣੀ ਇਕ ਖਾਸ ਵਿਸ਼ੇਸ਼ਤਾ, ਰਾਜਨੀਤਕ ਨਿਪੁੰਸਕਤਾ ਹੈ। ਗਿਆਨਾਤਮਕ, ਸ਼ੰਕਾਵਾਦ, ਵਿਆਖਿਆਤਮਕ ਖੰਡਨਵਾਦ ਅਤੇ ਇਤਿਹਾਸਕ ਖਲਾਅਵਾਦ ਨੂੰ ਸਵੀਕਾਰ ਕਰਦਿਆਂ ਹੋਇਆਂ ਇਸਨੇ ਸਾਪੇਖਤਾਵਾਦ ਦੀ ਨਵੀਂ ਰੂੜ੍ਹੀਵਾਦਿਤਾ ਨੂੰ ਜਨਮ ਦਿੱਤਾ ਹੈ ਅਤੇ ਬਹੁਤ ਸਾਰੀਆਂ ਪੁਰਾਣੀਆਂ ਰੂੜ੍ਹੀਆਂ ਨੂੰ ਪੁਨਰਜੀਵਿਤ ਤੇ ਪੁਨਰ ਸਥਾਪਿਤ ਕੀਤਾ ਹੈ ਤਾਂ ਕਿ ਇਸ ਦੁਨੀਆ ਵਿਚ ਦੇਖਣ, ਜਾਨਣ ਅਤੇ ਕਰਮ ਕਰਨ ਦਾ ਇਕ ਰਸਤਾ ਮਿਲ ਸਕੇ, ਜਿੱਥੇ ਸਾਨੂੰ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਯਥਾਰਥ ਦੀ ਗੱਲ ਕਰਨੀ ਮੂਰਖਤਾ ਹੈ ਕਿ ਜਿਸ ਤਰੀਕੇ ਨਾਲ ਇਹ ਦੁਨੀਆ ਚਲਦੀ ਹੈ, ਉਹ ਤਰੀਕਾ ਹੀ ਨਹੀਂ ਹੈ, ਜੇ ਅਸੀਂ ਸਭ ਤੋਂ ਪਹਿਲਾਂ ਇਸ ਬਾਰੇ ਕਾਫ਼ੀ ਕੁਝ ਜਾਣ ਸਕੀਏ ਅਤੇ ਕਹਿ ਸਕੀਏ ਕਿ 'ਵਸਤੂਗਤ ਸੱਚਾਈ' ਹੁਣ ਨਾਮ ਦੀ ਚੀਜ਼ ਨਹੀਂ ਰਹੀ ਅਤੇ ਨਾ ਹੀ ਕੋਈ ਮੁੱਲ ਜਾਂ ਆਦਰਸ਼ ਬਾਕੀ ਹੈ



ਜਿਸਨੂੰ ਬੌਧਿਕ ਤਰੀਕੇ ਨਾਲ ਬਚਾਇਆ ਜਾਂ ਉਚਿਤ ਠਹਿਰਾਇਆ ਜਾ ਸਕੇ, ਕਿ ਸਾਰਾ ਸਮਾਜਿਕ ਵਿਸ਼ਲੇਸ਼ਣ ਅਸਪੱਸ਼ਟ ਅਤੇ ਅਨਿਸ਼ਚਿਤ ਹੈ, ਇਸ ਲਈ ਇਕ ਵੱਡੇ ਸੁਧਾਰਵਾਦ ਤੋਂ ਪਰ੍ਹੇ ਸਾਰੇ ਕੰਮ ਖਤਰਨਾਕ ਸਾਹਸਿਕ ਕਰਮ ਹਨ, ਕਿ ਕੋਈ ਸੰਰਚਨਾ ਜਾਂ ਹੇਤੁਕ ਨਹੀਂ ਬਚਿਆ ਹੈ ਅਤੇ ਵਿਵਸਥਾ ਜਾਂ 'ਸਮਾਜਿਕ ਸਿਰਜਣਾ' ਜਿਨ੍ਹਾਂ ਨੂੰ ਉਨਮੂਲਨਵਾਦੀ ਬਦਲਣਾ ਚਾਹੁੰਦੇ ਹਨ। ਸਿਧਾਂਤਕ ਤੌਰ 'ਤੇ ਹੋਂਦ ਵਿਚ ਹੀ ਨਹੀਂ ਅਤੇ ਇਹ ਸਭ ਜਾਂ ਹੋਰ ਕੁਝ ਪ੍ਰਵਚਨ ਲਈ 'ਵਸਤੂ' ਮਾਤਰ ਦੇ ਰੂਪ ਵਿਚ ਹੀ ਵਾਸਤਵਿਕ ਹਨ ਅਤੇ ਪ੍ਰਵਚਨ ਹੀ ਸਭ ਕੁਝ ਹੈ ਜੋ ਸਾਡੀ ਵਿਅਸਤਤਾ ਦੇ ਲਈ ਬਾਕੀ ਬਚਿਆ ਹੈ ਅਤੇ ਇਹ ਉਹਨਾਂ ਦੀ ਸੱਚਮੁੱਚ ਇਕੋ ਇਕ ਫਾਇਦੇਮੰਦ ਗਤੀਵਿਧੀ ਹੈ ਜੋ ਚੀਜ਼ਾਂ ਨੂੰ ਜਾਣਦੇ ਹਨ ਜਾਂ ਉਸ ਨਾਲ ਕੋਈ ਸਰੋਕਾਰ ਰੱਖਦੇ ਹਨ। ਹੈਰਾਨੀ ਦੀ ਗੱਲ ਨਹੀਂ ਹੈ ਕਿ ਇਹ ਸੁਝਾਇਆ ਗਿਆ ਹੈ ਕਿ 'ਤਿਆਂਕਸੇ ਸਕੁਵਾਇਰ' ਵਿਚ ਵਿਰੋਧ ਕਰ ਰਹੇ ਵਿਦਿਆਰਥੀਆਂ ਅਤੇ ਮਜ਼ਦੂਰਾਂ ਨੂੰ ਚੀਨੀ ਸ਼ਾਸਕ ਦਰੀਦਾ' ਫੂਕੋ ਜਾਂ ਕਾਕਲਾਉ ਦੀ ਲਿਖਤਾਂ ਵੰਡਦੇ ਤਾਂ ਚੰਗਾ ਸੀ। ਨਿਸਚਿਤ ਹੀ ਉਨ੍ਹਾਂ ਨੂੰ ਪਾਣੀ ਦੇ ਫੁਆਰਿਆਂ ਅਤੇ ਗੋਲੀਆਂ ਦੀ ਬਜਾਇ ਇਨ੍ਹਾਂ ਨਾਲ ਹੀ ਆਸਾਨੀ ਨਾਲ ਤੇ ਛੇਤੀ ਤਿੱਤਰ ਬਿੱਤਰ ਕੀਤਾ ਜਾ ਸਕਦਾ ਸੀ। ਉਹ ਇਨ੍ਹਾਂ ਨੂੰ ਪੜ੍ਹਦੇ ਅਤੇ ਇਸ ਸਭ ਦੇ ਫਾਲਤੂਪਣ ਨੂੰ ਮਹਿਸੂਸ ਕਰਦੇ, ਆਪਣੇ ਪ੍ਰਯਾਣ (ਕਰਮ) 'ਤੇ ਪਛਤਾਉਂਦੇ ਅਤੇ ਸ਼ਾਂਤੀ ਪੂਰਨ ਘਰ ਚਲੇ ਜਾਂਦੇ ਜਿੱਥੇ ਉੱਤਰਆਧੁਨਿਕ ਪ੍ਰਵਚਨ ਦੀ ਸੁਰੱਖਿਆ ਅਤੇ ਸੁਖ ਉਹਨਾਂ ਦਾ ਰਾਹ ਤੱਕਦੇ।

**12**

ਉੱਤਰ ਆਧੁਨਿਕਤਾਵਾਦ ਉਹ ਦਰਸ਼ਨ ਹੈ ਜਾਂ ਸਮਾਜਿਕ ਸਿਧਾਂਤ ਹੈ ਜੋ ਮੌਜੂਦਾ ਪੂੰਜੀਵਾਦੀ ਸੰਸਾਰ ਦੀਆਂ ਮੁਸ਼ਕਿਲ ਨਾਲ ਔਖੀਆਂ ਤੇ ਕਠੋਰ ਵਾਸਤਵਿਕਤਾਵਾਂ ਦਾ ਸਾਹਮਣਾ ਕਰਨ ਵਿਚ ਸਾਡਾ ਸਹਿਯੋਗ ਦੇ ਸਕੇ। ਉਸ ਕੰਮ ਲਈ ਉਸ ਪਾਸ ਸੰਸਾਧਨ ਨਹੀਂ ਹਨ। ਇਹ ਬਹੁਤ ਹੱਦ ਤੱਕ ਇਕ ਫੈਸ਼ਨ ਦੀ ਤਰ੍ਹਾਂ ਆਇਆ ਹੈ ਅਤੇ ਫੈਸ਼ਨ ਬਦਲਦੇ ਰਹਿੰਦੇ ਹਨ। ਲੱਗਦਾ ਹੈ ਕਿ ਅੱਜ ਤੋਂ ਇਕ ਜਾਂ ਦੋ ਦਹਾਕਿਆਂ ਬਾਦ ਇਹ ਅੱਜ ਵਾਂਗ ਸੰਦਰਭ ਲਈ ਵਿਸ਼ੇਸ਼ ਬਿੰਦੂ ਨਹੀਂ ਰਹੇਗਾ। ਖਾਸ ਤੌਰ 'ਤੇ ਕੁਝ ਨਿਸਚਿਤ ਕੁਲੀਨ-ਬੁੱਧੀਜੀਵੀਆਂ ਅਤੇ ਬੌਧਿਕ ਮੰਡਲੀ ਦੇ ਵਿਚ। ਆਪਣੀ ਰਾਜਨੀਤਿਕ ਨਿਪੁੰਸਕਤਾ ਅਤੇ ਬੋਲੇਪਣ ਤੋਂ ਇਲਾਵਾ ਇਹ ਦਾਰਸ਼ਨਿਕ ਤੌਰ 'ਤੇ ਵੀ ਬਹੁਤ ਕਮਜ਼ੋਰ ਹੈ ਜਿਸ ਕਾਰਨ ਇਸਦੇ ਕੋਲ ਮਾਰਕਸਵਾਦ ਦੀ ਤਰ੍ਹਾਂ ਬੌਧਿਕ ਟਿਕਾਊ ਸ਼ਕਤੀ ਵਰਗੀ ਕੋਈ ਚੀਜ਼ ਨਹੀਂ ਹੈ। ਜਿਸਨੂੰ ਇਹ ਹਟਾਉਣ ਦਾ ਦਾਅਵਾ ਕਰਦਾ ਹੈ ਅਤੇ ਜਨਤਾ ਨੇ ਇਸ ਪਾਸੇ ਵੱਲ ਮੁੜ ਕੇ ਛੇਤੀ ਹੀ ਆਉਣਾ ਹੈ। ਹੋਰ ਕਾਰਨ ਕਰਕੇ ਨਹੀਂ ਤਾਂ ਅਲਥਿਊਜ਼ਰ ਵਲੋਂ ਦਿੱਤੇ ਕਾਰਨਾਂ ਕਰਕੇ ਹੀ ਸਹੀ'

"ਮੌਜੂਦਾ ਸਿਧਾਂਤਕ ਸੋਚ ਦੀ ਕਮਜ਼ੋਰੀ ਅਜਿਹੀ ਹੈ ਕਿ ਦ੍ਰਿੜਤਾ, ਸੰਗੀਤ ਅਤੇ ਸਪੱਸ਼ਟਤਾ ਦੇ ਪ੍ਰਾਥਮਿਕ ਕਿੰਤੂ ਜ਼ਰੂਰੀ ਅੰਗਾਂ ਦੀ ਪੁਨਰ ਉਪਸਥਿਤੀ ਤੋਂ ਹੀ ਪ੍ਰਮਾਣਿਕ ਵਿਚਾਰ ਕਿਸੇ ਨਿਸਚਿਤ ਬਿੰਦੂ ਤੇ ਵਰਤਮਾਨ ਬੌਧਿਕ ਮਨੋਬਿਰਤੀਆਂ ਤੋਂ ਇਸ ਵਿਸ਼ੇਸ਼ਤਾ ਦੇ ਨਾਲ ਵਿਸ਼ਮ ਹੋਵੇਗਾ ਕਿ ਉਹਨਾਂ ਸਭ ਲੋਕਾਂ ਨੂੰ ਜੋ ਵਾਪਰਨ ਵਾਲੇ ਯਥਾਰਥ ਤੋਂ ਅਚੰਭਿਤ ਹਨ, ਰੁਕਣ ਲਈ ਮਜਬੂਰ ਹੋਣਾ ਪਵੇਗਾ।"

ਬਿਨਾਂ ਸ਼ੱਕ ਮਾਰਕਸਵਾਦ ਨੂੰ 'ਦ੍ਰਿੜਤਾ' ਸੰਗੀਤ ਅਤੇ ਸਪੱਸ਼ਟਤਾ ਤੋਂ ਇਲਾਵਾ ਹੋਰ ਬਹੁਤ ਕੁਝ ਵੀ ਦੇਣਾ ਹੈ। ਕਿਉਂਕਿ ਇਹ ਸਭ ਤਾਂ ਤਾਰਕਿਕ ਰੂਪ ਨਾਲ ਪ੍ਰਮਾਣਿਕ ਵਿਚਾਰ ਦਾ ਸਰੀਰ (ਬਾਹਰੀ ਰੂਪ) ਹਨ। ਆਪਣੇ ਸਿਧਾਂਤ ਅਤੇ ਵਿਹਾਰ ਦੀ ਪ੍ਰਵਾਨਗੀ, ਪ੍ਰਾਪਤੀ ਤੋਂ ਇਲਾਵਾ ਪੂੰਜੀਵਾਦ ਤੋਂ ਸ਼ੋਸ਼ਤ ਲੋਕਾਂ ਦੇ ਪੱਖ ਵਿਚ ਆਪਣੀ ਵਿਗਿਆਨਕ ਸ਼ਕਤੀ, ਮਾਨਵੀ ਪ੍ਰਤਿਬੱਧਤਾ ਅਤੇ ਕ੍ਰਾਂਤੀਕਾਰੀ ਰਾਜਨੀਤੀ ਅਤੇ ਵਿਵਸਥਾ ਵਿਚ ਸਾਡੇ

ਭੂਮੰਡਲੀ ਸਮੇਂ ਵਿਚ ਆਪਣੀ ਚੜ੍ਹਤ ਵਾਲੀ ਪ੍ਰਸੰਗਿਕਤਾ ਦੇ ਕਾਰਨ ਮਾਰਕਸਵਾਦ ਲੋਕਾਂ ਨੂੰ ਆਪਣੀ ਵੱਲ ਮੋੜੇਗਾ ਜਾਂ ਵਾਪਿਸ ਲਿਆਵੇਗਾ।

ਹੁਣ ਇਹ ਸੰਸਾਰ ਪੱਧਰ ਉਪਰ ਮੰਨਿਆ ਗਿਆ ਹੈ ਕਿ ਵਿਸ਼ਵ ਗੰਭੀਰ ਸੰਕਟ ਵਿਚ ਹੈ। ਕੋਈ ਭਰੋਸਾ ਨਹੀਂ ਹੈ ਕਿ ਇਹ ਆਪਣੇ ਸਮਕਾਲੀਨ ਸੰਕਟ ਤੋਂ ਅਖੀਰ 'ਤੇ ਉਭਰ ਆਏਗਾ। ਮਾਰਕਸਵਾਦੀ ਧੰਨਵਾਦ ਦੇ ਪਾਤਰ ਹਨ ਜੋ ਅੱਜਕੱਲ੍ਹ ਦੁਨੀਆ ਦੀ ਸੱਚਾਈ ਕਹਿਣ ਦੀ ਕੋਸ਼ਿਸ਼ ਕਰਦੇ ਹਨ ਅਤੇ ਆਪਣੇ ਸੱਚ ਅਨੁਸਾਰ ਕੰਮ ਕਰਦੇ ਹਨ। ਪਰੰਤੂ ਜੇ ਚੁਣੌਤੀ ਨੂੰ ਇਸਦੇ ਇਕਾਂਗੀ ਸਮੱਸਿਆਵਾਂ ਦਾ ਘੱਟ-ਵੱਧ ਪ੍ਰਭਾਵੀ ਜਵਾਬ ਦੇਣ ਵਾਲੇ ਤੋਂ ਕੁਝ ਵੱਧ ਸਮਝਿਆ ਜਾਵੇ, ਜੇਕਰ ਇਹ ਇਕ ਐਕਸ਼ਨ-ਪਲੈਨ ਨੂੰ ਸਪੱਸ਼ਟ ਕਰਦਾ ਹੋਵੇ, ਉਤਸ਼ਾਹਿਤ ਕਰਨ ਵਾਲਾ ਅਤੇ ਵਿਹਾਰਕ ਵੀ ਹੋਵੇ ਤਾਂ ਇਹ ਦੁਨੀਆ ਬਾਰੇ ਵਿਸ਼ਲੇਸ਼ਣ ਭੌਤਿਕ-ਜਾਤੀ ਅਤੇ ਨਾਲ ਹੀ ਨਾਲ ਸਮਾਜਿਕ ਸੰਰਚਨਾਤਮਕ ਰੁਕਾਵਟਾਂ ਦੀ ਪਹਿਚਾਣ ਕਰਨ ਲਈ ਅਤੇ ਸੱਚਮੁੱਚ ਪ੍ਰਭਾਵੀ ਟਿਕਾਊ ਜਵਾਬ ਪਾਉਣ ਲਈ ਸੰਕਟਾਂ ਦੀਆਂ ਜੜ੍ਹਾਂ ਤੱਕ ਜਾਣ ਦਾ ਧਰਮ ਕਾਰਜ ਕਰੇਗਾ ਅਤੇ ਤਦੋਂ ਇਹ ਸਮਝਣ ਲਾਇਕ ਨਹੀਂ ਲੱਗਦਾ ਕਿ ਅਜਿਹਾ, ਮਾਰਕਸਵਾਦ ਵੱਲ ਮੁੜੇ ਬਿਨਾਂ ਸੰਭਵ ਹੋਵੇਗਾ। ਘੱਟ ਤੋਂ ਘੱਟ ਮਾਰਕਸਵਾਦੀ ਪਰੰਪਰਾ ਨੂੰ ਪ੍ਰਮੁੱਖਤਾ ਦਿੱਤੇ ਬਿਨਾਂ ਤਾਂ ਬਿਲਕੁਲ ਹੀ ਨਹੀਂ। ਬਿਨਾਂ ਸ਼ੱਕ ਇਹ ਮਾਰਕਸਵਾਦ ਨਾ ਤਾਂ ਪੁਰਾਣਾ 'ਅਧਿਕਾਰਕ' ਮਾਰਕਸਵਾਦ ਹੋਵੇਗਾ ਅਤੇ ਨਾ ਹੀ ਮੌਜੂਦਾ ਫੈਸ਼ਨ ਪ੍ਰਸਤ ਉੱਤਰ ਮਾਰਕਸਵਾਦ, ਇਹ ਪ੍ਰਮਾਣਿਕ ਮਾਰਕਸਵਾਦ ਹੋਵੇਗਾ ਜੋ ਆਪਣੀਆਂ ਸੀਮਾਵਾਂ ਪ੍ਰਤੀ ਜਾਗਰੂਕ ਹੋਵੇਗਾ ਅਤੇ ਇਸ ਤਰ੍ਹਾਂ ਆਪਣੀ ਸ਼ਾਸਤਰੀ ਪਰੰਪਰਾਵਾਦੀ ਪ੍ਰਵਿਰਤੀ ਕਾਰਨ ਇਹ ਵਿਚਾਰ ਅਤੇ ਵਿਹਾਰ ਦੀਆਂ ਹੋਰ ਆਲੋਚਨਾਤਮਕ ਅਤੇ ਅਸੰਤੁਸ਼ਟ ਧਾਰਾਵਾਂ ਲਈ ਉਦਾਰ ਹੋਵੇਗਾ। ਆਪਣੀਆਂ ਮਹਿੰਗੀਆਂ ਹਾਰਾਂ ਨੂੰ ਪਚਾਉਣ ਅਤੇ ਉਨ੍ਹਾਂ ਤੋਂ ਉੱਪਰ ਉੱਠਣ ਦੀ ਤਾਕਤ ਵੀ ਉਸ ਕੋਲ ਹੋਣੀ ਚਾਹੀਦੀ ਹੈ। ਖਾਸ ਕਰਕੇ ਆਪਣੇ ਆਪ ਨੂੰ ਮਾਰਕਸਵਾਦੀ ਕਹਿਣ ਵਾਲਿਆਂ ਦੇ ਸ਼ਾਸ਼ਨ ਕਾਲ ਦੌਰਾਨ ਹੋਈ ਹੁਣੇ ਜਿਹੇ ਦੀ ਹੋਰ ਹਾਰ ਤੋਂ।

ਕਿਸੇ ਹੋਰ ਕਾਰਨ ਦੀ ਬਜਾਇ, ਕੋਈ ਸਿਧਾਂਤਕ ਖੰਡਨ ਨਹੀਂ ਇਹ ਰਾਜਨੀਤਿਕ ਹਾਰ ਹੈ ਜੋ ਮਾਰਕਸਵਾਦ ਦੇ ਮੌਜੂਦਾ 'ਪਿਛਾਂਹ ਮੁੜਨ' ਅਤੇ ਖੜੋਤ ਦਾ ਆਧਾਰਭੂਤ ਕਾਰਨ ਹੈ। ਮਾਰਕਸਵਾਦ ਦਾ ਕੋਈ ਸਿਧਾਂਤਕ ਖੰਡਨ ਪ੍ਰਾਪਤ ਨਹੀਂ ਹੈ। ਹਮੇਸ਼ਾ ਦੀ ਤਰ੍ਹਾਂ ਆਲੋਚਕ ਮਾਰਕਸਵਾਦ ਦੇ ਪੁਤਲੇ ਨੂੰ ਢਾਹ ਕੇ ਇਸਦੇ ਅਸਮੇਂ ਅਤੇ ਸੁਸਤ ਰੂਪ ਨੂੰ ਤਹਿਸ-ਨਹਿਸ ਕਰਕੇ ਹੀ ਖੁਸ਼ ਹੁੰਦੇ ਰਹੇ ਹਨ।

ਪ੍ਰਮਾਣਿਕ ਮਾਰਕਸਵਾਦੀ ਪਰੰਪਰਾ ਅਜੇ ਤਕ ਜੀਵਤ ਬਚੀ ਹੋਈ ਹੈ ਅਤੇ ਇਹ ਹਮੇਸ਼ਾ ਦੀ ਤਰ੍ਹਾਂ ਪ੍ਰਸੰਗਿਕ ਹੈ। ਦਵੰਦਾਤਮਕ ਭੌਤਿਕਵਾਦੀ ਸਿਧਾਂਤ ਅੱਜ ਵੀ ਦੁਨੀਆ ਅਤੇ ਇਸ ਵਿਚ ਆਪਣੀ ਸਥਿਤੀ ਦੀ ਸਮਝ ਦੇਣ ਅਤੇ ਦਾਰਸ਼ਨਿਕ ਸਮੱਸਿਆਵਾਂ ਦੀ ਗੰਢ ਖੋਲ੍ਹਣ ਵਿਚ ਸਾਡੀ ਸਹਾਇਤਾ ਕਰਦਾ ਹੈ। ਜਿਸ ਵਿਚ ਸਾਡੇ ਰਾਜਨੀਤਿਕ ਸਿਧਾਂਤ ਅਤੇ ਵਿਹਾਰ ਦੇ ਪ੍ਰਮੁੱਖ ਸਵਾਰਥ ਛੁਪੇ ਹੋਏ ਹਨ। ਜਿਨ੍ਹਾਂ ਦਾ ਸਰੋਕਾਰ, ਹੋਂਦ ਅਤੇ ਚੇਤਨਾ, ਪਰਿਵਰਤਨ ਅਤੇ ਨਿਸ਼ਚਿਆਤਮਕਤਾ ਆਮ ਤੇ ਵਿਸ਼ੇਸ਼, ਸਾਪੇਖ ਅਤੇ ਪਰਮ, ਮੂਰਤ ਅਤੇ ਅਮੂਰਤ, ਕਾਰਜ-ਕਾਰਨਵਾਦ ਦਾ ਅੰਤ, ਵਿਗਿਆਨ ਦੀ ਤਰਫ਼ਦਾਰੀ ਅਤੇ ਉਦਾਸੀਨਤਾ ਆਦਿ ਵਿਚਕਾਰ ਸੰਬੰਧਾਂ ਨਾਲ ਹੈ। ਸੰਸਾਰ ਦੀ ਵਰਤਮਾਨ ਅਵਿਵਸਥਾ ਵਿਚ ਦਬਾਵਾਂ ਅਤੇ ਸੰਭਾਵਨਾਵਾਂ ਨੂੰ ਸਮਝਣ ਅਤੇ ਉਨ੍ਹਾਂ ਨੂੰ ਸਾਹਮਣੇ ਲਿਆਉਣ ਲਈ ਇਤਿਹਾਸਕ ਭੌਤਿਕਵਾਦ ਅੱਜ ਵੀ ਸਭ ਤੋਂ ਮਜ਼ਬੂਤ ਚੌਖਟੇ ਦੇ ਰੂਪ ਵਿਚ ਪ੍ਰਾਪਤ ਹੈ। ਭਾਵੇਂ ਇਹ ਭਵਿੱਖਬਾਣੀ ਨਹੀਂ ਕਰਦਾ ਜਾਂ ਮਾਨਵੀ ਪਾਰ ਅਤੇ ਉਡਾਣਾਂ ਦੀਆਂ ਕਸਮਾਂ ਨਹੀਂ ਖਾਂਦਾ ਜੋ ਅੰਤਿਮ ਤੌਰ 'ਤੇ ਪ੍ਰਭਾਵੀ ਮਾਨਵੀ ਦਖਲ ਦਾ ਵਿਸ਼ਾ ਹੈ।



ਮਾਰਕਸਵਾਦ ਦੀ ਜਿੱਤ ਜਾਂ ਇਸ ਦੀ ਅੰਤਿਮ ਤਬਾਹੀ ਦੀ ਗੱਲ ਕਰਨਾ ਇਕ ਇੱਛਿਤ ਪੂਰਵ ਆਗ੍ਰਹ ਨੂੰ ਧੋਖਾ ਦੇਣਾ ਅਤੇ ਆਪਣੇ ਸਮੇਂ ਦੇ ਬੌਧਿਕ ਅਤੇ ਰਾਜਨੀਤਿਕ ਇਤਿਹਾਸ ਦੀ ਅਗਿਆਨਤਾ ਨੂੰ ਵੀ ਮਾਨਤਾ ਦਿੰਦਾ ਹੈ। ਜਿਵੇਂ ਕਿ ਨਾਰਮਨਗ੍ਰਾਸ ਨੇ ਦਿੱਤਾ ਹੈ। ਜਿਸ ਤਰ੍ਹਾਂ ਦੀ ਉਦਾਰਤਾ ਅਮੀਰੀ ਉਸ ਵਿਚ ਹੈ ਉਸ ਬੌਧਿਕ ਪ੍ਰੰਪਰਾ ਦੇ ਤਜਰਬੇ ਕਰਨ ਅਤੇ ਇਸ ਦੇ ਅੰਤ ਦਾ ਸਵਾਲ ਹਾਸੋ-ਹੀਣਾ ਲੱਗਦਾ ਹੈ, ਇਸ ਤੋਂ ਘੱਟ ਨਹੀਂ। ਦੂਰ ਦੀ ਤੁਲਨਾਤਮਕ ਪ੍ਰਾਪਤੀ ਵਾਲੀ ਦੂਸਰੀ ਬੌਧਿਕ ਪ੍ਰੰਪਰਾ ਕੋਈ ਹੈ ਹੀ ਨਹੀਂ ਜਿਸ ਤੋਂ ਅਜਿਹੇ ਸਵਾਲ ਵੀ ਪੁੱਛੇ ਜਾ ਸਕਣ। ਇਤਿਹਾਸਕ ਭੌਤਿਕਵਾਦ ਰਾਹੀਂ ਮਾਰਕਸਵਾਦ ਨੇ ਸਾਡੇ ਇਤਿਹਾਸ ਦੀ ਸਮਝ ਲਈ ਉਪਜਾਊ ਵਿਸ਼ਲੇਸ਼ਣਾਤਮਕ ਸਾਧਨ ਪ੍ਰਦਾਨ ਕੀਤੇ ਹਨ। ਇਹ ਪੂੰਜੀਵਾਦ ਦੀਆਂ ਬੁਰਾਈਆਂ ਦੀ ਇਕ ਮਜ਼ਬੂਤ ਸਮੀਖਿਆ ਉਪਰ ਸਵਾਰੀ ਕਰਦਾ ਹੈ। ਇਹ ਉਨ੍ਹਾਂ ਬੁਰਾਈਆਂ ਨੂੰ ਚੁਣੌਤੀ ਦੇਣ ਅਤੇ ਉਨ੍ਹਾਂ ਉੱਤੇ ਜਿੱਤ ਹਾਸਲ ਕਰਨ ਲਈ, ਤਾਕਤਾਂ ਅਤੇ ਤਰੀਕਿਆਂ ਦੀ ਖੋਜ ਵਿਚ ਦ੍ਰਿੜ ਹੈ। ਇਹ ਕਹਿਣਾ ਕਾਫ਼ੀ ਨਹੀਂ ਹੈ ਕਿ ਵਿਚਾਰਕਾਂ, ਲੇਖਕਾਂ ਅਤੇ ਕਲਾਕਾਰਾਂ ਦੀ ਆਪਣੀ ਸੈਨਾ ਰਾਹੀਂ ਇਸ ਨੇ ਪੂਰੀ ਇਕ ਸਦੀ ਦੇ ਸੰਪੂਰਨ ਸਭਿਆਚਾਰ ਨੂੰ ਬਹੁਤ ਕੁਝ ਦਿੱਤਾ ਹੈ। ਇਸ ਦੇ ਅੰਤ ਦਾ ਉਤਸਵ ਇਕ ਕਾਲਪਨਿਕ ਸੋਚ ਦੀ ਆਸ਼ਾ ਅਤੇ ਇਕ ਬੌਧਿਕ ਅਸਹਿਣਸ਼ੀਲਤਾ ਦੀ ਨਿਰਾਸ਼ਾ ਹੈ।

## 13

ਆਲੋਚਨਾਤਮਕ ਬੌਧਿਕ ਪ੍ਰੰਪਰਾ ਦੇ ਰੂਪ ਵਿਚ ਮਾਰਕਸਵਾਦ ਦੇ ਵਿਸ਼ੇ ਵਿਚ ਗ੍ਰਾਸ ਦਾ ਕਥਨ ਇਕ ਮਹੱਤਵਪੂਰਨ ਬਿੰਦੂ ਹੈ ਜੋ ਮਾਰਕਸਵਾਦ ਸੰਬੰਧੀ ਮੇਰੀ ਬਹਿਸ ਦੀ ਅੰਤਿਕਾ ਵਿਚ ਦੁਹਰਾਇਆ ਜਾਵੇਗਾ। ਇਹ ਬਿੰਦੂ ਮਾਰਕਸਵਾਦ ਦੀ ਪ੍ਰਸੰਗਿਕਤਾ ਦਾ ਖਾਸ ਕਾਰਨ ਹੈ ਅਤੇ ਇਸਦੇ ਜਿਉਂਦੇ ਨਾ ਰਹਿਣ ਬਾਰੇ ਕੋਈ ਸ਼ੱਕ ਨਹੀਂ। ਇਤਿਹਾਸਕ ਭੌਤਿਕਵਾਦ ਪੂੰਜੀਵਾਦ ਦੀ ਮਾਰਕਸਵਾਦੀ ਸਮੀਖਿਆ ਦਾ ਇਤਿਹਾਸਕ ਅਤੇ ਸਿਧਾਂਤਕ ਆਧਾਰ ਹੈ। ਜਿਸ ਦੇ ਕਾਰਨ ਸ਼ਾਸਤਰੀ ਜਾਂ ਕਲਾਸੀਕਲ ਮਾਰਕਸਵਾਦੀ ਸਿਧਾਂਤਕ ਅਤੇ ਰਾਜਨੀਤਿਕ ਰੂਪ ਵਿਚ ਬੜੀ ਇੱਛਤ ਮੁਕਤੀ ਦਾਤੀ ਯੋਜਨਾ ਨੂੰ ਵੀ ਸ਼ਕਤੀ ਮਿਲੀ ਸੀ। ਇਹ ਮਾਨਵ ਜਾਤੀ ਦੇ ਕਮਿਊਨਿਸਟ ਭਵਿੱਖ ਵਲ ਸਮਾਜਵਾਦੀ ਵਿਕਾਸ ਸੀ। ਮਾਰਕਸਵਾਦ ਆਪਣੇ ਪੂੰਜੀਵਾਦ ਵਿਰੋਧੀ ਦਬਾਅ ਦੇ ਹੁੰਦਿਆਂ ਮਾਨਵੀ ਮੁਕਤੀ ਦਾ ਆਲੋਚਨਾਤਮਕ ਵਿਗਿਆਨ ਹੈ। ਹਾਂ ਜੇ ਤੁਸੀਂ ਚਾਹੋ ਤਾਂ ਇਸ ਸਾਡੇ ਸਮੇਂ ਵਿਚ ਮਾਨਵ ਮੁਕਤੀ ਦੀ ਸੇਵਾ ਵਿਚ ਲੱਗੇ ਵਿਗਿਆਨ ਦਾ ਮਹਾਂਬਿਰਤਾਂਤ ਵੀ ਕਹਿ ਸਕਦੇ ਹੋ। ਮਾਰਕਸਵਾਦ ਦੇ ਸਿਧਾਂਤ ਅਤੇ ਇਸ ਦੇ ਪ੍ਰਮਾਣਿਕ ਵਿਹਾਰ ਵਿਚ ਜਿਸ ਨੇ ਇਸ ਨੂੰ ਦੁਨੀਆ ਦੇ ਤਮਾਮ ਉਨਮੂੱਲਨਵਾਦੀ ਅਤੇ ਕ੍ਰਾਂਤੀਕਾਰੀ ਅੰਦੋਲਨਾਂ ਨਾਲ ਜੋੜਿਆ ਹੈ, ਦੋ ਤੱਤ ਇਸਦੀ ਕੇਂਦਰੀ ਭੂਮਿਕਾ ਵਿਚ ਰਹੇ ਹਨ। ਸ਼ੋਸ਼ਣ ਅਤੇ ਅਸਮਾਨਤਾ ਨਾਲ ਭਰੇ ਵਰਤਮਾਨ ਸਮਾਜਾਂ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋਂ ਸਮਝਣ ਦਾ ਨਿਸ਼ਾਨਾ ਅਤੇ ਨਵੇਂ ਸਮਾਜ ਦੀ ਸੰਰਚਨਾ ਲਈ ਸੁਤੰਤਰਤਾ ਅਤੇ ਸਮਾਨਤਾ ਵਾਲੇ ਇਕ ਸ਼ੋਸ਼ਣ ਮੁਕਤ ਸਮਾਜ ਦੀ ਸਿਰਜਣਾ ਲਈ ਵਰਤਮਾਨ ਦੀ ਆਲੋਚਨਾ ਦਾ ਉਦੇਸ਼। ਇਸ ਤਰ੍ਹਾਂ ਮਾਰਕਸਵਾਦ ਦੀ ਪੂੰਜੀਵਾਦ ਤੋਂ ਅਸਵਿਕਾਰ ਅਤੇ ਸਮਾਜਵਾਦ ਵਿਚ ਇਸ ਦੇ ਨਕਾਰ ਦਾ ਤਰਕ ਪੂੰਜੀਵਾਦ ਨੂੰ ਇਕ ਵਧੇਰੇ ਬੌਧਿਕ ਅਤੇ ਮਾਨਵੀ ਸਮਾਜਿਕ ਵਿਵਸਥਾ ਦੁਆਰਾ ਬਦਲੇ ਜਾਣ ਦੀ ਪੁਕਾਰ ਹੈ। ਪੂੰਜੀਵਾਦ ਨੂੰ ਬਦਲਣ ਦੀ ਇਹ ਪੁਕਾਰ ਅੱਜ ਵੀ ਆਪਣੀ ਕਿਸੇ ਜ਼ਰੂਰਤ ਨੂੰ ਨਹੀਂ ਭੁਲਾ ਸਕੀ ਅਤੇ ਨਾ ਹੀ ਸਿਰਫ਼ ਇਸ ਕਾਰਨ ਹੀ ਇਸ ਪੁਕਾਰ ਨੂੰ ਰੇਖਾਂਕਿਤ ਅਤੇ ਸੰਬੋਧਿਤ ਕਰਨ ਵਾਲੇ ਸਿਧਾਂਤ ਦਾ ਸਰੀਰ ਪਹਿਲਾਂ ਵਾਂਗ ਹੀ ਮਜ਼ਬੂਤ ਅਤੇ ਪ੍ਰਸੰਗਿਕ ਹੈ।

ਇਸ ਪ੍ਰਕਾਰ ਦਾ ਇਤਿਹਾਸਕ ਦ੍ਰਿਸ਼ਟੀ ਤੋਂ ਪਹਿਲਾ ਪ੍ਰਭਾਵਸ਼ਾਲੀ ਜਵਾਬ ਸੋਵੀਅਤ ਸੰਘ ਵਿਚ ਸਮਾਜਵਾਦੀ ਸੰਰਚਨਾ ਦਾ ਪ੍ਰਯਤਨ ਸੀ। ਜੋ ਬਿਨਾਂ ਵਿਵਾਦ ਤੋਂ ਅਸਫਲ ਹੋ ਚੁੱਕਾ ਹੈ। ਸਮਾਜਵਾਦੀ ਬਹੁਤ ਦਿਨਾਂ ਤੱਕ ਇਸ ਅਸਫਲਤਾ ਉਪਰ ਵਿਵਾਦ ਕਰਦੇ ਰਹਿਣਗੇ ਤੇ ਤਰਕ ਕਰਦੇ ਰਹਿਣਗੇ ਕਿ ਇਹ ਇਕ ਬਦਲ ਸੀ ਜਾਂ ਇਕ ਜ਼ਿੰਮੇਵਾਰੀ ਦਾ ਵਿਲੋਪ ਸੀ। ਇਸ ਸਫ਼ਲਤਾ ਦਾ ਵਿਸ਼ਲੇਸ਼ਣ ਕਰਨਾ ਅਤੇ ਇਸ ਨੂੰ ਸਮਝਣ ਲਈ ਉਨ੍ਹਾਂ ਵਾਸਤੇ ਨਿਸਚਿਤ ਰੂਪ ਜ਼ਰੂਰੀ ਹੈ ਅਤੇ ਇਸ ਰਾਜੀਨੀਤਕ ਹਾਰ ਦੇ ਅਨੁਭਵ ਨੂੰ ਪਚਾਉਣਾ ਵੀ ਉਨ੍ਹਾ ਹੀ ਜ਼ਰੂਰੀ ਹੈ। ਪ੍ਰੰਤੂ ਇਸ ਵਿਸ਼ੇਸ਼ ਯੋਜਨਾ ਦਾ ਇਕ ਪੂਰੇ ਯੁੱਗ ਦੀਆਂ ਅਜਿਹੀਆਂ ਸਾਰੀਆਂ ਯੋਜਨਾਵਾਂ ਦੀ ਅਸਫ਼ਲਤਾ ਦਾ ਕੋਈ ਭਾਰ ਸਮਾਜਵਾਦ ਦੀ ਜ਼ਰੂਰਤ ਜਾਂ ਉਸ ਸਿਧਾਂਤ ਦੀ ਵੈਧਤਾ (ਸਹੀ ਹੋਣ ਬਾਰੇ) ਉਪਰ ਨਹੀਂ ਪੈ ਸਕਦਾ। ਜਿਸ ਨੇ ਉਸ ਜ਼ਰੂਰਤ ਨੂੰ ਸਪੱਸ਼ਟ ਕੀਤਾ ਤੇ ਅੱਜ ਵੀ ਕਰ ਰਿਹਾ ਹੈ। ਜਸਟੀਨ ਰੋਜਨਵਰ ਨੂੰ ਕੋਟ ਕਰੀਏ ਤਾਂ ਸਮਾਜਵਾਦੀ ਰਾਜਨੀਤੀ ਦੀ ਅਸਲੀ ਆਧਾਰ ਭੂਮੀ ਸੋਵੀਅਤ ਸੰਘ ਦੀ ਹੋਂਦ ਨਹੀਂ ਬਲਕਿ ਪੂੰਜੀਵਾਦ ਦੀ ਹੋਂਦ ਰਹੀ ਹੈ।

ਸਮਾਜਵਾਦ ਹਮੇਸ਼ਾ ਪੂੰਜੀਵਾਦ ਦੇ ਬਰਾਬਰ ਰਹਿੰਦਾ ਆਇਆ ਹੈ ਅਤੇ ਹੁਣ ਵੀ ਹੈ। ਇਹ ਹਮੇਸ਼ਾ ਦੀ ਤਰ੍ਹਾਂ ਪੂੰਜੀਵਾਦ ਦੀ ਵਿਸ਼ੇਸ਼ ਪ੍ਰਤੀਸਥਾਪਨਾ ਰਿਹਾ ਹੈ। ਜਦ ਤਕ ਪੂੰਜੀਵਾਦ ਹੈ ਸਮਾਜਵਾਦੀ ਯੋਜਨਾ ਨੂੰ ਇਕ ਠੋਸ ਇਤਿਹਾਸਕ ਆਧਾਰ ਮਿਲਦਾ ਰਹੇਗਾ ਅਤੇ ਸਮਾਜਵਾਦ ਭਵਿੱਖ ਲਈ ਮਾਨਵਜਾਤੀ ਦੀ ਕਾਰਜ ਸੂਚੀ ਵਿਚ ਅਵੱਸ਼ ਰਹੇਗਾ। ਜੋ ਕੁਝ ਹੋਇਆ ਹੈ ਉਸ ਤੋਂ ਬਾਦ ਇਕ ਬਿਹਤਰ ਅਤੇ ਸ਼ਾਇਦ ਵਧੇਰੇ ਸੂਤਰਿਕ, ਸਾਪੇਖ ਸਮਝ ਦੀ ਲੋੜ ਹੈ ਕਿ ਸਮਾਜਵਾਦ ਅਤੇ ਸਮਾਜਵਾਦ ਲਈ ਸੰਘਰਸ਼, ਇਕੋ ਵੇਲੇ ਚੱਲਦਾ ਹੈ। ਉਦਾਹਰਣ ਲਈ ਇਸ ਦੇ ਪਰਿਵਰਤਨਸ਼ੀਲ ਰੂਪ ਅਤੇ ਰਸਤੇ ਦੁਨੀਆ ਦੇ ਭਿੰਨ-ਭਿੰਨ ਹਿੱਸਿਆਂ ਵਿਚ ਕਿਹੋ ਜਿਹੇ ਹੋਣਗੇ ਅਤੇ ਅੱਜ ਕ੍ਰਾਂਤੀਕਾਰੀ ਸਮਾਜਵਾਦੀ ਰਾਜਨੀਤੀ ਵਿਹਾਰ ਵਿਚ ਕੀ ਕੁਝ ਲਈ ਬੈਠੀ ਹੈ? ਖਾਸ ਤੌਰ 'ਤੇ ਉਨ੍ਹਾਂ ਦੇਸ਼ਾਂ ਵਿਚ ਜਿੱਥੇ ਬੁਰਜੂਆ ਡੈਮੋਕਰੇਟਿਕ ਰਾਜ ਕਾਇਮ ਹਨ। ਸਾਡੇ ਸ਼ੰਕਾਵਾਦੀ ਸਮੇਂ ਵਿਚ ਇਕ ਪੂਰਨ ਤੌਰ 'ਤੇ ਸੰਵੇਦਨਸ਼ੀਲ ਸਮਝ ਚਾਹੀਦੀ ਹੈ, ਜੋ ਦੁਨੀਆ ਦੀ ਨਵੀਂ ਪ੍ਰਸਥਿਤੀ ਦੇ ਨਾਲ ਆਪਣਾ ਤਾਲਮੇਲ ਸਥਾਪਤ ਕਰਨ ਲਈ ਸਮਰੱਥ ਹੋਵੇ। ਕਿਉਂਕਿ ਸਮਾਜਵਾਦ ਦਾ ਪਹਿਲਾ ਪ੍ਰਯੋਗ ਅਸਫ਼ਲ ਹੋ ਚੁੱਕਾ ਹੈ ਅਤੇ ਪੂੰਜੀਵਾਦ ਆਪਣਾ ਭੂ-ਮੰਡਲੀ ਅਧਿਕਾਰ ਪੁਨਰ ਸਥਾਪਿਤ ਕਰ ਚੁੱਕਾ ਹੈ।

ਸਮਾਜਵਾਦੀ ਸਮਝ ਦੇ ਅਜਿਹੇ ਜਾਂ ਇਸ ਨਾਲ ਮਿਲਦੇ ਜੁਲਦੇ ਨਵੀਕਰਨ ਜ਼ਰੂਰੀ ਹਨ, ਪ੍ਰੰਤੂ ਉਹ ਮਾਰਕਸਵਾਦ ਦੇ ਅੰਤਰਗਤ ਹੀ ਉਦੇਸ਼ਪੂਰਨ ਹਨ, ਇਸ ਦੇ ਬਿਨਾਂ ਨਹੀਂ। ਮਾਰਕਸਵਾਦ ਆਪਣੀਆਂ ਮੂਲ ਸਥਾਪਨਾਵਾਂ ਦੇ ਨਾਲ ਪੂੰਜੀਵਾਦ ਅੱਜ ਜਿਸ ਸਥਿਤੀ ਵਿਚ ਹੈ ਅਤੇ ਆਪਣੇ ਕੇਂਦਰਾਂ ਅਤੇ ਸੀਮਾਵਾਂ ਦਾ ਜੋ ਤਰਕ ਉਹ ਦਿੰਦਾ ਹੈ ਉਸ ਦੇ ਖਿਲਾਫ਼ ਸਮਝ ਦੇਣ, ਆਲੋਚਨਾ ਕਰਨ ਅਤੇ ਸੰਘਰਸ਼ ਕਰਨ ਦੇ ਪ੍ਰਤੀ ਜ਼ਰੂਰੀ ਸਿਧਾਂਤ ਦੇ ਰੂਪ ਵਿਚ ਬਚ ਜਾਂਦਾ ਹੈ। ਸਭ ਤੋਂ ਵਧੇਰੇ ਇਹ ਪੁਨਰ ਜੀਵਿਤ ਪੂੰਜੀਵਾਦ ਦੇ ਭੂਮੰਡਲੀ ਅਧਿਕਾਰ ਦੇ ਹੁੰਦਿਆਂ ਜ਼ਰੂਰੀ ਹੈ। ਇਸ ਉੱਤਰ ਪੂੰਜੀਵਾਦ ਦਾ ਅਰਥ ਹਰ ਕਿਸੇ ਥਾਂ ਦੀ ਜਨਤਾ ਦਾ ਵਧਦਾ ਹੋਇਆ ਆਰਥਿਕ ਸ਼ੋਸ਼ਣ ਹੈ। ਧਰਤੀ ਦੇ ਮਾਨਵੀ ਅਤੇ ਪ੍ਰਕ੍ਰਿਤਕ ਸਾਧਨਾਂ ਦੀ ਵਧੇਰੇ ਨਿਰਦਈ ਲੁੱਟ ਹੈ। ਵਿਸ਼ਵ ਵਿਆਪੀ ਨੈਤਿਕ ਸਭਿਆਚਾਰਕ ਸਰਵਨਾਸ਼ ਹੈ ਅਤੇ ਪ੍ਰਤੀਗਾਮੀ ਅਤੇ ਖੰਡਿਤ ਵਿਕਾਸ ਦਾ ਪ੍ਰਕਾਰ ਹੈ ਜੋ ਇਸ ਦੀ ਜਾਗ੍ਰਿਤੀ ਤੋਂ ਬਾਦ ਆਇਆ ਹੈ। •

**(ਅੰਗ੍ਰੇਜ਼ੀ ਵਿਚੋਂ ਅਨੁਵਾਦ ਡਾ. ਕਮਰਜੀਤ ਸਿੰਘ)**



ਵਾਘਿਓਂ ਪਾਰ

# ਜ਼ਫ਼ਰ ਇਕਬਾਲ ਦੀਆਂ ਚੋਣਵੀਆਂ ਗ਼ਜ਼ਲਾਂ

ਕੋਈ 35 ਵਰ੍ਹੇ ਪਹਿਲਾਂ ਮੁਨੀਰ ਨਿਆਜ਼ੀ ਹੋਰਾਂ ਆਖਿਆ ਸੀ ਭਈ ਪੰਜਾਬੀ ਵਿਚ ਜਦੀਦ (ਨਵੀਂ) ਗ਼ਜ਼ਲ ਨਹੀਂ ਲਿਖੀ ਜਾ ਸਕਦੀ, ਮੈਂ ਆਖਿਆ, " ਮੈਂ ਲਿਖਾਂਗਾਂ।" ਗੱਲ ਆਈ ਗਈ ਹੋ ਗਈ ਤੇ ਗ਼ਜ਼ਲਾਂ ਵੀ ਲਿਖੀਆਂ ਜਾਣ ਲੱਗ ਪਈਆਂ। ਉਂਝ ਇਹ ਕਿਤਾਬ ਕੋਈ ਤੀਹ ਵਰ੍ਹੇ ਪਹਿਲਾਂ ਛਪ ਜਾਣੀ ਚਾਹੀਦੀ ਸੀ। ਇੱਕ ਵਾਰੀ ਛਪਣ ਤੋਂ ਪਹਿਲਾਂ ਇਹਦਾ ਮਸੌਦਾ (ਖਰੜਾ) ਗਵਾਚ ਗਿਆ। ਚਿਰਾਂ ਪਿੱਛੋਂ ਲੱਭਿਆ ਤੇ ਮੈਂ ਆਪ ਭੈੜਾ ਪੈ ਗਿਆ। ਭਈ ਹੁਣ ਤਾਂ ਨਵੀਂ ਪੰਜਾਬੀ ਗ਼ਜ਼ਲ ਬਹੁਤ ਅੱਗੇ ਟੁਰ ਗਈ ਹੋਵੇਗੀ। ਓੜਕ ਹੁਣ ਸੋਚਿਆ, ਭਈ ਆਲੇ-ਦੁਆਲੇ ਕੋਈ ਖਾਸ ਤਬਦੀਲੀ ਨਹੀਂ ਆਈ। ਏਸ ਲਈ ਖੌਰੇ ਇਹਨਾਂ ਗ਼ਜ਼ਲਾਂ ਦਾ ਹੁਣ ਵੀ ਕੋਈ ਮਤਲਬ ਨਿਕਲਦਾ ਹੋਵੇ। ਏਸੇ ਸ਼ੱਕਸ਼ੁਬ੍ਹੇ ਵਿਚ ਕਿਤਾਬ ਦੀ ਬੇੜੀ ਠੇਲ੍ਹ ਦਿੱਤੀ ਏ। ਹੁਣ ਜੋ ਕਰੇ ਕਰਤਾਰ। • **(ਜ਼ਫ਼ਰ ਇਕਬਾਲ)**

1.

ਏਥੇ ਕਿਸ ਦੀਆਂ ਜ਼ੁਲਫਾਂ ਕਾਲੇ, ਕਿਸ ਦੇ ਨੈਣ ਦੁਗਾੜੇ।
ਹਾਰ ਕੇ ਆਪਣੇ ਪੈਰੀਂ ਮਾਰੇ, ਆਪੇ ਕਹਿਰ -ਕੁਹਾੜੇ।

ਸਾਰੀ-ਸਾਰੀ ਰਾਤ ਜਗਾਵੇ, ਕਾਲੀ, ਲਾਲ ਹਨ੍ਹੇਰੀ,
ਕਿਹੜਾ ਝੱਖਣ ਹੋਵੇ ਜਿਹੜਾ ਦਿਲ ਦਾ ਪੱਥਰ ਪਾੜੇ।

ਕਿਸ ਲੇਖੇ ਇਹ ਲਹਿਰ ਬਹਿਰ ਜੇ ਦਿਸੇ ਨਾ ਮਨ ਦਾ ਮੀਤ,
ਲੱਖ ਲਹੌਰੋਂ ਘੋਲ ਘੁਮਾਵਾਂ, ਜਾਵਾਂ ਸ਼ਹਿਰ ਉਕਾੜੇ।

ਐਡਾ ਭਾਰ ਮਨਾਵਣ ਵਾਲੇ ਜ਼ਫ਼ਰਾ, ਪਲ ਦੇ ਅੰਦਰ,
ਕੱਖਾਂ ਤੋਂ ਵੀ ਹੌਲੇ ਹੋ ਗਏ, ਮਿੱਟੀ ਤੋਂ ਵੀ ਮਾੜੇ।

**2.**

ਰਾਤ ਪਵੇ ਤੇ ਲੋਕਾਂ ਦੇ ਘਰ ਲਾਉਂਦਾ ਫਿਰਨਾ ਸੰਨ੍ਹਾ।
ਅੱਜ ਉੱਠਿਆ ਨਹੀਂ ਜਾਂਦਾ, ਅੱਜ ਆਪਣਾ ਈ ਜਿੰਦਰਾ ਭੰਨਾ।

ਸ਼ਹਿਰ ਵਾਲਿਆਂ ਛਿੱਲ ਛਾਂਗ ਕੇ ਲੱਖੋਂ-ਕੱਖ ਬਣਾਇਆ,
ਕਿਹੜੀ ਬਾਰ ਦਾ ਬੂਟਾ ਸਾਂ ਮੈਂ ਕਿਸ ਪੈਲੀ ਦਾ ਗੰਨਾ।

ਮੇਰੇ ਸੱਜੇ ਖੱਬੇ ਡੂੰਘੇ ਵੱਤਰ ਵਾਲੀ ਪੈਲੀ,
ਮੈਂ ਵਿਚਕਾਰ ਅਜ਼ਲਾਂ ਦਾ ਪਿਆਸਾ ਸੁੱਕ ਪੜੱਕਾ ਬੰਨਾ।

ਕੀ ਦੱਸਾਂ ਕਿੱਥੇ ਸ਼ਾਂਤੀ ਏ ਤੇਰੇ ਦੁੱਖ ਦੀ ਦੌਲਤ,
ਨਾ ਉਸ ਘਰ ਦਾ ਕੰਧ ਨਾ ਕੋਠਾ, ਨਾ ਬੂਹਾ ਨਾ ਚੰਨਾ।

3.
ਆਪੇ ਹਾਰੀ ਸਾਰੀ ਅੱਗੇ, ਦਿਲ ਦੇ ਦੁਖੜੇ ਫੋਲਾਂ,
ਪਰ ਜੇ ਕੋਈ ਪੁੱਛ ਖਲੋਵੇ, ਵੱਖੀ ਵਿਚੋਂ ਬੋਲਾਂ।
ਅੱਧੀ ਰਾਤੀ ਹਨੇਰੀ ਆਵੇ, ਲੋਕੀਂ ਸੁੱਤੇ ਰਹਿਣ,
ਮੈਂ ਬੂਹੇ ਵਿਚ ਟੰਗੀ ਹੋਈ, ਬੱਤੀ ਵਾਂਗੂੰ ਡੋਲਾਂ।
ਚਾਰ-ਚੁਫੇਰੇ ਚੜ੍ਹੇ ਚੰਨ ਦੀ ਚਿੱਟੀ ਚਾਦਰ ਚਮਕੇ,
ਮੈਂ ਕਾਲਖ ਦਾ ਭਰਿਆ ਭਾਂਡਾ, ਕਿੱਥੇ ਜਾ ਕੇ ਡੋਲ੍ਹਾਂ?
ਨਾ ਕੋਈ ਸੁਣਦਾ ਹੋਵੇ, ਨਾ ਕੋਈ ਸੁਣ ਕੇ ਹੱਸਦਾ ਹੋਵੇ,
ਆਪਣੇ ਅੱਗੇ ਬਹਿ ਕੇ ਗੱਲਾਂ ਵਾਲੀ ਗੱਠੜੀ ਖੋਲ੍ਹਾਂ।

4.
ਰਲੇ-ਮਿਲੇ ਰਹਿੰਦੇ ਸਨ ਲੋਕੀਂ, ਤੇ ਗਲੀਆਂ ਦੇ ਕੱਖ।
ਕੋਈ ਅਜੇਹਾ ਝੱਖੜ ਝੁੱਲਿਆ, ਕਰ ਗਿਆ ਵੱਖੋ-ਵੱਖ।

ਸਵਾਹ ਦਾ ਢੇਰ, ਤੇ ਫੁੱਲਾਂ ਭਰੀ ਚੰਗੇਰ, ਨਜ਼ਰ ਦਾ ਫੇਰ,
ਸਿਵਿਆਂ ਨੂੰ ਗੁਲਜ਼ਾਰ ਬਣਾਵੇ, ਕਰਮਾਂ ਵਾਲੀ ਅੱਖ।

ਜਿੱਥੇ ਜਾਸੇਂ ਲੱਭ ਪਵੇਗੀ, ਜੀਵਣ ਦੀ ਰੱਜਵੀਂ ਰੋਟੀ,
ਕਿਸੇ ਬਾਗ ਦੀ ਨੁੱਕਰੇ ਬਹਿ ਕੇ ਮੌਤ ਦਾ ਮੇਵਾ ਚੱਖ।

ਪਹਿਲੋਂ ਲੰਘ ਕੇ ਆ ਆਪਣੇ ਅੰਦਰ ਦੇ ਸੱਤ ਸਮੁੰਦਰ,
ਦੂਰ ਦਰਾਜ਼ ਸਫ਼ਰ ਦੀ ਗੰਢੜੀ, ਸਿਰ ਤੋਂ ਲਾਹ ਕੇ ਰੱਖ।

5.
ਠਾਹ ਅਮਰੀਕਾ, ਠੂਹ ਅਮਰੀਕਾ।
ਲਾਹ ਅਮਰੀਕਾ, ਲੂਹ ਅਮਰੀਕਾ।
ਡਿੱਗਣ ਵਾਲੇ ਫੇਰ ਨਾ ਨਿਕਲੇ,
ਜੇਹਾ ਢੱਠਾ ਖੂਹ ਅਮਰੀਕਾ।
ਸੱਜੇ ਖੱਬੇ, ਅੱਗੇ ਪਿੱਛੇ,
ਫਿਰਦੀ ਏ ਬਦਰੂਹ ਅਮਰੀਕਾ।
ਸ਼ੇਰਾਂ ਨਾਲ ਸੂ ਮੱਥਾ ਲਾਇਆ,
ਇਹ ਗਿੱਦੜਾਂ ਦੀ ਜੂਹ ਅਮਰੀਕਾ।
ਲੱਗੇ ਤੋਹੇ ਤੇ ਲੱਖ ਲਾਹਨਤ,
ਦੁਰ-ਦੁਰ ਫਿੱਟੇ ਮੂੰਹ ਅਮਰੀਕਾ।
ਇਹਨਾਂ ਈ ਰੜੇ ਮਦਾਨਾਂ ਅੰਦਰ,
ਹੋਸੀ ਕੁੱਤੇ ਧਰੂਹ ਅਮਰੀਕਾ।
ਸਾਡੇ ਲਹੂ ਦੀ ਰੰਗਣ ਰੰਗਿਆ,
ਰੱਤਾ ਲਾਲ ਕਚੂਹ ਅਮਰੀਕਾ।
ਆਪਣੇ ਆਪ ਦੀ ਸੁਰਤ ਨਾ ਕੋਈ,
ਰੱਖੇ ਸਭ ਦੀ ਸੂਹ ਅਮਰੀਕਾ।
ਮੁੱਕਣੀ ਨਹੀਂ ਜ਼ਫ਼ਰ ਹੁਣ ਛੇਤੀ,
ਕੀਤੀ ਗੱਲ ਸ਼ੁਰੂ ਅਮਰੀਕਾ।



ਕਹਾਣੀ

# ਅਣਗਿਣਤ ਵਰ੍ਹਾ

ਜਸਪਾਲ ਮਾਨਖੇੜਾ

ਗਿਆਨ ਸਿੰਘ ਜਦ ਘਰ ਪੁੱਜਿਆ ਤਾਂ ਉਸ ਦੇ ਘਰ ਘਮਸਾਨ ਪਿਆ ਹੋਇਆ ਸੀ। ਉਸਦੇ ਘਰਵਾਲੀ ਬਲਦੇਵ ਕੁਰ ਉੱਚੀ-ਉੱਚੀ ਬੋਲ ਰਹੀ ਸੀ। ਉਸਦੀ ਬੇਟੀ ਦੀਪੀ ਬੈੱਡ ਉੱਪਰ ਅੱਖਾਂ ਭਰੀ ਬੈਠੀ ਸੀ। ਛੱਤ ਵਾਲਾ ਪੱਖਾ ਫੁੱਲ ਸਪੀਡ ਨਾਲ ਚੱਲ ਰਿਹਾ ਸੀ। ਕੂਲਰ ਦੀ ਭਰੜਾਈ ਹੋਈ ਆਵਾਜ਼ ਆ ਰਹੀ ਸੀ।

"ਕੀ ਹੋ ਗਿਆ...........", ਗਿਆਨ ਸਿੰਘ ਨੇ ਜਿਵੇਂ ਸਾਰਿਆਂ ਨੂੰ ਹੀ ਪੁੱਛਿਆ। ਪਰ ਕੋਈ ਵੀ ਨਾ ਬੋਲਿਆ। ਆਪਣੇ ਹੱਥ 'ਚ ਫੜਿਆ ਭੁਪਿੰਦਰਾ ਕਾਲਜ ਦਾ ਪ੍ਰੋਸਪੈਕਟ ਉਸਨੇ ਟੀ.ਵੀ. ਕੈਬਨ ਉਪਰ ਰੱਖ ਦਿੱਤਾ।

"ਬਈ ਦੱਸਦੇ ਕਿਉਂ ਨਹੀਂ, ਤੂੰ ਈ ਦੱਸ ਕੀ ਹੋਇਐ।"

"ਕੀ ਦੱਸਾਂ ਮੈਂ, ਤੁਸੀਂ ਆਪ ਈ ਪੜ੍ਹ ਲਓ", ਉਸਦੀ ਘਰਵਾਲੀ ਨੇ ਕਿਸੇ ਲੈਟਰ ਪੈਡ ਦਾ ਕਾਗਜ਼ ਉਸ ਦੇ ਅੱਗੇ ਕਰ ਦਿੱਤਾ। ਜਿਸ ਉਪਰ ਕੁਝ ਟਾਈਪ ਕੀਤਾ ਹੋਇਆ ਸੀ। "ਕੀ ਹੈ ਇਹ ........", ਕਾਗਜ਼ ਫੜਨ ਲਈ ਆਹੁਲਦਾ ਗਿਆਨ ਸਿੰਘ ਬੋਲਿਆ।

"ਮੈਨੂੰ ਕੀ ਪਤੈ ਅਨਪੜ੍ਹ ਬੁੱਜ ਨੂੰ .......", ਬਲਦੇਵ ਕੌਰ ਬੋਲ ਈ ਰਹੀ ਸੀ ਕਿ ਰਮਨਦੀਪ ਬੋਲ ਉਠਿਆ, "ਮੈਂ ਦਸਦਾਂ ਭਾਪਾ ਜੀ, ਇਹ ਬਹਾਦਰ ਸੰਧੂ ਦਾ ਲੈਟਰ ਐ, ਨਾਲ ਕੰਟੈਕਟ ਫਾਰਮ, ਸਾਡੀ ਦੀਪੀ ਵਾਸਤੇ।"

"ਕਿਸ ਲਈ ਕੰਟੈਕਟ, ਕਾਹਦਾ ਕੰਟੈਕਟ......।"

"ਸਟੇਜ 'ਤੇ ਨੱਚਣ ਦਾ ਕੰਟੈਕਟ, ਹੋਰ ਕਾਸਦਾ। ਗਾਇਕਾਂ ਨਾਲ ਨੱਚਦੀਆਂ ਨੇ ਉਹ ਮਾਡਲਾਂ। ਹੁਣ ਆਪਣੀ ਸੁਮਨ ਰਾਣੀ ਨੱਚਿਆ ਕਰੂ ਸਟੇਜਾਂ ਉੱਤੇ, ਨਾਮ ਚਮਕਾਊ ਸਾਡਾ .......", ਰਮਨਦੀਪ ਨੇ ਗੱਲ ਅਧੂਰੀ ਛੱਡ ਦਿੱਤੀ। ਉਸ ਲਾਲ ਪੱਟੀ ਵਾਲੀ ਨੀਲੀ ਪੱਗ ਬੰਨ੍ਹ ਕੇ ਉਪਰ ਲਾਲ ਝਾਲਰ ਤਾਂ ਲਾ ਲਈ ਸੀ ਪਰ ਖਾਕੀ ਵਰਦੀ ਅਜੇ ਨਹੀਂ ਸੀ ਪਾਈ।

"ਅੱਛਾ! ਅੱਛਾ! ਇਹ ਗੱਲ ਐ। ਐਂ ਅਸਮਾਨ ਨਾ ਚੁੱਕੋ ਸਿਰ 'ਤੇ ਕਰਦੇ ਆਂ ਗੱਲ ਠਰੰਮੇ ਨਾਲ, " ਗਿਆਨ ਸਿੰਘ ਨੇ ਕਿਹਾ।

"ਅਸਮਾਨ ਕਿਉਂ ਨਾ ਚੁੱਕੀਏ ਭਾਪਾ ਜੀ, ਤੁਸੀਂ ਵੀ ਬੱਸ। ਇਹ ਛੋਟੀ ਮੋਟੀ ਗੱਲ ਐ। ਬੇਇੱਜ਼ਤੀ ਪਤੈ ਕਿੰਨੀ ਹੋਊ। ਮੈਂ ਤਾਂ ਮੂੰਹ ਦਿਖਾਉਣ ਜੋਗਾ ਨਈਂ ਰਹਿਣਾ ਕਿਤੇ। ਸਾਡੇ ਮਹਿਕਮੇ ਆਲੇ ਤਾਂ ਦੂੱਭਰ ਕਰ ਦੇਣਗੇ ਮੇਰਾ ਜਿਉਣਾ। ਨਾਲੇ ਪਤੈ ਥੋਨੂੰ ਤਾਂ ਮਹਿਕਮਾਂ ਕਿਨਾਂ ਖਾੜੇ ਵੈਖਦੈ .........", ਰਮਨਦੀਪ ਦਾ ਗੁੱਸਾ ਸੱਤਵੇਂ ਆਸਮਾਨ ਸੀ। "ਕੋਈ ਨਹੀਂ ਬੇਟੇ ਰਮਨ, ਆਪਾਂ ਕਰ ਲੈਨੇ ਆਂ ਸੋਚ ਵਿਚਾਰ। ਲੜੋ ਨਾ ਪਲੀਜ਼। ਦੀਪੀ ਆਪਣੇ ਤੋਂ ਬਾਹਰ ਐ ਕੋਈ। ਤੂੰ ਚਾਹ ਬਣਾ ਬਈ", ਇਹ ਕਹਿ ਗਿਆਨ ਸਿੰਘ ਆਪਣੇ ਕਮਰੇ ਨੂੰ ਤੁਰ ਪਿਆ।

"ਇਨ੍ਹਾਂ ਨੂੰ ਫਿਕਰ ਈ ਨਹੀਂ ਕਾਸੇ ਦਾ, ਕਹਿੰਦੇ ਗੱਲ ਈ ਨਈਂ ਕੋਈ। ਇਨ੍ਹਾਂ ਦੇ ਲਾਡ ਨੇ ਤਾਂ ਵਿਗਾੜਿਐ। ਮੈਂ ਤਾਂ ਓਦਣ ਈ ਰੋਕਿਆ ਸੀ, ਜਿੱਦਣ ਗਿੱਧੇ ਗੁੱਧੇ 'ਚ ਲੱਗੀ ਸੀ। ਭਰ ਲੈਂਦੀ ਸੀ ਬਾਹਾਂ ਚੂੜੀਆਂ ਨਾਲ", ਬਲਦੇਵ ਕੁਰ ਦੇ ਬੋਲ ਜਾਂਦੇ ਗਿਆਨ ਸਿੰਘ ਨੂੰ ਵੀ ਸੁਣੇ। ਦੀਪੀ ਅਜੇ ਤੱਕ ਕੁਝ ਵੀ ਨਹੀਂ ਬੋਲੀ ਸੀ। ਉਸਦੀਆਂ ਅੱਖਾਂ ਵਿਚ ਹੰਝੂਆਂ

ਨਾਲ ਡਰ ਤੇ ਗੁੱਸਾ ਰਲਿਆ ਹੋਇਆ ਸੀ।

ਗਿਆਨ ਸਿੰਘ ਨੇ ਆਪਣੇ ਕਮਰੇ ਵਿਚ ਆ ਕੇ ਪੈਂਟ ਸ਼ਰਟ ਲਾਹ ਦਿੱਤੀ ਤੇ ਕੁੜਤਾ ਪਜਾਮਾ ਪਾ ਲਿਆ। ਸਿਰ 'ਤੇ ਪੀਲਾ ਪਰਨਾ ਬੰਨ੍ਹ ਲਿਆ। ਦਾੜ੍ਹੀ 'ਚ ਪਾਈ ਡੋਰ ਕੱਢ ਦਿੱਤੀ। ਬੈੱਡ ਉੱਪਰ ਢੋਅ ਲਾ ਕੇ ਬੈਠ ਗਿਆ। ਉਸਨੂੰ ਦੀਪੀ ਦਾ ਚੁੱਪ ਬੈਠਣਾ ਚੰਗਾ ਨਈਂ ਲੱਗਿਆ ਸੀ। 'ਉਹ ਕੁਝ ਵੀ ਬੋਲੀ ਕਿਉਂ ਨਈਂ, ਮਰ ਜਾਣੀ', ਉਸ ਸੋਚਿਆ। ਉਸ ਨੂੰ ਯਾਦ ਆਇਆ ਕਿ ਕੱਲ੍ਹ ਨੂੰ ਦੀਪੀ ਦਾ ਜਨਮ ਦਿਨ ਐ। ਵੀਹ ਜੂਨ, ਉਨੀਵਾਂ ਜਨਮ ਦਿਨ।

ਗਿਆਨ ਸਿੰਘ ਦੀ ਸੋਚ ਅਠਾਰਾਂ ਸਾਲ ਪਿੱਛੇ ਚਲੀ ਗਈ। ਅੱਜ ਤੋਂ ਠੀਕ ਅਠਾਰਾਂ ਸਾਲ ਪਹਿਲਾਂ ਦੀਪੀ ਦਾ ਜਨਮ ਹੋਇਆ ਸੀ। ਰਮਨ ਦੇ ਜਨਮ ਤੋਂ ਪੰਜ ਸਾਲ ਬਾਅਦ। ਜਿਸ ਰਾਤ ਦੀਪੀ ਪੈਦਾ ਹੋਈ ਸੀ ਉਸ ਰਾਤ ਬਹੁਤ ਹਨ੍ਹੇਰੀ ਆਈ ਸੀ। ਕਾਲੀ ਬੋਲੀ ਹਨੇਰੀ। ਦਰੱਖਤ ਪੁੱਟ ਸੁੱਟੇ ਸਨ ਹਨ੍ਹੇਰੀ ਨੇ। ਉਹਨਾਂ ਨੂੰ ਵਗਦੀ ਹਨ੍ਹੇਰੀ ਵਿਚ ਹੀ ਹਸਪਤਾਲ ਜਾਣਾ ਪਿਆ ਸੀ। ਮੰਡੀ ਦਾ ਹਸਪਤਾਲ ਉਨ੍ਹਾਂ ਦੇ ਪਿੰਡੋਂ ਪੰਦਰਾਂ ਮੀਲ ਸੀ। ਕਈ ਵਾਰ ਲੱਗਿਆ ਸੀ ਕਿ ਹਨ੍ਹੇਰੀ ਜੀਪ ਨੂੰ ਉਲਟਾ ਦੇਵੇਗੀ। ਜਦ ਹਨ੍ਹੇਰੀ ਦਾ ਤੇਜ਼ ਘਰੋਲਾ, ਆਉਂਦਾ, ਡਰਾਈਵਰ ਜੀਪ ਰੋਕ ਲੈਂਦਾ। ਜਦ ਉਹ ਮੰਡੀ ਪੁੱਜੇ ਤਾਂ ਹਨ੍ਹੇਰੀ ਪਹਿਲਾਂ ਘੱਟ ਹੋਈ ਫਿਰ ਰੁਕ ਗਈ। ਹਨ੍ਹੇਰੀ ਤੋਂ ਪਿੱਛੋਂ ਛਰਾਟੇ ਦਾ ਮੀਂਹ ਪਿਆ, ਥੋੜ੍ਹਾ ਜਿਹਾ। ਅਸਮਾਨ ਵਿਚ ਚੜ੍ਹੀ ਗਰਦ ਬੈਠ ਗਈ। ਤਪਦੇ ਜੂਨ ਦੇ ਮਹੀਨੇ ਵਿਚ ਮੀਂਹ ਨਾਲ ਮੰਡੀ ਸ਼ਿਮਲਾ ਬਣ ਗਈ। ਉਸੇ ਸਮੇਂ ਦੀਪੀ ਦਾ ਜਨਮ ਹੋਇਆ। ਵੀਹ ਜੂਨ ਨੂੰ। ਸਵੇਰੇ ਸਵਾ ਚਾਰ ਵਜੇ।

ਦੀਪੀ ਦਾ ਜਨਮ ਸੌਖਾ ਹੀ ਹੋ ਗਿਆ ਸੀ। ਆਪਰੇਸ਼ਨ ਨਾ ਵੱਡਾ ਨਾ ਛੋਟਾ। ਸਭ ਨੇ ਸੁੱਖ ਦਾ ਸਾਹ ਲਿਆ। ਗਿਆਨ ਸਿੰਘ ਹਸਪਤਾਲ ਦੇ ਵਰਾਂਡੇ 'ਚੋਂ ਬਾਹਰ ਆ ਗਿਆ। ਉਥੇ ਦਵਾਈਆਂ ਦੀ ਹਵਾੜ ਨੇ ਸਭ ਦਾ ਸਾਹ ਲੈਣਾ ਦੁੱਭਰ ਕੀਤਾ ਹੋਇਆ ਸੀ। ਉਸ ਬਾਹਰ ਆ ਲੰਬੇ-ਲੰਬੇ ਸਾਹ ਲਏ। ਮੀਂਹ ਕਾਰਨ ਮੌਸਮ ਬਹੁਤ ਖੁਸ਼ਗਵਾਰ ਹੋਇਆ ਪਿਆ ਸੀ। ਠੰਡੀ ਹਵਾ ਰੁਮਕ ਰਹੀ ਸੀ। ਉਹ ਅਜੇ ਆਪੇ ਵਿਚ ਹੀ ਮਸਤ ਸੀ ਕਿ ਸ਼ੋਰ-ਸ਼ਰਾਬੇ ਨੇ ਉਸਦਾ ਧਿਆਨ ਖਿੱਚ ਲਿਆ। ਉਸ ਵੇਖਿਆ ਖਾਸੀ ਭੀੜ ਸੀ। ਵਰਾਂਡੇ ਵਿਚ ਬੂਹ-ਕੁਰਲਾਟ ਮੱਚਿਆ ਹੋਇਆ ਸੀ।

ਉਹ ਭੀੜ ਵਿਚ ਜਾ ਖੜਾ। ਗੱਲ ਦੀ ਬਿੜਕ ਲੈਣ ਲੱਗਾ। ਆਸੇ ਪਾਸੇ ਵੇਂਹਦਿਆਂ ਉਸਦੀ ਨਜ਼ਰ ਸ਼ਿੰਗਾਰੇ 'ਤੇ ਜਾ ਪਈ। ਸ਼ਿੰਗਾਰਾ ਉਸ ਦਾ ਜਮਾਤੀ ਰਿਹਾ ਸੀ। ਉਸ ਸ਼ਿੰਗਾਰੇ ਦੇ ਮੋਢੇ 'ਤੇ ਹੱਥ ਜਾ ਰੱਖਿਆ, "ਕੀ ਹੋ ਗਿਆ ਸ਼ਿੰਗਾਰਾ ਸਿਆਂ.......?"

"ਭਾਊ ਰਾਤੀਂ ਲੜਾਈ ਹੋਗੀ ਖਾੜੇ 'ਚ। ਮੇਰੇ ਭਰਾ ਤੇ ਤਾਏ ਦੇ ਪੁੱਤਰ ਦੇ ਸੱਟਾਂ ਲੱਗੀਆਂ", ਗਿਆਨ ਸਿੰਘ ਨੂੰ ਸੰਬੋਧਨ ਹੋਇਆ ਸ਼ਿੰਗਾਰਾ।

"ਕਿਵੇਂ ਬਈ? ਕੋਈ ਦੁਸ਼ਮਣੀ ਸੀ ਜਾਂ ਹੋਰ ਰੌਲਾ-ਰੱਪਾ .......।"

"ਨਾ ਭਾਊ ਨਾ। ਨਾ ਕੋਈ ਵੈਰ-ਵਿਰੋਧ ਨਾ ਦੁਸ਼ਮਣੀ। ਖਾੜੇ 'ਚ ਵਾਰਨੇ ਕਰਨ 'ਤੇ ਝਗੜ ਪਏ। ਦੋਵੇਂ ਧਿਰਾਂ ਸ਼ਰਾਬੀ ਸਨ। ਸਿਰ ਪਾਟ ਗਏ। ਸੱਟਾਂ ਉਨ੍ਹਾਂ ਦੇ ਵੀ ਤੇ ਸਾਡਿਆਂ ਦੇ ਵੀ........।"

"ਮਾੜਾ ਹੋਇਆ ਬਾਈ, ਇਹ ਖਾੜੇ ਵੀ ......." ਗਿਆਨ ਸਿੰਘ ਨੇ ਗੱਲ ਅਧੂਰੀ ਛੱਡ ਦਿੱਤੀ।

ਇਨੇ ਨੂੰ ਇਕ ਬੰਦਾ ਸ਼ਿੰਗਾਰੇ ਨੂੰ ਬੁਲਾ ਕੇ ਲੈ ਗਿਆ। ਸ਼ਿੰਗਾਰਾ ਤੇਜ਼ੀ ਨਾਲ ਉਧਰ ਨੂੰ ਤੁਰ ਪਿਆ। ਗਿਆਨ ਸਿੰਘ ਨੇ ਉਥੇ ਹੀ ਛੱਡ ਕੇ .......।



ਗਿਆਨ ਸਿੰਘ ਨੂੰ ਯਾਦ ਆਇਆ ਕਿ ਦੋਵਾਂ ਧਿਰਾਂ ਨੇ ਡਾਕਟਰ ਤੇ ਪੁਲੀਸ ਨੂੰ ਪੈਸੇ ਦਿੱਤੇ ਸਨ। ਛੱਬੀ ਜਾਂ ਤਿੰਨ ਸੌ ਸੱਤ ਬਣਾਉਣ ਲਈ। ਡਾਕਟਰ ਤੇ ਥਾਣੇਦਾਰ ਨੇ ਦੋਵਾਂ ਧਿਰਾਂ ਤੋਂ ਪੈਸੇ ਲੈ ਲਏ ਸਨ। ਸੱਟਾਂ ਦੋਵੇਂ ਪਾਸੀਂ ਇਕੋ ਜਿਹੀਆਂ ਸਨ। ਡਾਕਟਰ ਨੇ ਦੋਵੇਂ ਧਿਰਾਂ ਦੀ ਛੱਬੀ ਬਣਾ ਦਿੱਤੀ। ਥਾਣੇਦਾਰ ਨੇ ਕਰਾਸ ਕੇਸ ਬਣਾਉਣ ਦੇ ਦਬਕੇ ਮਾਰ-ਮਾਰ ਰਾਜ਼ੀਨਾਮਾ ਕਰਵਾ ਦਿੱਤਾ।

"ਲੈ ਲਿਆ ਖਾੜੇ ਦਾ ਸਵਾਦ..........," ਰਾਜ਼ੀਨਾਮੇ ਸਮੇਂ ਇਕੱਠ 'ਚੋਂ ਕਿਸੇ ਨੇ ਕਿਹਾ ਸੀ ਤੇ ਫਿਰ ਚਾਰੇ ਪਾਸੇ ਹਾਸੜ ਪੈ ਗਿਆ ਸੀ।

"ਲਓ ਚਾਹ ..........," ਬਲਦੇਵ ਕੁਰ ਗਿਆਨ ਸਿੰਘ ਨੂੰ ਅਤੀਤ 'ਚੋਂ ਵਰਤਮਾਨ ਵਿਚ ਖਿੱਚ ਲਿਆਈ। ਗਿਆਨ ਸਿੰਘ ਤੁਰੀ ਜਾਂਦੀ ਬਲਦੇਵ ਕੁਰ ਦੀ ਪਿੱਠ ਵੇਂਹਦਾ ਰਿਹਾ। ਜਦੋਂ ਤੱਕ ਉਹ ਅੱਖੋਂ ਉਹਲੇ ਨਾ ਹੋ ਗਈ। ਦੀਪੀ ਬਲਦੇਵ ਕੁਰ 'ਤੇ ਗਈ ਸੀ। ਤਿੱਖਾ ਨੱਕ, ਜਵਾਂ ਆਪਣੀ ਮਾਂ ਵਰਗਾ। ਉਹੀ ਰੰਗ, ਨਾ ਬਹੁਤਾ ਕਾਲਾ ਨਾ ਗੋਰਾ ਸਾਂਵਲਾ ਜਿਹਾ। ਜਿਵੇਂ ਬਲਦੇਵ ਕੁਰ ਅੱਜ ਤੋਂ ਪੱਚੀ ਸਾਲ ਪਹਿਲਾਂ ਸੀ ਦੀਪੀ ਅੱਜ ਉਵੇਂ ਲੱਗਦੀ ਹੈ।

"ਲੈ ਆਪਣੀ ਦੀਪੀ ਨੂੰ ਅਣਗਿਣਤ ਵਰ੍ਹਾ ਲੱਗ ਗਿਆ। ਸਿਆਣੇ ਕਹਿੰਦੇ ਨੇ ਇਹ ਸਾਲ ਭਾਰੀ ਹੁੰਦੈ। ਸੌ ਇੱਲ ਬਲਾਵਾਂ ਪੈਂਦੀਆਂ ਨੇ। ਇਹ ਵਰ੍ਹਾਂ ਲੱਘ ਜੇ ਸੁੱਖੀ ਸਾਂਦੀ ..........," ਦੀਪੀ ਨੂੰ ਜਦੋਂ ਅਠਾਰਵਾਂ ਸਾਲ ਲੱਗਿਆ ਸੀ ਤਾਂ ਇਕ ਦਿਨ ਬਲਦੇਵ ਕੁਰ ਨੇ ਇਹ ਗਿਆਨ ਸਿੰਘ ਨੂੰ ਕਿਹਾ ਸੀ।

ਗਿਆਨ ਸਿੰਘ ਨੂੰ ਬਚਪਨ ਵਿਚ ਆਪਣੀ ਮਾਂ ਤੋਂ ਸੁਣਿਆ ਯਾਦ ਆਇਆ 'ਭਾਈ ਜੁਆਕ ਲਈ ਅੱਠਵਾਂ ਅਤੇ ਅਠਾਰਵਾਂ ਸਾਲ ਭਾਰੀ ਹੁੰਦੇ ਨੇ। ਉਮਰ ਦੇ ਇਨ੍ਹਾਂ ਸਾਲਾਂ ਵਿਚ ਬੱਚੇ ਦੀ ਜਾਨ ਨੂੰ ਖਤਰਾ ਹੁੰਦੈ।' ਪੰਜਾਬ ਦੇ ਅਨਪੜ੍ਹ ਪੇਂਡੂ ਲੋਕਾਂ ਵਿਚ ਇਹ ਵਹਿਮ ਬਹੁਤ ਪ੍ਰਚੱਲਤ ਸੀ। ਉਮਰ ਦੱਸਣ ਵੇਲੇ ਅੱਠ ਜਾਂ ਅਠਾਰਾਂ ਸਾਲ ਕਹਿਣ ਦੀ ਥਾਂ 'ਤੇ ਅਣਗਿਣਤ ਵਰ੍ਹਾ ਕਹਿੰਦੇ ਲੋਕ ਗਿਆਨ ਸਿੰਘ ਨੇ ਆਮ ਸੁਣੇ ਸਨ। ਆਪਣੇ ਬਚਪਨ ਸਮੇਂ ਉਸ ਇਕ ਗੀਤ ਨੂੰ ਬਨੇਰਿਆਂ 'ਤੇ ਵਜਦਾ ਸੁਣਿਆ ਸੀ।

**"..... ਸਤਾਰਾਂ ਵਰ੍ਹੇ ਮੇਰੇ ਸੁੱਖ ਨਾਲ ਬੀਤਗੇ**
**ਅਠਾਰਵਾਂ ਵਰ੍ਹਾ ਤਾਂ ਚੜ੍ਹ ਵੇ ਗਿਆ,**
**ਪੱਟੇ ਗਏ ਵੈਰੀਆਂ ਨਾਗ ਲੜ ਵੇ ਗਿਆ....।"**

ਗਿਆਨ ਸਿੰਘ ਇਨ੍ਹਾਂ ਘੁੰਮਣ ਘੇਰੀਆਂ ਵਿਚ ਫਿਰਦਾ ਸੀ ਕਿ ਉਸਨੂੰ ਦੀਪੀ ਲੰਘਦੀ ਦਿਸੀ। ਉਸਨੂੰ ਦੀਪੀ ਦਾ ਬਚਪਨ ਚੇਤੇ ਆ ਗਿਆ। ਉਨ੍ਹਾਂ ਕਦੇ ਮੁੰਡੇ ਕੁੜੀ ਵਿਚ ਫ਼ਰਕ ਨਹੀਂ ਸਮਝਿਆ ਸੀ। ਦੋਵਾਂ ਨੂੰ ਬਰਾਬਰ ਚੀਜ਼ਾਂ ਲਿਆ ਕੇ ਦਿੰਦੇ। ਅੱਠਵੀਂ ਤੱਕ ਰਮਨ੍ਹ ਨੇ ਰੋਟੀ ਹਮੇਸ਼ਾ ਦੀਪੀ ਨਾਲ ਖਾਧੀ ਸੀ। ਇਕੋ ਕੌਲੀ ਵਿਚ ਦਾਲ-ਸਬਜ਼ੀ, ਇਕੋ ਪਲੇਟ ਵਿਚ ਰੋਟੀਆਂ। ਇਕੋ ਗਿਲਾਸ ਵਿਚ ਪਾਣੀ। ਕਈ ਵਾਰ ਤਾਂ ਉਹ ਅਚਾਰ ਦੀ ਇਕੋ ਫਾੜੀ ਨਾਲ ਸਾਰ ਲੈਂਦੇ। ਅਚਾਰ ਪਲੇਟ ਵਿਚ ਰੱਖ ਕੇ ਆਪਣੀ-ਆਪਣੀ ਬੁਰਕੀ ਘਸਾਈ ਜਾਂਦੇ। ਛੋਟੀ ਹੋਣ ਕਾਰਨ ਦੀਪੀ ਜ਼ਿੱਦ ਵੱਧ ਕਰਦੀ। ਰਮਨ ਉਸਦਾ ਗੁੱਸਾ ਘੱਟ ਕਰਦਾ। ਨਿੱਕੀ ਹੁੰਦੀ ਦੀਪੀ ਦੀਪੀ ਨੂੰ 'ਕਾਹਦੇ ਵਾਸਤੇ' ਨਹੀਂ ਕਹਿਣਾ ਆਉਂਦਾ ਸੀ। ਉਹ 'ਕਾਦੇ ਆਸਤੇ' ਆਖਦੀ। ਰਮਨ ਨੇ ਉਸਦਾ ਨਾਮ 'ਕ੍ਹਾਦੇ ਆਸਤੇ' ਰੱਖ ਲਿਆ ਸੀ। ਰਮਨ ਉਸਨੂੰ ਛੇੜਦਾ। ਦੀਪੀ ਉਸ ਨੂੰ ਮਾਰਨ ਪੈਂਦੀ। ਪਿੱਛੇ ਭੱਜਦੀ ਤੇ ਹੇਠਾਂ ਲਿਟਣ ਲੱਗ ਜਾਂਦੀ। ਗਿਆਨ ਸਿੰਘ ਅਤੇ ਬਲਦੇਵ ਕੁਰ ਉਹਨਾਂ ਨੂੰ ਵੇਖ-ਵੇਖ ਖੀਵੇ ਹੁੰਦੇ ਰਹਿੰਦੇ।

ਦੀਪੀ ਪੰਜ ਸਾਲ ਦੀ ਹੋਈ ਤਾਂ ਉਸਨੂੰ ਘਰ ਦੇ ਨੇੜੇ ਪਬਲਿਕ ਸਕੂਲ ਵਿਚ ਦਾਖਲ

ਕਰਾ ਦਿੱਤਾ। ਰਮਨ ਤੇ ਦੀਪੀ ਇਕੱਠੇ ਸਕੂਲ ਜਾਂਦੇ। ਉਹਨਾਂ ਦੀ ਪੜ੍ਹਾਈ ਅਤੇ ਜ਼ਰੂਰਤਾਂ ਦਾ ਪੂਰਾ ਖਿਆਲ ਰੱਖਿਆ ਜਾਂਦਾ। ਦੀਪੀ ਪੜ੍ਹਾਈ ਵਿਚ ਨਾ ਬਹੁਤੀ ਹੁਸ਼ਿਆਰ ਸੀ ਅਤੇ ਨਾ ਹੀ ਕਮਜ਼ੋਰ। ਅੱਠਵੀਂ ਜਮਾਤ ਤੱਕ ਉਹ ਖੋ-ਖੋ ਖੇਡਦੀ ਰਹੀ। ਖੇਡ ਵਿਚ ਉਸ ਕਈ ਇਨਾਮ ਵੀ ਜਿੱਤੇ।

ਗਿਆਨ ਸਿੰਘ ਨੇ ਕਾਲਜ ਪੜ੍ਹਦੇ ਸਮੇਂ ਸਾਹਿਤ ਦੀਆਂ ਕਿਤਾਬਾਂ ਤਾਂ ਪੜ੍ਹੀਆਂ ਸਨ ਪਰ ਹੁਣ ਉਸਨੂੰ ਪੜ੍ਹਨ ਦਾ ਬਹੁਤਾ ਸ਼ੌਕ ਨਹੀਂ ਸੀ ਰਿਹਾ। ਉਸਨੂੰ ਤਾਂ ਟਿਊਸ਼ਨਾਂ ਹੀ ਸਿਰ ਖੁਰਕਣ ਨਹੀਂ ਦਿੰਦੀਆਂ ਸਨ। ਪਰ ਉਹ ਦੋਵਾਂ ਬੱਚਿਆਂ ਨੂੰ ਬਾਲ ਰਸਾਲੇ ਜ਼ਰੂਰ ਲਿਆ ਕੇ ਦਿੰਦਾ। ਰਮਨ ਅਤੇ ਦੀਪੀ ਚਾਅ ਨਾਲ ਰਸਾਲੇ ਪੜ੍ਹਦੇ।

ਅੱਠਵੀਂ ਪਾਸ ਕਰਨ ਤੋਂ ਬਾਅਦ ਦੀਪੀ ਨੇ ਖੇਡਣਾ ਵੀ ਛੱਡ ਦਿੱਤਾ ਅਤੇ ਰਸਾਲੇ ਪੜ੍ਹਨੇ ਵੀ ਛੱਡ ਦਿੱਤੇ। ਨੌਵੀਂ ਜਮਾਤ ਵਿਚ ਉਸਨੇ ਸ਼ਹਿਰ ਦੇ ਨਾਮੀ ਪਬਲਿਕ ਸਕੂਲ ਵਿਚ ਦਾਖਲਾ ਲਿਆ। ਉਥੇ ਦੀਪੀ ਖੋ-ਖੋ ਖੇਡਣ ਦੀ ਥਾਂ ਗਿੱਧੇ ਦੀ ਟੀਮ ਵਿਚ ਹਿੱਸਾ ਲੈਣ ਲੱਗੀ। ਗਿਆਨ ਸਿੰਘ ਨੇ ਆਪ ਚਾਅ ਨਾਲ ਦੀਪੀ ਨੂੰ ਘੱਗਰਾ, ਲਹਿੰਗਾ, ਜੁੱਤੀਆਂ, ਚੁੰਨੀਆਂ ਲਿਆ ਕੇ ਦਿੱਤੀਆਂ। ਪਰਾਂਦੀ, ਚੂੜੀਆਂ ਅਤੇ ਹੋਰ ਨਿੱਕ-ਸੁੱਕ ਉਹ ਬਲਦੇਵ ਕੁਰ ਨਾਲ ਜਾ ਕੇ ਲੈ ਆਉਂਦੀ। ਚੂੜੀਆਂ ਨਾਲ ਹੈਂਗਰ ਭਰਿਆ ਰਹਿੰਦਾ। ਉਨ੍ਹਾਂ ਦੇ ਗਿੱਧੇ ਦੀ ਟੀਮ ਸ਼ਹਿਰ 'ਚ ਅਤੇ ਸ਼ਹਿਰੋਂ ਬਾਹਰ ਪ੍ਰੋਗਰਾਮਾਂ 'ਤੇ ਤੁਰੀ ਹੀ ਰਹਿੰਦੀ। ਇਸ ਸਮੇਂ ਉਹ ਟੀ.ਵੀ. ਬਹੁਤ ਵੇਖਦੀ, ਪੜ੍ਹਦੀ ਘੱਟ। ਹਰ ਵਕਤ ਟੀ.ਵੀ. ਮੂਹਰੇ ਬੈਠੀ ਰਹਿੰਦੀ। ਚੈਨਲ ਵੀ ਬਹੁਤ ਹੋ ਗਏ ਸਨ। ਇਕ ਹਟਾਉਂਦੀ ਦੂਜਾ ਲਾਉਂਦੀ। ਚਾਰ-ਪੰਜ ਤਾਂ ਪੰਜਾਬੀ ਦੇ ਚੈਨਲ ਹੀ ਸਨ। ਜਿਨ੍ਹਾਂ 'ਤੇ ਪੰਜਾਬੀ ਗੀਤ ਦਿਨ-ਰਾਤ ਚਲਦੇ ਰਹਿੰਦੇ। ਗੀਤਾਂ ਨਾਲ ਮਾਡਲ ਕੁੜੀਆਂ ਨੱਚਦੀਆਂ। ਜਿਨ੍ਹਾਂ ਦੇ ਬਹੁਤ ਘੱਟ ਕੱਪੜੇ ਪਾਏ ਹੁੰਦੇ। "ਤੂੰ ਕੁੜੀਏ ਪੜ੍ਹ ਵੀ ਲਿਆ ਕਰ ਕਿਸੇ ਵੇਲੇ, ਹਰ ਵਖਤ ਟੀ.ਵੀ. ਨਾਲ ਚਿੰਬੜੀ ਰਹਿੰਦੀ ਐਂ। ਨਾ ਕੰਮ ਨਾ ਪੜ੍ਹਾਈ। ਤੇਰਾ ਐਂ ਕਿਵੇਂ ਪੂਰਾ ਪਟੂ ........" ਕਦੇ-ਕਦੇ ਬਲਦੇਵ ਕੁਰ ਦੀਪੀ ਨੂੰ ਟੋਕਦੀ। ਗਿਆਨ ਸਿੰਘ ਜਦੋਂ ਕਦੇ ਕੋਲ ਹੁੰਦਾ ਕਹਿੰਦਾ, " ਚੱਲ ਕੋਈ ਨਈਂ, ਇਹਦੀ ਉਮਰ ਐ। ਪਰ ਦੀਪੀ ਪੜ੍ਹਿਆ ਵੀ ਕਰ ਮੇਰਾ ਪੁੱਤ ......।"

"ਊਂ ਊਂ ....... ਪੜ੍ਹਦੀ ਤਾਂ ਹਾਂ ਪਾਪਾ ਜੀ," ਦੀਪੀ ਬੋਲਦੀ।

ਗਿਆਨ ਸਿੰਘ ਨੂੰ ਯਾਦ ਆਇਆ। ਪਲੱਸ ਟੂ ਦਾ ਰਿਜ਼ਲਟ ਆਇਆ ਸੀ। ਦੀਪੀ ਉਸਨੂੰ ਆ ਚਿੰਬੜੀ ਸੀ। "ਪਾਪਾ, ਪਾਪਾ, ਮੈਂ ਪਾਸ ਹੋ ਗਈ।"

"ਵੈਰੀ ਗੁੱਡ, ਕਿੰਨੇ ਨੰਬਰ ਨੇ .....।"

"ਊਂ ਊਂ ...... ਪਾਪਾ ਊਂ ਊਂ ......" ਦੀਪੀ ਨੇ ਨੰਬਰ ਨਹੀਂ ਦੱਸੇ ਸਨ। ਜੋ ਬਾਅਦ 'ਚ ਪਤਾ ਲੱਗਿਆ ਸੀ ਕਿ ਨੰਬਰ ਕਾਫ਼ੀ ਘੱਟ ਸਨ। ਪਾਸ ਹੋਣ ਜੋਗੇ।

ਇਸੇ ਤਰ੍ਹਾਂ ਰਮਨ ਦੇ ਦਸਵੀਂ ਦੇ ਰਿਜ਼ਲਟ ਸਮੇਂ ਹੋਇਆ ਸੀ। ਰਮਨ ਨੇ ਵੀ ਨੰਬਰ ਨਹੀਂ ਦੱਸੇ ਸਨ। ਗਿਆਨ ਸਿੰਘ ਨੇ ਸੋਚਿਆ, "ਚਲੋ ਰਮਨ ਦਾ ਤਾਂ ਠੀਕ ਹੋ ਗਿਆ। ਦਾਅ ਲੱਗ ਗਿਆ ਨੌਕਰੀ ਦਾ।"

ਰਮਨ ਪਲੱਸ ਟੂ ਵਿਚ ਪੜ੍ਹਦਾ ਸੀ। ਸੂਬੇ ਵਿਚ ਨਵੀਂ ਸਰਕਾਰ ਬਣੀ ਸੀ। ਹਲਕਾ ਵਿਧਾਇਕ ਮੰਤਰੀ ਬਣ ਗਿਆ। ਉਹ ਗਿਆਨ ਸਿੰਘ ਦੇ ਨਾਲ ਪੜ੍ਹਦਾ ਸੀ ਅਤੇ ਕਾਲਜ ਦਾ ਯੂਨੀਅਨ ਲੀਡਰ ਸੀ। ਬਣਨ ਸਾਰ ਸਰਕਾਰ ਨੇ ਪੁਲੀਸ ਵਿਭਾਗ ਵਿਚ ਨੌਕਰੀਆਂ ਕੱਢੀਆਂ ਸਨ। ਗਿਆਨ ਸਿੰਘ ਨੇ ਰਮਨ ਦੀ ਬਾਂਹ ਮੰਤਰੀ ਨੂੰ ਫੜਾ ਦਿੱਤੀ। ਰਮਨ ਸਿਪਾਹੀ ਭਰਤੀ ਹੋ ਕੇ ਟਰੇਨਿੰਗ ਲਈ ਜਹਾਨ ਖੇਲਾਂ ਨੂੰ ਤੁਰ ਗਿਆ ਸੀ। ਇਹ ਗੱਲ ਪੁਰਾਣੀ ਹੈ, ਹੁਣ ਰਮਨ ਕੋਤਵਾਲੀ ਵਿਚ ਡਿਊਟੀ 'ਤੇ ਸੀ ਰਾਤ ਘਰੇ ਰਹਿੰਦਾ ਸੀ। ਉਹਨੇ



ਵਰਦੀ ਪਾਈ। ਸਕੂਟਰ ਗਿਆਨ ਸਿੰਘ ਨੇ ਲੈ ਕੇ ਜਾਣਾ ਸੀ। ਸਾਇਕਲ ਵਿਚ ਹਵਾ ਨਹੀਂ ਸੀ। ਉਹਨੇ ਅੱਜ ਕੋਤਵਾਲੀ ਦੀ ਥਾਂ ਪੁਲਸ ਲਾਈਨ ਜਾਣਾ ਸੀ। ਉੱਥੇ ਡੀ.ਆਈ.ਜੀ. ਗਿੱਲ ਮੁਆਇਨੇ ਆਇਆ ਹੋਇਆ ਸੀ। ਉਹ ਘਰੋਂ ਤੁਰ ਪਿਆ। ਪੁਲਸ ਲਾਈਨ ਕਿਹੜਾ ਬਹੁਤੀ ਦੂਰ ਸੀ ਤੇ ਨਾਲੇ ਟਾਈਮ ਵੀ ਪਿਆ ਸੀ। ਉਹ ਘਰੋਂ ਥੋੜ੍ਹੀ ਦੂਰ ਹੀ ਗਿਆ ਸੀ ਕਿ ਉਹਦੇ ਬਰਾਬਰ ਆ ਕੇ ਕਾਰ ਰੁਕੀ ਵਿਚ ਬਹਾਦਰ ਸੰਧੂ ਬੈਠਾ ਸੀ। ਉਹਨੇ ਰਮਨ ਤੋਂ ਪੁੱਛਿਆ ਕਿ ਉਹ ਕਿੱਥੇ ਚਲਿਆ ਹੈ। ਉਹਦੇ ਦੱਸਣ ਤੇ ਸੰਧੂ ਨੇ ਤਾਕੀ ਖੋਲ੍ਹੀ ਤੇ ਨਾਲ ਹੀ ਬੈਠਣ ਲਈ ਕਿਹਾ। ਸੰਧੂ ਵੀ ਗਿੱਲ ਨੂੰ ਮਿਲਣ ਹੀ ਚੱਲਿਆ ਸੀ। ਸੰਧੂ ਦੀ ਕਾਰ ਪੁਲਸ ਲਾਈਨ ਦੇ ਗੇਟ 'ਤੇ ਰੁਕਣ ਦੀ ਥਾਂ ਸਿੱਧੀ ਰੈਸਟ ਹਾਊਸ ਮੂਹਰੇ ਰੋਕੀ। ਲਾਅਨ ਵਿਚ ਗਿੱਲ ਚਾਹ ਪੀ ਰਿਹਾ ਸੀ। ਉਹ ਨਾਈਟ ਸੂਟ ਵਿਚ ਸੀ। ਦੂਜੇ ਪੁਲਸ ਅਫ਼ਸਰ ਖੜ੍ਹੇ ਸਨ। ਪਹਿਲਾਂ ਰਮਨਦੀਪ ਉਤਰਿਆ, ਫੇਰ ਸੰਧੂ। ਉਹ ਸਿੱਧਾ ਲਾਅਨ ਵੱਲ ਹੋ ਲਿਆ। ਗਿੱਲ ਨੇ ਉੱਠ ਕੇ ਸੰਧੂ ਦਾ ਸਵਾਗਤ ਕੀਤਾ ਤੇ ਵਰਦੀ ਵਿਚ ਖੜ੍ਹੇ ਰਮਨ ਨੂੰ ਦੇਖ ਕੇ ਪੁੱਛਿਆ "ਉਹ ਮੁੰਡਾ ਕੌਣ ਆ?" ਸੰਧੂ ਨੇ ਕੁਰਸੀ 'ਤੇ ਬੈਠਦਿਆਂ, ਐਨੀ ਕੁ ਆਵਾਜ਼ 'ਚ ਕਿਹਾ ਕਿ ਰਮਨ ਨੂੰ ਸਾਫ਼ ਸੁਣ ਜਾਵੇ, "ਉਹ ਆਪਣਾ ਛੋਟਾ ਭਰਾ ਹੀ ਸਮਝੋ।" ਇਹ ਗੱਲ ਸੁਣ ਕੇ ਰਮਨਦੀਪ ਦੇ ਕੰਨਾਂ ਵਿਚ ਸਾਂ-ਸਾਂ ਹੋਣ ਲੱਗ ਪਈ। ਉਹਨੇ ਸੰਧੂ ਵਲ ਹੱਥ ਚੁੱਕਿਆ ਤੇ ਲਾਈਨ ਵੱਲ ਤੁਰ ਪਿਆ। ਉਹਦੇ ਕੰਨਾਂ ਵਿਚ ਸਾਰਾ ਦਿਨ ਸੰਧੂ ਦੇ ਕਹੇ ਸ਼ਬਦ ਗੂੰਜਦੇ ਰਹੇ। ਉਸਨੇ ਸੋਚਿਆ ਕਿ ਸੰਧੂ ਤਾਂ ਬਹੁਤ ਕੰਮ ਦਾ ਬੰਦਾ ਹੈ। ਉਹ ਮੇਰੀ ਪ੍ਰਮੋਸ਼ਨ ਵੀ ਕਰਵਾ ਸਕਦਾ। ਥੋੜ੍ਹੇ ਸਮੇਂ ਵਿਚ ਉਹਦੇ ਸਵੇਰ ਵਾਲੇ ਵਿਚਾਰ ਬਦਲ ਗਏ ਤੇ ਉਹਨੇ ਦੀਪੀ ਤੋਂ ਕੰਟੈਕਟ ਫਾਰਮ ਭਰਵਾਉਣ ਦਾ ਮਨ ਬਣਾ ਲਿਆ।

ਗਿਆਨ ਸਿੰਘ ਯਾਦਾਂ ਦੇ ਜਹਾਜ਼ ਚੜ੍ਹਿਆ ਫਿਰਦਾ ਸੀ ਕਿ ਬਿਜਲੀ ਚਲੀ ਗਈ। ਪੱਖਾ ਬੰਦ ਹੋ ਗਿਆ। ਗਿਆਨ ਸਿੰਘ ਵਾਪਸ ਵਰਤਮਾਨ ਵਿਚ ਪਰਤ ਆਇਆ। ਉਹ ਬੈੱਡ ਤੋਂ ਉੱਠਿਆ। ਝੱਟ ਬਿਜਲੀ ਆ ਗਈ। ਫਿਰ ਉਹ ਬੈਠਾ ਨਹੀਂ। ਕੁਝ ਚਿਰ ਇਧਰ-ਉਧਰ ਬੇਚੈਨ ਘੁੰਮਦਾ ਰਿਹਾ। ਫਿਰ ਦੀਪੀ ਦੇ ਕਮਰੇ ਨੂੰ ਹੋ ਗਿਆ। ਦੀਪੀ ਦਾ ਕਮਰਾ ਖੁੱਲ੍ਹਾ ਸੀ। ਉਹ ਢੋਅ ਲਾਈ ਬੈੱਡ 'ਤੇ ਬੈਠੀ ਸੀ। ਉਸ ਸਾਹਮਣੇ ਕੰਧ 'ਤੇ ਇਕ ਥਾਂ ਟਿਕ-ਟਿਕੀ ਲਾਈ ਹੋਈ ਸੀ। ਦੀਪੀ ਇਕ ਵਾਰ ਗਿਆਨ ਸਿੰਘ ਵੱਲ ਝਾਕੀ, ਫਿਰ ਉਸੇ ਥਾਂ ਨਿਗਾਹ ਗੱਡ ਲਈ। ਗਿਆਨ ਸਿੰਘ ਨਾਲ ਪਈ ਕੁਰਸੀ 'ਤੇ ਬੈਠ ਗਿਆ। ਉਹ ਕੁਝ ਚਿਰ ਚੁੱਪ ਰਿਹਾ।

"ਦੀਪੀ ਕੀ ਫੈਸਲਾ ਕੀਤੈ ਤੂੰ .......," ਸਪਾਟ ਸਵਾਲ ਸੀ ਗਿਆਨ ਸਿੰਘ ਦਾ ਪਰ ਦੂਰ ਕਿਤੇ ਡਰ ਤੇ ਮੋਹ ਸ਼ਬਦਾਂ ਵਿਚ ਰਚੇ-ਮਿਚੇ ਹੋਏ ਸਨ। ਚੁੱਪ ਵਰਤੀ ਰਹੀ। ਦੀਪੀ ਨਾ ਗਿਆਨ ਸਿੰਘ ਵੱਲ ਝਾਕੀ ਨਾ ਬੋਲੀ।

"ਬੇਟੇ ਦੱਸ ਵੀ ਤੂੰ ਕੀ ਚਾਹੁੰਨੀ ਐਂ। ਕੀ ਚੰਗਾ ਲੱਗਦੈ ਤੈਨੂੰ.......।"

"ਪਾਪਾ ਜੀ .......," ਐਨਾ ਕਹਿ ਦੀਪੀ ਫਿਰ ਚੁੱਪ ਕਰ ਗਈ।

"ਦੀਪੀ ਪੁੱਤਰ ਡਰ ਨਾ, ਸਾਫ਼-ਸਾਫ਼ ਦੱਸ ਜੋ ਤੈਨੂੰ ਠੀਕ ਲੱਗਦੈਂ। ਮੈਂ ਪਹਿਲਾਂ ਵੀ ਤੇਰੇ ਫੈਸਲੇ ਮੰਨੇ ਨੇ। ਪਰ ਠੀਕ ਫੈਸਲੇ .......," ਗਿਆਨ ਸਿੰਘ ਨੇ ਆਪਣੀ ਗੱਲ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ।

"ਪਾਪਾ ਜੀ ਮੈਂ ਗਲਤ ਨਹੀਂ। ਨਾ ਗਲਤ ਫੈਸਲਾ ਕਰਾਂ, ਆਪਣੀ ਜਾਚੇ.........," ਗਿਆਨ ਸਿੰਘ ਦੀਆਂ ਗੱਲਾਂ ਸੁਣ ਦੀਪੀ ਹੌਸਲਾ ਫੜ ਗਈ। ਉਹ ਫਿਰ ਬੋਲੀ, "ਪਰ ਪਾਪਾ ਜੀ ਮੰਮੀ ਤੇ ਵੀਰਾ ਮੈਨੂੰ ਦੋਸ਼ੀ ਕਿਉਂ ਮੰਨਦੇ ਨੇ ਜਦੋਂ ਕਿ ਮੈਂ ਕੋਈ ਕਸੂਰ ਨਈਂ

ਕੀਤਾ।"

"ਵੀਰਾ ਤੇ ਮੰਮੀ ਤੇਰੇ ਦੋਖੀ ਨਹੀਂ ਦੀਪੀ। ਉਹ ਤੇਰੇ ਭਲੇ ਦਾ ਹੀ ਸੋਚਦੇ ਨੇ। ਖੈਰ ਛੱਡ ਤੂੰ ਆਵਦੇ ਦਿਲ ਦੀ ਸਪੱਸ਼ਟ ਦੱਸ......।"

"ਪਾਪਾ ਜੀ ਮੇਰਾ ਕਾਂਟਰੈਕਟ ਭਰਨ ਨੂੰ ਦਿਲ ਕਰਦੈ। ਗਾਇਕੀ ਦੇ ਖੇਤਰ 'ਚ ਜਾਣ ਨੂੰ ਜੀਅ ਕਰਦੈ। ਇਸ ਫੀਲਡ ਵਿਚ ਫਿਊਚਰ ਬਹੁਤ ਬਰਾਈਟ ਐ ਪਾਪਾ ਜੀ .....।"

"ਦੀਪੀ ਬੇਟੇ ਇਹ ਠੀਕ ਐ ਗਾਇਕੀ 'ਚ ਪੈਸਾ ਐ, ਨਾਮ ਤੇ ਸ਼ੋਹਰਤ ਐ। ਪਰ ਪੁੱਤਰ ਏਸ ਫੀਲਡ ਵਿਚ ਰਿਸਪੈਕਟ ਨਹੀਂ, ਖਾਸ ਤੌਰ 'ਤੇ ਕੁੜੀਆਂ ਦੀ। ਨਵੀਆਂ ਆਈਆਂ ਕੁੜੀਆਂ ਦਾ ਸ਼ੋਸ਼ਣ ਬਹੁਤ ਹੁੰਦੈ.....।"

"ਪਾਪਾ ਜੀ ਉਹ ਵੇਲੇ ਲੰਘ ਗਏ ਜਦੋਂ ਗਾਉਣ ਨੂੰ ਕੰਜਰਾਂ ਕਲਾਲਾਂ ਦਾ ਕੰਮ ਕਿਹਾ ਜਾਂਦਾ ਸੀ। ਅੱਜਕੱਲ ਪੜ੍ਹੇ ਲਿਖੇ ਮੁੰਡੇ-ਕੁੜੀਆਂ ਇਸ ਫੀਲਡ 'ਚ ਆ ਰਹੇ ਨੇ," ਦੀਪੀ ਖੁੱਲ੍ਹ ਗਈ ਸੀ।

ਗਿਆਨ ਸਿੰਘ ਕੁਝ ਨਾ ਬੋਲਿਆ। ਉਸਨੂੰ ਦੀਪੀ ਦੀਆਂ ਗੱਲਾਂ ਗਲਤ ਨਹੀਂ ਲੱਗਦੀਆਂ ਸਨ। 'ਪਰ ਇਹ ਤਸਵੀਰ ਦਾ ਇਕ ਪਾਸਾ ਹੈ,' ਉਸ ਸੋਚਿਆ। ਦੀਪੀ ਨੇ ਫਿਰ ਉਵੇਂ ਟਿਕ-ਟਿਕੀ ਲਾ ਲਈ। ਹੁਣ ਖੁਸ਼ੀ ਦੀ ਮਹੀਨ ਜਿਹੀ ਚਮਕ ਉਸਦੇ ਚਿਹਰੇ ਉਪਰ ਆ ਗਈ ਸੀ।

ਗਿਆਨ ਸਿੰਘ ਸੋਚੀਂ ਪੈ ਗਿਆ। ਪੰਜਾਬ ਵਿਚ ਕਾਲੇ ਦਿਨਾਂ ਦੇ ਖਾਤਮੇ ਤੋਂ ਪਿੱਛੋਂ ਪੰਜਾਬੀ 'ਚ ਸੱਭਿਆਚਾਰਕ ਪ੍ਰੋਗਰਾਮਾਂ, ਸਭਿਆਚਾਰਕ ਮੇਲੇ, ਸੁਰਮਈ ਸ਼ਾਮਾਂ ਦਾ ਹੜ੍ਹ ਆ ਗਿਆ ਸੀ। ਨਿੱਤ ਨਵੇਂ ਗਾਇਕ ਜੰਮਦੇ, ਨਵੀਆਂ ਕੈਸਟ ਕੰਪਨੀਆਂ ਫੁੱਟਦੀਆਂ। ਕੈਸਟਾਂ, ਸੀਡੀਜ਼, ਵੀ ਸੀਡੀਜ਼ ਰਿਲੀਜ਼ ਹੁੰਦੀਆਂ। ਵੱਖ-ਵੱਖ ਚੈਨਲਾਂ ਉਪਰ ਪੰਜਾਬੀ ਗੀਤ ਸਾਰਾ-ਸਾਰਾ ਦਿਨ ਚੱਲਦੇ ਰਹਿੰਦੇ। ਜੇ ਇਕ ਗੀਤ ਜਾਂ ਕੈਸਟ ਸੁਪਰਹਿੱਟ ਹੁੰਦੀ ਤਾਂ ਹੋਰ ਕਈ ਡੁਪਰ ਹਿੱਟ। ਗਾਇਕ ਰਾਤੋ-ਰਾਤ ਸਟਾਰ ਗਾਇਕ ਬਣ ਜਾਂਦੇ। ਦਿਨਾਂ 'ਚ ਲੱਖਪਤੀ, ਕਰੋੜਪਤੀ ਬਣ ਜਾਂਦੇ। ਗਿਆਨ ਸਿੰਘ ਨੂੰ ਚੇਤਾ ਆਇਆ, ਉਸਦੇ ਸ਼ਹਿਰ ਦੀ ਗਾਇਕ ਕੁੜੀ ਪ੍ਰੀਤਮਾ ਚੌਹਾਨ ਦਿਨਾਂ 'ਚ ਹੀ ਸਟਾਰ ਗਾਇਕਾ ਬਣ ਗਈ ਨਾਲੇ ਕਰੋੜਪਤੀ। ਮਝੈਲ ਮੁੰਡਾ ਬਹਾਦਰ ਸੰਧੂ ਸਾਧਾਰਣ ਮੁੰਡਾ ਸੀ। ਸਾਦਾ ਜਿਹਾ ਘਰ, ਥੋੜ੍ਹੀ ਜਿਹੀ ਜ਼ਮੀਨ, ਸੋਹਣਾ ਰੱਜ ਕੇ, ਕਾਲਜ ਵਿਚ ਗਾਉਂਦਾ ਰਿਹਾ। ਯੂਨੀਵਰਸਿਟੀ ਅਤੇ ਅੰਤਰ ਯੂਨੀਵਰਸਿਟੀ ਮੁਕਾਬਲੇ ਵੀ ਜਿੱਤੇ। ਫਿਰ ਗਾਉਣ ਪਾਰਟੀ ਬਣਾ ਲਈ। ਪਰ ਦਾਲ ਨਾ ਗਲੀ। ਉਹਨੇ ਇਕ ਗੀਤ ਗਾਇਆ ਸੀ .......

"ਮਾਲਵੇ ਦਿਆ ਮਾਲਵੇ ਦਿਆ ਛੈਲ ਚੋਬਰਾ,
ਪਿਆਰਾ ਲੱਗਦੈਂ ਤੂੰ ਜਾਨ ਤੋਂ।
ਇਕ ਤੇਰੀ ਇਕ ਤੇਰੀ ਖੈਰ ਮੰਗਦੀ,
ਨਾ ਮੰਗਾਂ ਹੋਰ ਭਗਵਾਨ ਤੋਂ....."

ਇਸੇ ਇਕ ਗੀਤ ਨੇ ਬਹਾਦਰ ਸੰਧੂ ਨੂੰ ਹਿੱਟ ਕਰ ਦਿੱਤਾ। ਉਹ ਪ੍ਰਮੁੱਖ ਗਾਇਕਾਂ ਵਿਚ ਸ਼ਮਾਰ ਹੋ ਗਿਆ। ਇਹ ਕੈਸਟ ਤੇ ਸੀ.ਡੀ. ਐਨੀ ਵਿਕੀ ਕਿ ਸਾਰੇ ਰਿਕਾਰਡ ਤੋੜ ਦਿੱਤੇ। ਫਿਰ ਬਹਾਦਰ ਸੰਧੂ ਚੱਲ ਸੋ ਚੱਲ। ਅੱਜ ਬਹਾਦਰ ਸੰਧੂ ਕਰੋੜਪਤੀ ਹੈ। ਅੱਸੀ ਕਿੱਲੇ ਤਾਂ ਉਸ ਜ਼ਮੀਨ ਹੀ ਖਰੀਦ ਲਈ। ਜਵਾਹਰ ਨਗਰ ਵਿਚ ਸਮੁੰਦਰੀ ਜ਼ਹਾਜ਼ ਜਿੱਡੀ ਕੋਠੀ ਐ ਉਸਦੀ। ਸਭ ਤੋਂ ਮਹਿੰਗੀ ਕਾਰ ਬਹਾਦਰ ਸੰਧੂ ਕੋਲ ਹੁੰਦੀ ਹੈ।

ਉਸੇ ਬਹਾਦਰ ਸੰਧੂ ਦਾ ਕੰਟਰੈਕਟ ਫਾਰਮ ਆਇਐ ਦੀਪੀ ਨੂੰ। ਮਾਡਲ ਕੁੜੀ ਦੇ ਤੌਰ



'ਤੇ ਡਾਂਸ ਲਈ। ਕੰਟਰੈਕਟ ਦਾ ਚੇਤਾ ਆਉਂਦਿਆਂ ਹੀ ਗਿਆਨ ਸਿੰਘ ਬੋਲਿਆ, "ਦੀਪੀ ਚੱਲ, ਗਾਉਣਾ ਠੀਕ ਮੰਨ ਲਓ। ਪਰ ਗੀਤਾਂ ਨਾਲ ਮਾਡਲਿੰਗ, ਤੂੰ ਵੇਖਿਆ ਈ ਐ ਟੈਲੀਵਿਜ਼ਨ 'ਤੇ, ਕਿਵੇਂ ਅਰਧ ਨਗਨ ਅਵਸਥਾ 'ਚ ਹੁੰਦੀਆਂ ਨੇ ਛੀਂ-ਛੀਂ-ਛੀਂ।" "ਪਾਪਾ ਜੀ ਸਾਰੀਆਂ ਕੁੜੀਆਂ ਤਾਂ ਨਹੀਂ ਲਾਊਡ ਡਾਂਸਿੰਗ ਕਰਦੀਆਂ। ਤੁਸੀਂ ਵੇਖਿਆ ਨਹੀਂ ਅਬਲੂ ਅੰਕਲ ਕੇ ਵਿਆਹ 'ਤੇ ਕਿਵੇਂ ਕਲਚਰਡ ਸੀ ਸਾਰੀ ਪਾਰਟੀ," ਦੀਪੀ ਜਿਵੇਂ ਬੋਲਣਾ ਭਾਲਦੀ ਸੀ। ਉਸ ਗਿਆਨ ਸਿੰਘ ਦੀ ਗੱਲ ਭੁੰਜੇ ਨਾ ਡਿੱਗਣ ਦਿੱਤੀ।

ਗਿਆਨ ਸਿੰਘ ਨੂੰ ਯਾਦ ਆਇਆ ਉਸਦੇ ਦੋਸਤ ਟੀਚਰ ਦੇ ਲੜਕੇ ਦੇ ਵਿਆਹ ਵਿਚ ਆਰਕੈਸਟਰਾ ਪਾਰਟੀ ਨੇ ਸਭਿਅਕ ਗੀਤ ਪੇਸ਼ ਕੀਤੇ ਸਨ। ਗੀਤਾਂ 'ਤੇ ਨੱਚਣ ਵਾਲੇ ਮੁੰਡੇ ਕੁੜੀਆਂ ਦਾ ਪਹਿਰਾਵਾ ਵੀ ਠੀਕ ਸੀ। ਕੁੜਤੇ-ਚਾਦਰੇ। ਕੁੜੀਆਂ ਦੇ ਸਲਵਾਰ-ਕਮੀਜ਼ਾਂ, ਸਿਰ ਉੱਤੇ ਚੁੰਨੀਆਂ। ਕਈਆਂ ਦੇ ਸੱਗੀ ਫੁੱਲ। ਸਟੇਜ 'ਤੇ ਚਰਖੇ-ਚਾਟੀਆਂ, ਮਧਾਣੀਆਂ, ਛੱਜ, ਬੋਹਟੇ-ਪੂਣੀਆਂ, ਪੀੜ੍ਹੀਆਂ-ਮੂਹੜੇ ਰੱਖੇ ਹੋਏ ਸਨ। ਪ੍ਰਚੱਲਤ ਆਰਕੈਸਟਰਾ ਤੋਂ ਵੱਖਰਾ ਤੇ ਨਿਵੇਕਲਾ। "ਉਹ ਠੀਕ ਐ, ਪਰ ਤੂੰ ਵੇਖ ਪੰਜਾਬੀ ਗਾਇਕੀ 'ਤੇ ਪੱਛਮੀ ਪ੍ਰਭਾਵ ਬਹੁਤ ਹੋ ਗਿਆ ਹੈ। ਪੌਪ ਗਾਇਕੀ ਦੇ ਨਾਮ 'ਤੇ ਬਹੁਤ ਗਲਤ-ਮਲਤ ਹੋ ਰਿਹਾ ਹੈ। ਪੌਪ ਗਾਇਕੀ ਪੱਛਮੀ ਦੇਸ਼ਾਂ ਦਾ ਕਲਚਰ ਹੋ ਸਕਦਾ ਹੈ। ਪਰ ਸਾਡਾ ਕਲਚਰ ਅਣਖ, ਸ਼ਰਮ-ਹੱਯਾ ਤੇ ਸੂਰਬੀਰਤਾ ਦਾ ਕਲਚਰ ਹੈ। ਜੇ ਇਹ ਖਤਮ ਹੋ ਗਿਆ ਤਾਂ .....।"

"ਪਾਪਾ ਜੀ ਤੁਸੀਂ ਗਲਤ ਨਾ ਸਮਝੋ ਮੈਨੂੰ, ਮਾਡਲਿੰਗ ਮੇਰੀ ਮੰਜ਼ਿਲ ਨਹੀਂ। ਇਹ ਤਾਂ ਇਕ ਚਾਨਸ ਐ। ਮੈਂ ਇਸ ਖੇਤਰ ਵਿਚ ਐਂਟਰ ਕਰਨਾ ਚਾਹੁੰਦੀ ਹਾਂ। ਸਿਰਫ਼ ਇਕ ਸਾਲ ਦਾ ਤਾਂ ਕਾਂਟਰੈਕਟ ਹੈ ਸੰਧੂ ਭਾਅ ਜੀ ਦਾ। ਉਸ ਤੋਂ ਬਾਅਦ ਮੈਂ ਗਾਇਕੀ 'ਚ ਜਾਵਾਂਗੀ। ਫੇਰ ਵੇਖਿਓ........" ਦੀਪੀ ਬੋਲ ਰਹੀ ਸੀ। ਗਿਆਨ ਸਿੰਘ ਸੁਣ ਰਿਹਾ ਸੀ। ਉਨ੍ਹਾਂ ਨੂੰ ਪਤਾ ਈ ਨਾ ਲੱਗਾ ਕਦੋਂ ਬਲਦੇਵ ਕੁਰ ਉਥੇ ਆ ਕੇ ਖੜ੍ਹ ਗਈ। ਦੀਪੀ ਦੀ ਗੱਲ ਸੁਣ ਕੇ ਉਹ ਬੋਲ ਉੱਠੀ, "ਹੇਖਾਂ ਕੀ ਕਰਦੀ ਐ ਦੀਪੀ ਘੜੀਪੀ, ਮੈਂ ਨਈਂ ਜਾਣ ਦੇਣਾ, ਤੀਹੋ ਕਾਲ, ਭਾਵੇਂ ਕੁਝ ਹੋ ਜੇ।" "ਇਕ ਮਿੰਟ, ਇਕ ਮਿੰਟ, ਗੱਲ ਸੁਣ, " ਗਿਆਨ ਸਿੰਘ ਨੇ ਬਲਦੇਵ ਕੁਰ ਨੂੰ ਰੋਕਿਆ ਤੇ ਫਿਰ ਦੀਪੀ ਨੂੰ ਸੰਬੋਧਨ ਹੋਇਆ, "ਦੀਪੀ ਤੇਰਾ ਫੈਸਲਾ ਠੀਕ ਨਹੀਂ। ਅਜੇ ਤੈਨੂੰ ਪੜ੍ਹਨਾ ਚਾਹੀਦੈ, ਸਿਰਫ਼ ਪੜ੍ਹਨਾ। ਬੀ.ਏ. ਕਰ ਭਵਿੱਖ ਬਾਰੇ ਫਿਰ ਸੋਚਾਂਗੇ। ਜੇ ਤੈਨੂੰ ਗਾਉਣ 'ਚ ਇੰਟਰੈਸਟ ਐ, ਤਾਂ ਰਿਆਜ਼ ਕਰ। ਭਾਵੇਂ ਸੰਗੀਤ ਦੀ ਟਿਊਸ਼ਨ ਰੱਖ ਲੈ। ਆਹ ਮਾਡਲਿੰਗ ਠੀਕ ਨਹੀਂ.........." ਇਹ ਕਹਿ ਗਿਆਨ ਸਿੰਘ ਉਠ ਆਇਆ। ਬਿਨਾਂ ਕੋਈ ਜਵਾਬ ਸੁਣੇ। ਪ੍ਰਤੀਕਰਮ ਉਡੀਕੇ।

ਉਸ ਹੱਥ ਮੂੰਹ ਧੋਤੇ। ਰਹਿਰਾਸ ਦਾ ਪਾਠ ਕੀਤਾ। ਉਸਦਾ ਮਨ ਪਾਠ 'ਚੋਂ ਕਈ ਵਾਰ ਉਖੜਦਾ ਰਿਹਾ। ਮਨ ਵਿਚ ਤਣਾਓ ਕਾਰਨ ਮਨ ਭਟਕਦਾ ਰਿਹਾ। ਉਹ ਰੋਟੀ ਖਾ ਰਿਹਾ ਸੀ ਕਿ ਰਮਨ ਪੁਲੀਸ ਲਾਈਨ 'ਚੋਂ ਸ਼ਾਮ ਦੀ ਗਿਣਤੀ ਕਰਾ ਕੇ ਵਾਪਸ ਆ ਗਿਆ ਤੇ ਛੜੱਪੇ ਭਰ ਚੁਬਾਰੇ ਦੀਆਂ ਪੌੜੀਆਂ ਚੜ੍ਹਦਾ ਅੱਧ 'ਚੋਂ ਵਾਪਸ ਮੁੜ ਗਿਆਨ ਸਿੰਘ ਕੋਲ ਆ ਕੇ ਬੋਲਿਆ, "ਭਾਪਾ ਜੀ ਸੰਧੂ ਭਾਅ ਜੀ ਮਿਲਿਆ ਸੀ।" "ਫੇਰ ....." ਗਿਆਨ ਸਾਰਾ ਪ੍ਰਸ਼ਨ ਚਿੰਨ੍ਹ ਬਣ ਗਿਆ। "ਦੀਪੀ ਬਾਰੇ ਕਹਿੰਦਾ ਸੀ। ਕੰਟਰੈਕਟ ਭਰਨ ਬਾਰੇ। ਚਲੋ ਭਾਪਾ ਜੀ ਜੇ ਮਨ ਐ ਤਾਂ ਜਾਣ ਦਿਓ। ਪੜ੍ਹ ਕੇ ਕਿਹੜਾ ਡੀ.ਸੀ. ਲੱਗਜੂ .....।" ਇਹ ਕਹਿੰਦਾ ਰਮਨ ਪੌੜੀਆਂ ਚੜ੍ਹਦਾ ਬੋਲਿਆ, "ਏ ਦੀਪੀ ਸੀ.ਡੀ. ਵੇਖਣੀ ਐ ਤਾਂ ਆਜਾ। ਔਹ ਵੇਖੋ ਔਹ ਵੇਖੋ ਸੜਕਾਂ ਤੇ....।"

"ਔਹ ਵੇਖੋ ਸੜਕਾਂ ਤੇ ਅੱਗ ਤੁਰੀ ਜਾਂਦੀ ਐ .....।" ਇਹ ਗੀਤ ਬਹੁਤ ਮਸ਼ਹੂਰ

ਹੋਇਆ ਸੀ। ਗਿਆਨ ਸਿੰਘ ਨੂੰ ਚੇਤਾ ਆਇਆ ਕਿ ਇਸ ਗੀਤ ਦੀ ਬਹੁਤ ਚਰਚਾ ਹੋਈ ਸੀ। ਕੁੜੀ ਨੂੰ ਅੱਗ ਕਹਿਣ 'ਤੇ ਵੱਖ-ਵੱਖ ਪ੍ਰਤੀਕਰਮ ਹੋਏ ਸਨ।

ਗਿਆਨ ਸਿੰਘ ਇਹਨਾਂ ਵਹਿਣਾਂ ਵਿਚ ਵਹਿੰਦਾ ਦੂਰ ਚਲਾ ਗਿਆ। ਉਸਨੂੰ ਪਤਾ ਈ ਨਾ ਲੱਗਿਆ ਕਿ ਕਦ ਉਸਦੀ ਸੋਚ ਜਵਾਨੀ ਵਾਲੇ ਦਿਨਾਂ ਵਿਚ ਚਲੀ ਗਈ। ਉਨ੍ਹਾਂ ਸਮਿਆਂ ਵਿਚ ਗਿਆਨ ਸਿੰਘ ਨੂੰ ਖਾੜੇ ਵੇਖਣ ਦਾ ਬਹੁਤ ਸ਼ੌਕ ਸੀ। ਉਹ ਦੂਰ-ਦੂਰ ਤੱਕ ਖਾੜੇ ਵੇਖਣ ਜਾਂਦਾ। ਉਹ ਕੀ ਅੱਧਾ ਪਿੰਡ ਜਾਂਦਾ, ਟੋਲੀਆਂ ਬਣਾ ਕੇ। ਇਸ ਸਮੇਂ ਮਰਦ ਗਾਇਕਾਂ ਨਾਲ ਔਰਤਾਂ ਵੀ ਗਾਉਣ ਲੱਗ ਗਈਆਂ ਸਨ, ਟਾਂਵੀਆਂ-ਟਾਂਵੀਆਂ। ਉਸ ਸਮੇਂ ਵੀ ਪੁਰਾਣੇ ਬਜ਼ੁਰਗ ਕਿਹਾ ਕਰਦੇ ਸਨ, "ਅਣਖ ਸ਼ਰਮ ਹਿਆ ਤਾਂ ਵੇਚ ਖਾਧੇ ਨੇ ਇਨ੍ਹਾਂ ਗਾਉਣ ਵਾਲਿਆਂ ਨੇ .....।" ਉਦੋਂ ਕਵਿਸ਼ਰੀ, ਕਲੀਆਂ, ਢਾਡੀਆਂ ਦਾ ਦੌਰ ਖਤਮ ਹੋ ਰਿਹਾ ਸੀ। ਅਖਾੜਿਆਂ ਵਿਚ ਅਥਾਹ ਭੀੜ ਹੁੰਦੀ ਸੀ। ਬਹੁਤੇ ਵਾਰੀ ਲੜਾਈਆਂ ਹੋ ਜਾਂਦੀਆਂ। ਖਾੜਾ ਵਿੱਚੇ ਰਹਿ ਜਾਂਦਾ। ਪੰਡਾਲ ਵਿਚ ਬੈਠ ਕੇ ਸਿਰਫ਼ ਆਦਮੀ ਹੀ ਖਾੜੇ ਵੇਖਦੇ। ਔਰਤਾਂ ਖਾੜੇ ਤੋਂ ਦੂਰ ਬਨੇਰਿਆਂ ਉਪਰ ਬੈਠੀਆਂ ਹੁੰਦੀਆਂ ਸਨ ਤੇ ਜਾਂ ਫਿਰ ਬੈਠਕਾਂ ਦਰਵਾਜ਼ਿਆਂ ਕੋਲ।

ਤੇ ਅੱਜ! ਅੱਜਕੱਲ੍ਹ ਤਾਂ ਆਰਕੈਸਟਰਾ ਦੇ ਸਾਹਮਣੇ ਭੈਣ ਭਰਾ ਕੱਠੇ ਨੱਚੀ ਜਾਂਦੇ ਨੇ, ਵਿਆਹ ਸ਼ਾਦੀਆਂ 'ਚ। ਭਰਾ ਆਪਣੀਆਂ ਭਾਬੀਆਂ, ਸਾਲੀਆਂ ਨਾਲ। ਭੈਣਾਂ ਆਪਣੇ ਜੀਜਿਆਂ, ਦਿਓਰਾਂ, ਜੇਠਾਂ ਨਾਲ। ਆਪਣੇ ਮਾਂ-ਪਿਓ ਦੇ ਸਾਹਮਣੇ। ਸ਼ਰਾਬੀ ਕੁੜੀਆਂ 'ਤੇ ਡਿੱਗੂ-ਡਿੱਗੂ ਕਰਦੇ ਨੇ, ਜਾਣ ਬੁੱਝ ਕੇ। ਅਰਧ ਨਗਨ ਅਵਸਥਾ ਵਿਚ ਆਰਕੈਸਟਰਾ ਡਾਂਸਰ ਅਸ਼ਲੀਲ ਇਸ਼ਾਰੇ, ਹਰਕਤਾਂ ਕਰਦੀਆਂ ਨੇ। ਇਹ ਸੋਚ ਕੇ ਗਿਆਨ ਸਿੰਘ ਨੂੰ ਕਚਿਆਣ ਆ ਗਈ। ਇਉਂ ਲੱਗਿਆਂ ਜਿਵੇਂ ਹੁਣੇ ਉਲਟੀ ਆਵੇਗੀ।

ਗਿਆਨ ਸਿੰਘ ਨੇ ਸਿਰ ਛੰਡਿਆ। ਸਾਰੀਆਂ ਸੋਚਾਂ ਨੂੰ ਦਿਮਾਗ 'ਚੋਂ ਭਜਾਉਣ ਦਾ ਯਤਨ ਕਰਨ ਲੱਗਾ। ਉਹ ਸੋਚਣਾ ਛੱਡ ਸਾਹਮਣੇ ਕੰਧ ਉਪਰ ਲੱਗੀ ਸ਼ਹੀਦ ਭਗਤ ਸਿੰਘ ਦੀ ਤਸਵੀਰ ਵੱਲ ਝਾਕਣ ਲੱਗਾ। ਤਸਵੀਰ ਵਿਚ ਸ਼ਹੀਦ ਪਿਸਤੌਲ ਲਈ, ਦਰੱਖਤ ਦੀ ਓਟ ਵਿਚ ਖੜ੍ਹਾ ਸੀ। ਸਿਰ ਉਪਰ ਟੌਰੇ ਵਾਲੀ ਪੱਗ। ਗਿਆਨ ਸਿੰਘ ਕਿਸੇ ਸਮੇਂ ਭਗਤ ਸਿੰਘ ਦਾ ਦੀਵਾਨਾ ਸੀ। ਕਾਲਜ ਪੜ੍ਹਦੇ ਸਮੇਂ ਸਟੂਡੈਂਟ ਯੂਨੀਅਨ ਵਿਚ ਪੂਰਾ ਹਿੱਸਾ ਲੈਂਦਾ ਸੀ। 'ਅੱਜ ਦੇ ਨੌਜਵਾਨ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਕਿਉਂ ਮੁੱਖ ਮੋੜ ਰਹੇ ਨੇ? ਪੱਛਮੀ ਖਾਊ-ਪੀਊ ਪ੍ਰਭਾਵ ਹੇਠ ਕਿਉਂ ਆਈ ਜਾਂਦੇ ਨੇ,' ਉਹ ਸੋਚ ਰਿਹਾ ਸੀ।

ਗਿਆਨ ਸਿੰਘ ਕਾਲਜ ਪੜ੍ਹਦੇ ਸਮੇਂ ਸਟੂਡੈਂਟ ਯੂਨੀਅਨ ਵਿਚ ਸਰਗਰਮ ਸੀ। ਆਪਣੇ ਕਾਲਜ ਦਾ ਉਹ ਲੀਡਰ ਤਾਂ ਨਹੀਂ ਸੀ ਪਰ ਯੂਨੀਅਨ ਦੀ ਹਰ ਸਰਗਰਮੀ ਵਿਚ ਭਾਗ ਉਹ ਜ਼ਰੂਰ ਲੈਂਦਾ। ਹੜਤਾਲ, ਧਰਨੇ, ਮੁਜ਼ਾਹਰੇ, ਪੋਸਟਰ ਲਾਉਣੇ, ਬੱਸਾਂ ਦੇ ਟਾਇਰਾਂ ਦੀ ਹਵਾ ਕੱਢਣ ਵਿਚ ਉਹ ਅੱਗੇ ਹੁੰਦਾ। ਪ੍ਰਿੰਸੀਪਲ ਦਾ ਘਿਰਾਓ, ਵਿਰੋਧੀ ਵਿਦਿਆਰਥੀਆਂ ਨੂੰ ਕੁੱਟਣ, ਬੱਸਾਂ ਨੂੰ ਅੱਗ ਲਾਉਣ, ਕਚਹਿਰੀਆਂ 'ਤੇ ਪਥਰਾਓ ਸਮੇਂ ਉਹ ਪਤਾ ਨਹੀਂ ਕਿਉਂ ਪਿੱਛੇ ਖਿਸਕ ਜਾਂਦਾ।

ਬੀ. ਐੱਡ. ਕਰਨ ਤੋਂ ਬਾਅਦ ਉਹ ਜ਼ਿਲ੍ਹਾ ਹੈੱਡਕੁਆਟਰ ਨੇੜੇ ਟੀਚਰ ਲੱਗ ਗਿਆ ਸੀ। ਹੌਲੀ-ਹੌਲੀ ਸਕੂਲ, ਘਰ ਤੇ ਟਿਊਸ਼ਨਾਂ ਹੀ ਉਸਦਾ ਸੰਸਾਰ ਬਣਦੇ ਗਏ। ਅੰਗਰੇਜ਼ੀ ਦੀ ਟਿਊਸ਼ਨ ਦੀ ਉਸਦੀ ਧਾਂਕ ਸੀ। ਉਹ ਜਾਨ ਮਾਰ ਕੇ ਪੜ੍ਹਾਉਂਦਾ ਟਿਊਸ਼ਨ ਵਾਲੇ ਬੱਚਿਆਂ ਨੂੰ। ਸਰਦੀਆਂ ਵਿਚ ਉਸ ਕੋਲ ਕੇਸੀਂ ਨਹਾਉਣ ਦੀ ਵਿਹਲ ਨਾ ਹੁੰਦੀ।

ਗਿਆਨ ਸਿੰਘ ਦੇ ਖਿਆਲਾਂ ਦਾ ਘੋੜਾ ਸਰਪਟ ਦੌੜਦਾ ਜਾ ਰਿਹਾ ਸੀ। ਉਹ ਸੋਚਣਾ



ਛੱਡ ਉਠਿਆ। ਪੈਰਾਂ ਵਿਚ ਚੱਪਲਾਂ ਫਸਾ ਕੇ ਬਾਥਰੂਮ ਵਿਚ ਚਲਾ ਗਿਆ। ਬਲਦੇਵ ਕੁਰ ਰਮਨ ਕੋਲ ਚੁਬਾਰੇ 'ਚ ਜਾ ਬੈਠੀ ਸੀ। ਦੀਪੀ ਦੇ ਕਮਰੇ 'ਚੋਂ ਟੀ.ਵੀ. ਦੀ ਧੀਮੀ ਆਵਾਜ਼ ਆ ਰਹੀ ਸੀ। ਕਮਰੇ ਦਾ ਬੂਹਾ ਬੰਦ ਨਹੀਂ ਢੋਇਆ ਹੋਇਆ ਸੀ। ਉਸ ਖੰਘੂਰੇ ਜੇ ਮਾਰੇ ਤੇ ਦੀਪੀ ਦਾ ਕਮਰਾ ਜਾ ਖੋਲ੍ਹਿਆ। ਰਿਮੋਟ ਦੀਪੀ ਦੇ ਹੱਥ ਵਿਚ ਸੀ। ਸਾਹਮਣੇ ਟੀ.ਵੀ. ਉਪਰ ਕਲਪਨਾ ਚਾਵਲਾ ਬਾਰੇ ਕੋਈ ਪ੍ਰੋਗਰਾਮ ਚੱਲ ਰਿਹਾ ਸੀ। ਦੀਪੀ ਨੀਝ ਨਾਲ ਪ੍ਰੋਗਰਾਮ ਵੇਖ ਰਹੀ ਸੀ। ਗਿਆਨ ਸਿੰਘ ਨੇ ਵੇਖਿਆ ਦੀਪੀ ਦਾ ਚਿਹਰਾ ਸ਼ਾਂਤ ਨਹੀਂ ਸੀ। ਦੀਪੀ ਦੇ ਚਿਹਰੇ ਤੋਂ ਲੱਗਦਾ ਸੀ ਜਿਵੇਂ ਉਸਦੇ ਅੰਦਰ ਖਿਆਲਾਂ ਦਾ ਘੋਲ ਚੱਲ ਰਿਹਾ ਹੋਵੇ। ਗਿਆਨ ਸਿੰਘ ਬੈਠਾ ਨਹੀਂ ਖੜ੍ਹਾ-ਖੜ੍ਹਾ ਕਮਰੇ 'ਚੋਂ ਬਾਹਰ ਆ ਗਿਆ।

ਉਹ ਫਿਰ ਆਪਣੇ ਕਮਰੇ ਵਿਚ ਆ ਗਿਆ ਤੇ ਸੌਣ ਦਾ ਯਤਨ ਕਰਨ ਲੱਗਾ। ਬਲਦੇਵ ਕੁਰ ਪਾਣੀ ਵਾਲਾ ਜੱਗ ਧਰ ਕੇ ਦੀਪੀ ਕੋਲ ਚਲੀ ਗਈ ਸੀ। ਗਿਆਨ ਸਿੰਘ ਨੂੰ ਨੀਂਦ ਨਹੀਂ ਆ ਰਹੀ ਸੀ। ਦੀਪੀ ਦਾ ਮਾਸੂਮ ਚਿਹਰਾ ਉਸਦੀਆਂ ਅੱਖਾਂ ਅੱਗੇ ਘੁੰਮ ਰਿਹਾ ਸੀ। ਜਦ ਉਹ ਅੱਖਾਂ ਬੰਦ ਕਰ ਸੌਣ ਦੀ ਕੋਸ਼ਿਸ਼ ਕਰਦਾ ਤਾਂ ਉਸਨੂੰ ਹਜ਼ਾਰਾਂ ਲੱਖਾਂ ਲੋਕਾਂ ਦੇ ਇਕੱਠ ਵਿਚ ਬਹਾਦਰ ਸੰਧੂ ਦੇ ਗੀਤਾਂ 'ਤੇ ਨੱਚਦੀ ਦਿਸਦੀ। ਉਸਨੇ ਬਹੁਤ ਘੱਟ ਕੱਪੜੇ ਪਾਏ ਹੁੰਦੇ। ਲੋਕ ਅੱਖਾਂ ਪਾੜ-ਪਾੜ ਤਕਦੇ, ਅਵਾਜ਼ਾਂ ਕੱਸਦੇ ਦਿਸਦੇ। ਮੁੜ੍ਹਕੇ ਦੀਆਂ ਬੂੰਦਾਂ ਉਸਦੇ ਮੱਥੇ 'ਤੇ ਆ ਗਈਆਂ। ਉਸ ਫਿਰ ਅੱਖਾਂ ਖੋਹਲ ਲਈਆਂ।

ਦੀਪੀ ਦੀਆਂ ਕਹੀਆਂ ਗੱਲਾਂ ਉਸਦੇ ਦਿਮਾਗ ਵਿਚ ਭੱਜਣ ਲੱਗੀਆਂ। ਇਕ ਪਲ ਉਸ ਸੋਚਿਆ ਦੀਪੀ ਦਾ ਫੈਸਲਾ ਠੀਕ ਵੀ ਹੋ ਸਕਦੈ। ਹੋ ਸਕਦੈ ਉਹ ਵਧੀਆ ਗਾਇਕ ਬਣ ਜਾਵੇ। ਨਾਮ, ਸ਼ੋਹਰਤ ਤੇ ਪੈਸਾ ਕਮਾ ਲਵੇ। ਗਿਆਨ ਸਿੰਘ ਸੋਚ ਰਿਹਾ ਸੀ ਗਾਇਕ ਵੀ ਸਮਾਜ ਦਾ ਅੰਗ ਹੁੰਦੇ ਹਨ। ਲੋਕਾਂ ਦਾ ਮਨ ਪ੍ਰਚਾਵਾ ਕਰਕੇ ਸਮਾਜ ਦੀ ਸੇਵਾ ਕਰਦੇ ਹਨ। ਸੂਝਵਾਨ ਅਤੇ ਸਿਆਣੇ ਹੁੰਦੇ ਹਨ। ਇਸ ਥਾਂ ਆ ਕੇ ਗਿਆਨ ਸਿੰਘ ਦੀ ਸੋਚ ਰੁਕ ਗਈ। ਉਸਨੂੰ ਇਕ ਪੁਰਾਣੀ ਯਾਦ ਤਾਜ਼ਾ ਹੋ ਗਈ।

ਗਿਆਨ ਸਿੰਘ ਨੂੰ ਯਾਦ ਆਇਆ ਕਿ ਪ੍ਰੀਤਮਾ ਚੌਹਾਨ ਉਨ੍ਹਾਂ ਦੇ ਘਰ ਆਈ ਸੀ। ਉਨ੍ਹੀਂ ਦਿਨੀ ਪੰਜਾਬੀ ਗਾਇਕੀ ਵਿਚ ਪ੍ਰੀਤਮਾ ਚੌਹਾਨ ਦੀ ਝੰਡੀ ਸੀ। ਉਸਦਾ ਨਾਮ ਵਿਕਦਾ ਸੀ। ਪ੍ਰੀਤਮਾ ਨੇ ਗਿਆਨ ਸਿੰਘ ਦੇ ਭਰਾ ਪੱਪੂ ਦੇ ਦੋ ਗੀਤ ਰਿਕਾਰਡ ਕਰਾਏ ਸਨ। ਉਦੋਂ ਪੱਪੂ ਇੱਥੇ ਰਹਿ ਕੇ ਸੈਂਟਰ ਵਿਚ ਐੱਮ.ਏ. ਕਰ ਰਿਹਾ ਸੀ। ਉਹ ਪੱਪੂ ਦਾਨ ਪੁਰਾ ਦੇ ਨਾਮ 'ਤੇ ਗੀਤ ਲਿਖਦਾ ਸੀ। ਰਾਮ ਲੀਲਾ ਕਰਾ ਰਹੇ ਕਾਲੋਨੀ ਦੇ ਮੁੰਡੇ ਉਦਘਾਟਨ ਪ੍ਰੀਤਮਾ ਚੌਹਾਨ ਤੋਂ ਕਰਾਉਣਾ ਚਾਹੁੰਦੇ ਸਨ। ਪੱਪੂ ਨੇ ਪ੍ਰੀਤਮਾ ਨੂੰ ਉਦਘਾਟਨ ਲਈ ਰਜ਼ਾਮੰਦ ਕਰ ਲਿਆ ਸੀ।

ਗਿਆਨ ਸਿੰਘ ਪ੍ਰੀਤਮਾ ਦੇ ਬਾਪ ਤੇਜਾ ਸਿੰਘ ਨੂੰ ਉਦੋਂ ਤੋਂ ਜਾਣਦਾ ਸੀ ਜਦੋਂ ਉਹ ਹਰਿਆਣਾ ਪੁਲਸ ਵਿਚ ਸਿਪਾਹੀ ਸੀ। ਉਹ ਤੇਜਾ ਚੌਹਾਨ ਕਰਕੇ ਦੂਰ-ਦੂਰ ਤੱਕ ਮਸ਼ਹੂਰ ਸੀ। ਗਿਆਨ ਸਿੰਘ ਦੇ ਪਿੰਡੋਂ ਪੰਜ-ਸੱਤ ਮੀਲ ਦੂਰ ਡਿੰਗ ਮੰਡੀ ਦੇ ਥਾਣੇ ਵਿਚ ਉਹ ਲਗਾਤਾਰ ਕਈ ਸਾਲ ਰਿਹਾ ਸੀ। ਉਹ ਕੰਮ ਵਿਚ ਪੂਰਾ ਤੇਜ਼, ਸਾਮੀ ਫਸਾਉਣ ਵਿਚ ਮਾਹਰ ਸੀ। ਹਰੇਕ ਥਾਣੇਦਾਰ ਦਾ ਉਹ ਖਾਸਮ ਖਾਸ ਹੁੰਦਾ। ਹਰਿਆਣਾ ਛੱਡ ਉਹ ਨਾਲ ਲੱਗਦੇ ਪੰਜਾਬ ਦੇ ਪਿੰਡਾਂ ਤੱਕ ਵੀ ਮਾਰ ਕਰ ਜਾਂਦਾ। ਉਨ੍ਹਾਂ ਦੇ ਪਿੰਡ ਉਹ ਅਕਸਰ ਆਉਂਦਾ ਰਹਿੰਦਾ। ਗਿਆਨ ਸਿੰਘ ਉਸ ਨੂੰ ਉਸ ਸਮੇਂ ਤੋਂ ਜਾਣਦਾ ਸੀ।

ਇਕ ਵਾਰ ਤੇਜੇ ਚੌਹਾਨ ਤੇ ਬਿਸ਼ਨੋਈ ਥਾਣੇਦਾਰ ਨੇ ਲੁਧਿਆਣੇ ਤੋਂ ਆਈ ਇਕ ਪਾਰਟੀ ਨੂੰ ਧੱਕੇ ਨਾਲ ਥਾਣੇ ਤਾੜ ਦਿੱਤਾ। ਸਜਿੰਦਿਆਂ ਨੂੰ ਹਵਾਲਾਤ ਸੁੱਟ, ਗਾਇਕ ਮੁੰਡੇ

ਦਾ ਮੂੰਹ ਥੱਪੜਾਂ ਨਾਲ ਲਾਲ ਕਰ ਦਿੱਤਾ। ਗਾਇਕਾਂ ਤੋਂ ਧੱਕੇ ਨਾਲ ਗੀਤ ਸੁਣੇ, ਨਾਲੇ ਨਚਾਇਆ। ਉਹ ਪਾਰਟੀ ਮਿੰਨਤਾਂ ਕਰਦੀ ਰਹੀ ਪਰ ਸ਼ਰਾਬੀ ਬਿਸ਼ਨੋਈ ਨੇ ਇਕ ਨਾ ਸੁਣੀ। ਜਦ ਥਾਣੇਦਾਰ ਦਾ ਨਸ਼ਾ ਉਤਰਿਆ ਤਾਂ ਪੈਸੇ ਖੋਹ ਥਾਣਿਓਂ ਭਜਾ ਦਿੱਤੇ।

ਖਹਿੜਾ ਛੁਡਾ ਕੇ ਗਾਉਣ ਪਾਰਟੀ ਕਿਸੇ ਜੱਥੇਦਾਰ ਨੂੰ ਲੈ ਕੇ ਮੁੱਖ ਮੰਤਰੀ ਨੂੰ ਜਾ ਮਿਲੀ। ਦਾਦੂ ਮੁੱਖ ਮੰਤਰੀ ਨੇ ਬਿਸ਼ਨੋਈ ਤੇ ਤੇਜਾ ਦੋਵੇਂ ਸਸਪੈਂਡ ਕਰ ਦਿੱਤੇ ਤੇ ਬਾਕੀ ਸਾਰਾ ਥਾਣਾ ਲਾਈਨ ਹਾਜ਼ਰ। ਫਿਰ ਇਨਕੁਆਰੀ ਹੋਈ। ਬਿਸ਼ਨੋਈ ਤਾਂ ਲੈ ਦੇ ਕੇ ਬਹਾਲ ਹੋ ਗਿਆ ਪਰ ਤੇਜਾ ਚੌਹਾਨ ਡਿਸਮਿਸ।

ਫਿਰ ਤੇਜੇ ਨੇ ਬਹੁਤ ਪਾਪੜ ਵੇਲੇ। ਟੱਬਰ ਵੱਡਾ ਸੀ। ਕਦੇ ਕਿਸੇ ਪਿੰਡ ਕਦੇ ਕਿਸ ਸ਼ਹਿਰ। ਕਦੇ ਕੋਈ ਕੰਮ ਕਦੇ ਕੋਈ ਹੋਰ। ਅਖ਼ੀਰ ਉਹ ਇਸ ਸ਼ਹਿਰ ਆ ਟਿਕਿਆ ਤੇ ਸ਼ਰਾਬ ਦੇ ਠੇਕੇ 'ਤੇ ਕਰਿੰਦਾ ਲੱਗ ਗਿਆ।

ਫਿਰ ਅਚਾਨਕ ਤੇਜੇ ਚੌਹਾਨ ਦੇ ਦਿਨ ਫਿਰ ਗਏ। ਉਸਦੀ ਲੜਕੀ ਪ੍ਰੀਤ ਗਾਉਣ ਲੱਗ ਗਈ। ਸਿਤਾਰਾ ਚਮਕਿਆ। ਪ੍ਰੀਤ ਰਾਤੋ-ਰਾਤ ਪ੍ਰੀਤਮਾ ਚੌਹਾਨ ਬਣ ਗਈ, ਸਟਾਰ ਗਾਇਕਾ। ਹੁਣ ਤੇਜਾ ਚੌਹਾਨ ਦੇ ਦੁੱਧ-ਚਿੱਟੇ ਕੱਪੜਿਆਂ 'ਤੇ ਨਿਗਾਹ ਨਹੀਂ ਅਟਕਦੀ। ਉਸਦੀ ਘੜੀ ਦੀ ਚੇਨ ਵੀ ਖਾਲਸ ਸੋਨੇ ਦੀ ਹੈ।

ਉਸ ਦਿਨ ਰਾਮ ਲੀਲਾ ਦੇ ਉਦਘਾਟਨ ਤੋਂ ਪਹਿਲਾਂ ਪ੍ਰੀਤਮਾ ਤੇ ਤੇਜਾ ਸਿੰਘ ਉਨ੍ਹਾਂ ਦੇ ਘਰ ਆਏ ਸਨ। ਪ੍ਰੀਤਮਾ ਨੂੰ ਘਰ ਆਈ ਵੇਖ ਦੀਪੀ ਤੋਂ ਚਾਅ ਨਹੀਂ ਚੁੱਕਿਆ ਜਾਂਦਾ ਸੀ। ਗਿਆਨ ਸਿੰਘ ਡਰਾਇੰਗ ਰੂਮ ਵਿਚ ਉਨ੍ਹਾਂ ਦੇ ਕੋਲ ਬੈਠਾ ਸੀ।

"ਬੀਬੀ ਉਦਘਾਟਨ ਕਰਨੈ ਫਿਰ ਰਾਮ ਲੀਲਾ ਨਾਈਟ ਦਾ .......," ਰਸਮੀਂ ਖ਼ੈਰ ਸੁੱਖ ਪਿੱਛੋਂ ਗਿਆਨ ਸਿੰਘ ਨੇ ਪੁੱਛਿਆ।

"ਹਾਂ ਅੰਕਲ ਜੀ, ਪੱਪੂ ਭਾਅ ਜੀ ਬਾਹਲਾ ਪ੍ਰੈੱਸ ਕਰਨ ਲੱਗ ਪੇ ਨਹੀਂ ਅੱਜ ਤਾਂ ਸ਼ਡੂਲ ਬਹੁਤ ਰੁੱਝਿਆ ਹੋਇਆ ਸੀ," ਪ੍ਰੀਤਮਾ ਬੋਲੀ।

"ਚੰਗਾ ਕੀਤਾ ਬੀਬਾ ਬੱਚਿਆਂ ਦਾ ਹੌਸਲਾ ਵਧੂ......।"

"ਅੰਕਲ ਮੈਂ ਤਾਂ ਬਹੁਤ ਉਤਸ਼ਾਹ ਦਿੰਦੀ ਹਾਂ ਕਲਾਕਾਰਾਂ ਨੂੰ। ਖ਼ਾਸ ਕਰਕੇ ਗਰੀਬ ਕਲਾਕਾਰਾਂ ਨੂੰ.....।"

"ਸਾਡੀ ਪ੍ਰੀਤ ਤਾਂ ਬੱਸ ਸਾਡੀ ਪ੍ਰੀਤ ........" ਪ੍ਰੀਤਮਾ ਦੇ ਬਾਪ ਦੇ ਬੋਲਾਂ ਵਿਚ ਸ਼ਰਾਬ ਬੋਲ ਰਹੀ ਸੀ।

"ਡੈਡੀ ਪਲੀਜ਼" ਪ੍ਰੀਤਮਾ ਨੇ ਰੋਕਤਾ ਆਪਣੇ ਬਾਪ ਨੂੰ, "ਮੇਰਾ ਮੰਤਵ ਤਾਂ ਅੰਕਲ ਪੰਜਾਬੀ ਗਾਇਕੀ ਦੀ ਸੇਵਾ ਐ।"

"ਚੰਗੀ ਗੱਲ ਐ ਬੀਬੀ। ਆਹ ਰਾਮਲੀਲ੍ਹਾ ਵੀ ਸਾਡਾ ਵਿਰਸਾ ਐ। ਮਹਾਨ ਤੇ ਫ਼ਖਰ ਯੋਗ ਵਿਰਸਾ। ਤੁਹਾਡੇ ਵਰਗੇ ਸੂਝਵਾਨ ਤੇ ਸਮਰੱਥ ਇਨਸਾਨ ਵਿਰਸੇ ਦੀ ਸੇਵਾ ਕਰ ਸਕਦੇ ਹਨ," ਗਿਆਨ ਸਿੰਘ ਕਹਿ ਰਿਹਾ ਸੀ।

"ਅੰਕਲ ਜੀ ਪੱਪੂ ਭਾਅ ਜੀ ਤਾਂ ਇੱਕੀ ਸੌ ਕਹਿੰਦਾ ਸੀ ਪਰ ਮੈਂ ਕਿਹਾ ਇਕਵੰਜਾ ਸੌ ਦੇਊਂ," ਪ੍ਰੀਤਮਾ ਨੇ ਜਿਵੇਂ ਗਿਆਨ ਸਿੰਘ ਦੀ ਗੱਲ ਸੁਣੀ ਤੇ ਸਮਝੀ ਨਾ ਹੋਵੇ।

"ਠੀਕ ਐ ਬੀਬੀ ਜੀ, ਪਰ ਤੁਸੀਂ ਲੋਕਾਂ ਨੂੰ ਦੱਸਿਓ ਵੀ। ਰਾਮ ਲੀਲ੍ਹਾ ਜ਼ਿੰਦਗੀ ਦਾ ਨਾਟਕ ਐ। ਇਸ ਦਾ ਸਿਖਰ ਦੁਸਹਿਰਾ, ਬਦੀ 'ਤੇ ਨੇਕੀ ਦੀ ਜਿੱਤ ਐ। ਅੱਜ ਮੇਰਾ ਖਿਆਲ ਰਾਮ ਲੀਲ੍ਹਾ ਦੀ ਸ਼ਰਬਨ ਨਾਈਟ ਹੈ। ਤੁਸੀਂ ਸ਼ਰਬਨ ਬਾਰੇ ਉਸਦੀ ਆਸਥਾ ਬਾਰੇ ਦੱਸਿਓ ਡਿਟੇਲ 'ਚ......"



ਪ੍ਰੀਤਮਾ ਕੁਝ ਨਾ ਬੋਲੀ। ਕੁਝ ਚਿਰ ਝਾਕੀ ਗਈ ਇਧਰ ਉਧਰ। ਫਿਰ ਇਕਦਮ ਬੋਲ ਪਈ, "ਸ਼ਰਬਨ! ਆਪਾਂ ਨੂੰ ਨਹੀਂ ਪਤਾ ਅੰਕਲ, ਸ਼ਰਬਣ ਬਾਰੇ । ਮੈਂ ਨਹੀਂ ਬੋਲਦੀ। ਪੱਪੂ ਭਾਅ ਜੀ ਨੂੰ ਕਹਿ ਦਿਉ, ਅਨਾਊਂਸ ਕਰ ਦੇਣਗੇ ਇਕਵੰਜਾ ਸੌ ਦੀ ਸਹਾਇਤਾ ਕਲੱਬ ਨੂੰ।"

ਗਿਆਨ ਸਿੰਘ ਅਜੇ ਸ਼ਰਬਣ ਤੇ ਉਸਦੀ ਸੇਵਾ ਬਾਰੇ ਦੱਸਣਾ ਚਾਹੁੰਦਾ ਸੀ ਕਿ ਪੱਪੂ ਤੇ ਦੀਪੀ ਨੇ ਚਾਹ, ਬਰਫੀ, ਬਿਸਕੁੱਟ ਨਮਕੀਨ ਦੀਆਂ ਪਲੇਟਾਂ ਨਾਲ ਮੇਜ਼ ਭਰ ਦਿੱਤਾ।

ਇਹ ਯਾਦ ਗਿਆਨ ਸਿੰਘ ਦੇ ਜ਼ਿਹਨ ਵਿਚ ਕਿੰਨਾ ਈ ਚਿਰ ਘੁੰਮਦੀ ਰਹੀ। ਇਸ ਨੇ ਉਸਦੇ ਦਿਮਾਗ ਵਿਚ ਇਕ ਹੋਰ ਯਾਦ ਤਾਜ਼ਾ ਕਰ ਦਿੱਤੀ। ਗਿਆਨ ਸਿੰਘ ਨੇ ਕਾਫੀ ਸਮਾਂ ਪਹਿਲਾਂ ਪੰਜਾਬੀ ਗਾਇਕਾਂ ਬਾਰੇ ਇਕ ਕਿਤਾਬ ਪੜ੍ਹੀ ਸੀ। ਉਹ ਖੜ੍ਹਾ ਹੋ ਕੇ ਅਲਮਾਰੀ ਵਿਚੋਂ ਉਹੀ ਕਿਤਾਬ 'ਲੋਕ ਸੁਰਾਂ' ਹੋਰ ਕਿਤਾਬਾਂ 'ਚੋਂ ਖਿੱਚ ਲਈ। ਲੇਖਕ ਨੇ ਪੰਜਾਬੀ ਗਾਇਕ-ਗਾਇਕਾਵਾਂ ਬਾਰੇ ਬੜੀ ਬੇ-ਬਾਕੀ ਨਾਲ ਲਿਖਿਆ ਸੀ। ਗਿਆਨ ਸਿੰਘ ਇਕ ਚੈਪਟਰ ਕੱਢ ਕੇ ਪੜ੍ਹਨ ਲੱਗਾ। ਚੋਟੀ ਦੀ ਗਾਇਕਾ ਬਾਰੇ ਸੀ ਇਹ ਚੈਪਟਰ। ਜਿਸਦੇ ਮਾਵਾਂ-ਧੀਆਂ ਵਾਲੇ ਪਰਿਵਾਰਕ ਗੀਤਾਂ ਨੂੰ ਪੂਜਿਆ ਜਾਂਦਾ ਸੀ। ਲੇਖਕ ਨੇ ਲਿਖਿਆ ਸੀ, " ਮੈਂ ਸਾਰੇ ਕੰਮ ਛੱਡ ਕੇ ਉਸਦਾ ਖਾੜਾ ਸੁਣਨ ਜਾਂਦਾ। ਇਕ ਵਾਰੀਂ ਸਾਡੇ ਪਿੰਡ ਦੇ ਨੇੜੇ ਉਸਦਾ ਖਾੜਾ ਲੱਗਣਾ ਸੀ। ਲੋਕਾਂ ਦਾ ਬਹੁਤ ਇਕੱਠ ਸੀ। ਉਹ ਅਜੇ ਆਈ ਨਹੀਂ ਸੀ। ਮੈਂ ਉਂਝ ਹੀ ਭੀੜ 'ਚੋਂ ਨਿਕਲ ਵਿਆਹ ਵਾਲੇ ਘਰ ਵੱਲ ਤੁਰ ਗਿਆ। ਵਿਆਹ ਵਾਲੇ ਘਰ ਖ਼ੂਬ ਰੌਣਕ ਸੀ। ਮੈਂ ਹਨ੍ਹੇਰੇ ਵਿਚ ਇਕ ਕਾਰ ਖੜ੍ਹੀ ਵੇਖੀ। ਕਾਰ ਦੀਆਂ ਅੰਦਰਲੀਆਂ ਬੱਤੀਆਂ ਜਗ ਰਹੀਆਂ ਸਨ। ਮੈਂ ਕਾਰ ਦੇ ਅੰਦਰ ਵੇਖਿਆ। ਮੇਰੀਆਂ ਨਜ਼ਰਾਂ ਝੁੱਕ ਗਈਆਂ। ਮੇਰੇ ਸਾਹਮਣੇ ਪੰਜਾਬ ਦੀ ਉਹ ਮਸ਼ਹੂਰ ਗਾਇਕਾ, ਬੋਤਲ ਦਾ ਡੱਟ-ਪੱਟ ਕੇ ਪੈਗ ਪੀ ਰਹੀ ਸੀ....।" ਇਸ ਤੋਂ ਅੱਗੇ ਗਿਆਨ ਸਿੰਘ ਨੇ ਨਾ ਪੜ੍ਹਿਆ। ਉਸਦਾ ਪਹਿਲਾਂ ਹੀ ਖਰਾਬ ਚਿੱਤ ਹੋਰ ਖਰਾਬ ਹੋ ਗਿਆ।

"ਪੰਜਾਬੀ ਗਾਇਕੀ ਉਪਰ ਵੀ ਅਣਗਿਣਤ ਵਰ੍ਹਾ ਚੱਲ ਰਿਹਾ ਹੈ। ਦੀਪੀ ਨੂੰ ਕਦਾਚਿਤ ਇਸ ਫੀਲਡ ਵਿਚ ਨਹੀਂ ਜਾਣਾ ਚਾਹੀਦਾ .........." ਗਿਆਨ ਸਿੰਘ ਨੇ ਸੋਚਿਆ ਅਤੇ ਸੋਚਣਾ ਛੱਡ ਅੱਖਾਂ ਮੀਟ ਲਈਆਂ। ਉਸਨੂੰ ਪਤਾ ਈ ਨਾ ਲੱਗਿਆ ਕਦੋਂ ਨੀਂਦ ਆ ਗਈ।

ਰੋਜ਼ਾਨਾ ਤੋਂ ਉਲਟ ਉਹ ਲੇਟ ਉਠਿਆ। ਨਹਾ ਕੇ ਪਾਠ ਕੀਤਾ। ਕਮਰੇ 'ਚੋਂ ਬਾਹਰ ਆ ਕੇ ਉਸ ਵੇਖਿਆ ਬਲਦੇਵ ਕੁਰ ਰਸੋਈ ਵਿਚ ਸੀ। ਰਮਨ ਤਿਆਰ ਹੋਇਆ ਫਿਰਦਾ ਸੀ ਜਿਵੇਂ ਕਿਸੇ ਦੀ ਉਡੀਕ ਕਰ ਰਿਹਾ ਹੋਵੇ। ਗਿਆਨ ਸਿੰਘ ਵਾਸ਼-ਵੇਸ਼ਨ 'ਤੇ ਹੱਥ ਧੋ ਰਿਹਾ ਸੀ ਕਿ ਗੇਟ ਅੱਗੇ ਕਾਰ ਰੁਕਣ ਦੀ ਅਵਾਜ਼ ਆਈ। ਰਮਨ ਨੇ ਫ਼ੁਰਤੀ ਨਾਲ ਗੇਟ ਖੋਲ੍ਹਿਆ। ਗਿਆਨ ਸਿੰਘ ਨੇ ਵੇਖਿਆ ਰਮਨ ਤੇ ਬਹਾਦਰ ਸੰਧੂ ਇਕ ਦੂਜੇ ਦਾ ਹੱਥ ਫੜੀਂ ਡਰਾਇੰਗ ਰੂਮ 'ਚ ਆ ਬੈਠੇ। ਦੀਪੀ ਭੱਜ ਕੇ ਆਪਣੇ ਕਮਰੇ 'ਚੋਂ ਬਾਹਰ ਆਈ ਤੇ ਡਰਾਇੰਗ ਰੂਮ 'ਚ ਜਾਂਦੀ ਬੋਲੀ, "ਲਓ ਸੰਧੂ ਭਾਅ ਜੀ, ਭਰ ਤਾ ਕਾਂਟਰੈਕਟ ਫਾਰਮ.......।"

ਗਿਆਨ ਸਿੰਘ ਹੱਥ ਪੂੰਝਦਾ ਪਿਛਲੇ ਕਮਰੇ ਨੂੰ ਤੁਰ ਗਿਆ। ਉਸਦੇ ਕੰਨੀ ਬਲਦੇਵ ਕੁਰ ਦੀ ਆਵਾਜ਼ ਆਈ। "ਅਣਗਿਣਤ ਵਰ੍ਹਾ ਐ ਭਾਈ .....।"

ਕਮਰੇ ਵਿਚ ਗਿਆਨ ਸਿੰਘ ਨੇ ਵੇਖਿਆ ਪੱਖਾ ਫੁੱਲ ਸਪੀਡ 'ਤੇ ਚੱਲ ਰਿਹਾ ਸੀ। ਕਾਲਜ-ਪ੍ਰਾਸਪੈਕਟ ਦੇ ਵਰਕੇ ਫਾੜ-ਫਾੜ ਇਕ ਦੂਜੇ ਨਾਲ ਵੱਜ ਰਹੇ ਸਨ। •

**(ਮਕਾਨ ਨੰ. 27388, ਗਲੀ ਨੰ.3, ਲਾਲ ਸਿੰਘ ਬਸਤੀ, ਬਠਿੰਡਾ।)**

## ਗ਼ਜ਼ਲਾਂ

### 1. ਸੁਲੱਖਣ ਸਰਹੱਦੀ

ਤੂੰ ਗ਼ਜ਼ਲ ਓਧਰ, ਮੈਂ ਏਧਰ, ਵਿਚ ਵਗੇ ਸਰਸਾ ਨਦੀ।
ਹੁਸਨ ਤੇਰਾ ਚਿਤਵਦੇ ਹੀ ਬਲ ਪਵੇ ਸਰਸਾ ਨਦੀ।

ਸਰਦਾ ਨਦੀਉਂ ਪਾਰ ਜਾ ਕੇ ਮੈਂ ਗ਼ਜ਼ਲ ਨੂੰ ਚੁੰਮਦਾਂ।
ਕੀਤੀਆਂ ਅਰਜੋਈਆਂ ਐਪਰ ਨਾ ਰੁਕੇ ਸਰਸਾ ਨਦੀ।

ਉਮਰ ਨਾਲੋਂ ਪਿਆਸ ਵੱਡੀ ਹੋ ਗਈ ਹੁਣ ਕੀ ਬਣੇਂ?
ਯੁੱਗਾਂ ਪਿਆਸੇ ਮਾਰੂਥਲ ਨੂੰ ਕਿੰਝ ਮਿਲੇ ਸਰਸਾ ਨਦੀ।

ਮੇਰੀਆਂ ਸਭ ਹੋਲੀਆਂ ਦੇ ਖੰਭ ਸਾੜੇ ਹੋਲਿਕਾ,
ਮੈਥੋਂ ਕਿੰਨੇ ਰੰਗ ਸਨ ਸਭ ਘੁਲ ਗਏ ਸਰਸਾ ਨਦੀ।

ਸੁੰਦਰਾਂ, ਇਹ ਮੋਤੀਆਂ ਦਾ ਖੈਰ ਸਾਡੇ ਕਿਹੜੇ ਕੰਮ?
ਬਲ ਰਹੇ ਕਾਸੇ 'ਚ ਸਾਡੇ ਛੱਡ ਦੇ ਸਰਸਾ ਨਦੀ।

ਖੌਲਦੀ ਸਰਸਾ ਨਦੀ ਪਰ ਖ਼ੂਨ ਮੇਰਾ ਯੱਖ ਹੈ,
ਦਿਲ ਵਿਰੋਧੀ ਹਾਲਤਾਂ ਵਿਚ ਕਿੰਜ ਤਰੇ ਸਰਸਾ ਨਦੀ।

ਅਣਖ ਤੇ ਜਜ਼ਬਾਤ ਦੇ ਪੁਲ ਸਾਂਭਿਉ ਚਮਕੌਰ ਵਾਂਗ,
ਕੀ ਪਤਾ ਕਿਸ ਰਸਤੇ ਉੱਤੇ ਆ ਮਿਲੇ ਸਰਸਾ ਨਦੀ।

ਹੋਂਦ ਸਾਡੇ ਦੋਹਾਂ ਦੀ ਹੈ ਸਾਡੀ ਸਾਂਝ ਹੋਂਦ ਨਾਲ,
ਸਰਦਾ ਨਦੀਉਂ ਮੈਂ ਡ਼ਰਾਂ ਮੈਥੋਂ ਡਰੇ ਸਰਸਾ ਨਦੀ।

ਤੂੰ ਆਨੰਦ ਕਰ ਤੇਰੇ ਲਈ, ਹੁਣ ਕੁੰਭ ਹੈ ਆਨੰਦਪੁਰ,
ਲਿਖਿਆ ਕਰ 'ਪਾਂਡੇ ਪੁਰੀ' 'ਗੰਗਾ ਨਦੇ' ਸਰਸਾ ਨਦੀ।

### 2. ਸਰਵਣ ਰਾਹੀ

ਅੱਧੀ ਰਾਤੀਂ ਬੰਦੇ ਲੈ ਕੇ ਜਦ ਡੌਂਕਰ ਘਰ ਆਉਂਦੇ ਨੇ।
ਅੱਲ੍ਹਾ ਜਾਣੇ ਬੰਦਿਆਂ ਉੱਤੇ ਕੀ-ਕੀ ਕਹਿਰ ਕਮਾਉਂਦੇ ਨੇ।

ਬਰਫਾਂ ਲੱਦੇ ਪਰਬਤ ਗਿਰਦੇ ਰਾਤ ਅੰਧੇਰੀ ਸ਼ੂਕ ਰਹੀ
ਠੰਡੀਆਂ ਸੀਤ ਹਵਾਵਾਂ ਦੇ ਵਿਚ ਤਨ ਨੂੰ ਮੁੜ੍ਹਕੇ ਆਉਂਦੇ ਨੇ।
ਹੱਦਾਂ ਦੇ ਰਖਵਾਲੇ ਸਾਰੇ ਗੂੜ੍ਹੀ ਨੀਂਦਰ ਸੌਂ ਜਾਂਦੇ,
ਚੁੱਪ ਚੁਪੀਤੇ ਪਾਂਧੀ ਸਾਰੇ ਕੋਲੋਂ ਦੀ ਲੰਘ ਆਉਂਦੇ ਨੇ।



ਅੱਜ ਨਹੀਂ ਤਾਂ ਕੱਲ ਟੁਰ ਜਾਣਾ ਤੁਸਾਂ ਨੇ ਆਪਣੇ ਵਤਨਾਂ ਨੂੰ,
ਝੂਠੇ ਦਿਲ ਨੂੰ ਦੇ ਧਰਵਾਸੇ ਨਿੱਤ ਹੀ ਉਹ ਵਰਚਾਉਂਦੇ ਨੇ।

ਜੇਲ੍ਹਾਂ ਦੇ ਵਿਚ ਧੱਕੇ ਖਾਂਦੇ ਪੁੱਤ ਲਾਡਲੇ ਮਾਵਾਂ ਦੇ,
ਕੁਲੀ ਜੁਲੀ ਗੁਲੀ ਖਾਤਰ ਸੈਆਂ ਸਿਤਮ ਉਠਾਉਂਦੇ ਨੇ।

ਬੰਦੇ ਨੂੰ ਬੰਦਾ ਨਾ ਸਮਝਣ ਇਨਸਾਨਾਂ ਦੇ ਵੈਰੀ ਨੇ,
ਢਿੱਡੋਂ ਭੁੱਖੇ ਰੱਖਕੇ ਅਕਸਰ ਮਾਇਆ ਖ਼ੂਬ ਕਮਾਉਂਦੇ ਨੇ।

ਕੌਣ ਅਸਾਡਾ ਦਰਦੀ ਏਥੇ ਕਿਸਨੂੰ ਹਾਲ ਸੁਣਾਉਣਾ ਹੈ,
ਦੇਸ ਬਿਗਾਨਾ ਸੱਭੇ ਜਾਣਨ, ਰੋ-ਰੋ ਰਾਤ ਲੰਘਾਉਂਦੇ ਨੇ।

ਜੀਵਨ ਦੀ ਲਾ ਬਾਜ਼ੀ ਸਾਰੇ ਕਦਮ ਅਗੇਰੇ ਧਰਦੇ ਨੇ,
ਸੀਸ ਤਲੀ 'ਤੇ ਧਰਕੇ ਆਪਣੇ ਮੌਤ ਨੂੰ ਜੱਫੀਆਂ ਪਾਉਂਦੇ ਨੇ।

ਪੌਣਾਂ ਵਿਚ ਉਡਾਨਾਂ ਭਰਕੇ ਕਦ 'ਰਾਹੀ' ਘਰ ਜਾਵਾਂਗੇ,
ਨਿੱਤ ਹੀ ਰਹਿਣ ਉਡੀਕਾਂ ਦਿਲ ਨੂੰ ਰੱਬ ਨੂੰ ਰੋਜ਼ ਧਿਆਉਂਦੇ ਨੇ।

**(ਰੁੜਕਾ ਕਲਾਂ, ਜਲੰਧਰ)**

### 3. ਅਮਰਦੀਪ ਸੰਧਾਵਾਲੀਆ

ਹਰ ਬਸ਼ਰ ਤ੍ਰਿਸ਼ੂਲ ਬਰਛੀ ਹੋ ਗਿਆ ਹੈ
ਭੀੜ ਦੀ ਪੂਰੀ ਸਮੱਗਰੀ ਹੋ ਗਿਆ ਹੈ।

ਵੱਧ ਗਈ ਗਿਣਤੀ ਮਸੀਤਾਂ ਮੰਦਿਰਾਂ ਦੀ
ਸ਼ਹਿਰ 'ਚੋਂ ਪਰ ਰੱਬ ਮਨਫ਼ੀ ਹੋ ਗਿਆ ਹੈ।

ਹੁਣ ਹਵਾ ਹੈ ਭਟਕਦੀ ਰਹਿੰਦੀ ਜਦੋਂ ਦਾ
ਨਗਰ ਦਾ ਹਰ ਬਿਰਖ ਕੁਰਸੀ ਹੋ ਗਿਆ ਹੈ।

ਅੱਤਵਾਦੀ ਦੇ ਸਣੇ ਬਾਰਾਂ ਮਰੇ ਨੇ
ਆਦਮੀ ਹੁਣ ਮਹਿਜ਼ ਗਿਣਤੀ ਹੋ ਗਿਆ ਹੈ।

ਪਿਆਰ ਉਸਨੇ ਪਾਉਂਦਿਆਂ ਨਾ ਦੇਰ ਕੀਤੀ
ਬੇਵਫ਼ਾ ਵੀ ਬਹੁਤ ਜਲਦੀ ਹੋ ਗਿਆ ਹੈ।

ਤੁਰ ਗਿਆ ਸੂਰਜ ਬੁਝਾ ਕੇ ਪਿਆਸ ਆਪਣੀ
ਪਰ ਨਦੀ ਦਾ ਨੀਰ ਅਗਨੀ ਹੋ ਗਿਆ ਹੈ।

ਆਪਣੀ ਹੀ ਭਾਲ ਵਿਚ ਸੀ ਨਿਕਲਿਆ ਜੋ
'ਗੁੰਮਸ਼ੁਦਾ ਦੀ ਭਾਲ' ਸੁਰਖ਼ੀ ਹੋ ਗਿਆ ਹੈ।

ਮਾਣ ਹੈ ਜਿਸਦੀ ਸ਼ਹੀਦੀ 'ਤੇ ਮੁਲਕ ਨੂੰ
ਉਹ ਕਿਸੇ ਵਿਧਵਾ ਦੀ ਅਰਜ਼ੀ ਹੋ ਗਿਆ ਹੈ।

ਉਮਰ ਸਾਰੀ ਭੋਗਿਆ ਹੈ ਨਰਕ ਉਸਨੇ
ਮਰਨ ਤੋਂ ਮਗਰੋਂ ਸਵਰਗੀ ਹੋ ਗਿਆ ਹੈ।

4.

ਨਾ ਬਣ-ਬਣ ਬਹਿ ਤੂੰ ਸੰਤ ਅਜੇ, ਰੁੱਤ ਡਾਢੀ ਜੋਬਨਵੰਤ ਅਜੇ
ਹਰਿ ਕੀ ਪੌੜੀ ਫੇਰ ਚੜ੍ਹਾਂਗੇ, ਚੱਲ ਸੁਣੀਏ ਰਾਗ ਬਸੰਤ ਅਜੇ।

ਇਤਰ ਵਿਦੇਸ਼ੀ ਕੀ ਲਾਵਾਂ ਮੈਂ, ਗਹਿਣੇ ਜ਼ੇਵਰ ਕੀ ਪਾਵਾਂ ਮੈਂ
ਸ਼ੀਸ਼ੇ ਨੇੜੇ ਕੀ ਜਾਵਾਂ ਮੈਂ, ਆਇਆ ਨਾ ਦੂਰੋਂ ਕੰਤ ਅਜੇ।

ਪਲ ਭਰ ਵੀ ਉਹ ਕੋਲ ਨਾ ਬਹਿੰਦਾ, ਤੁਰਿਆ ਜਾਂਦਾ ਬਸ ਉਹ ਕਹਿੰਦਾ
ਹਾਲੇ ਨੇ ਬਹੁਤ ਰੁਝੇਵੇਂ ਤੇ ਕਾਰਜ ਨੇ ਹੋਰ ਬੇਅੰਤ ਅਜੇ।

ਇਹ ਨਾ ਸਮਝੀ ਕੇ ਬਿਨ ਤੇਰੇ, ਕੁਝ ਨਾ ਬਚਿਆ ਪੱਲੇ ਮੇਰੇ
ਕੋਲ ਮੇਰੇ ਹੈ ਪੰਧ ਹਿਜਰ ਦਾ, ਤੈਅ ਕਰਨਾ ਸਫ਼ਰ ਅਨੰਤ ਅਜੇ।

ਸ਼ਬਦ ਅਸੀਮਤ ਕੋਸ਼ ਬਥੇਰੇ, ਗੂੰਜ ਰਿਹਾ ਸੰਗੀਤ ਚੁਫ਼ੇਰੇ
ਇਸ਼ਕ ਮੇਰੇ ਦਾ ਗੀਤ ਅਧੂਰਾ, ਲੱਭਦਾ ਫਿਰਦਾ ਪਰ ਅੰਤ ਅਜੇ

(ਆਕਾਸ਼ਬਾਣੀ ਬਠਿੰਡਾ)

## ਵਿਸ਼ੇਸ਼ ਐਲਾਨ

ਦਾਰਸ਼ਨਕ, ਰਾਜਨੀਤਿਕ, ਆਰਥਕ ਅਤੇ ਸਾਹਿਤ-ਆਲੋਚਨਾ ਦੇ ਵਿਸ਼ੇ ਉੱਤੇ ਨਿਰੰਤਰ ਲਿਖਣ ਵਾਲੇ ਪ੍ਰਸਿੱਧ ਪੰਜਾਬੀ ਲੇਖਕ ਡਾ ਅਨੂਪ ਸਿੰਘ ਦੀਆਂ ਚਾਰ ਨਵੀਆਂ ਪੁਸਤਕਾਂ ਪ੍ਰਕਾਸ਼ਤ

1) ਭਾਰਤ ਬਨਾਮ ਇੰਡੀਆ ਆਰਥਿਕਤਾ ਬਾਰੇ ਲੇਖ)
2) ਮੁਹੱਬਤ ਦਾ ਸਫ਼ਰ ( ਰੂਸ ਬਾਰੇ ਸਫ਼ਰਨਾਮਾ)
3) ਨਾਨਕਵਾਦ (ਗੁਰੂ ਨਾਨਕ ਦੀ ਵਿਚਾਰਧਾਰਾ ਦਾ ਅਧਿਐਨ)
4) ਨਾਨੁਕ ਸ਼ਾਇਰੁ ਏਵ ਕਹੁਤ ਹੈ ( ਗੁਰੂ ਨਾਨਕ ਦੀ ਕਵਿਤਾ ਦਾ ਸਰਬ-ਪੱਖੀ ਅਧਿਐਨ)

**ਨੋਟ** :- ਇਹਨਾਂ ਚਹੁੰ ਪੁਸਤਕਾਂ ਵਿਚੋਂ ਕੋਈ ਤਿੰਨ ਖ੍ਰੀਦਣ ਵਾਲੇ ਪਾਠਕ ਨੂੰ ਇਹ ਪੁਸਤਕਾਂ ਸਿਰਫ਼ 100/- ਰੁਪਏ ਵਿਚ ਦਿੱਤੀਆਂ ਜਾਣਗੀਆਂ।



ਆਹਮੋ-ਸਾਹਮਣੇ

# "ਰਾਜਨੀਤੀ ਅਤੇ ਸਾਹਿਤ ਦਾ ਸਿੱਧਾ ਸੰਬੰਧ ਹੈ।"

ਰਾਮ ਸਰੂਪ ਰਿਖੀ ਨਾਲ ਮੁਲਾਕਾਤ

ਪ੍ਰਸ਼ਨ ਕਰਤਾ - ਡਾ. ਕਰਮਜੀਤ ਸਿੰਘ

*ਰਾਮ ਸਰੂਪ ਰਿਖੀ ਦੇ ਆਪਣੇ ਕਹਿਣ ਅਨੁਸਾਰ ਉਸਨੇ ਕਵਿਤਾ, ਨਾਟਕ, ਕਹਾਣੀ ਉਪਰ ਵੀ ਹੱਥ ਅਜ਼ਮਾਏ, ਪਰ ਛਪੇ ਰੂਪ ਵਿਚ ਪਹਿਲਾ ਨਾਵਲ 'ਹਵੇਲੀ ਵਿਚ ਉਸਰੀ ਕੋਠੀ' ਹੀ ਸਾਹਮਣੇ ਆਇਆ। ਇਹ ਨਾਵਲ ਆਪਣੇ ਆਪ ਵਿਚ ਮਹੱਤਵਪੂਰਨ ਹੁੰਦਾ ਹੋਇਆ ਵੀ ਲੋਕਲ ਪੱਧਰ 'ਤੇ ਛਪਣ ਕਾਰਣ ਆਲੋਚਕਾਂ ਤਕ ਪੂਰੀ ਪਹੁੰਚ ਨਾ ਬਣਾ ਸਕਿਆ। ਪਰੰਤੂ 'ਦੀਵਾ ਬੁਝਿਆ ਨਹੀਂ' ਨਾਲ ਰਾਮ ਸਰੂਪ ਰਿਖੀ ਲਗਾਤਾਰ ਚਰਚਾ ਵਿਚ ਹੈ। ਇਸ ਨਾਵਲ ਦਾ ਵਿਸ਼ੇਸ਼ ਪੱਖ ਹੈ ਨਕਸਲਵਾਦੀ ਲਹਿਰ ਦੀ ਨਿਰਸੰਕੋਚ ਚੀਰਫਾੜ। ਵਿਚਾਰਧਾਰਾ ਦੀ ਵਿਸ਼ੇਸ਼ ਤੌਰ 'ਤੇ ਪੁਣਛਾਣ। ਇਸ ਇੰਟਰਵਿਊ ਰਾਹੀਂ ਰਿਖੀ ਇਕ ਚਿੰਤਕ ਵਜੋਂ ਵੀ ਸਾਡਾ ਧਿਆਨ ਖਿੱਚ ਰਿਹਾ ਹੈ।*

*- ਸੰਪਾਦਕ*

ਪ੍ਰਸ਼ਨ : **ਰਿਖੀ ਜੀ ਆਪਣੇ ਬਚਪਨ ਬਾਰੇ ਵਿਸਥਾਰ ਨਾਲ ਦੱਸੋ?**

ਉੱਤਰ : ਮੈਂ ਰੂੜ੍ਹੀਵਾਦੀ, ਕਰਮਕਾਂਡੀ ਪਰ ਵਿਦਵਾਨ ਪਰਿਵਾਰ ਵਿਚ ਜੰਮਿਆ ਹਾਂ। ਸੱਤ ਭੈਣ-ਭਰਾਵਾਂ ਵਿਚੋਂ ਸਭ ਤੋਂ ਛੋਟਾ ਹਾਂ ਜਿਸ ਨੂੰ ਮਾਲਵੇ ਵਿਚ ਪੇਟ-ਘਰੋੜੀ ਦਾ ਵੀ ਆਖ ਦਿੰਦੇ ਹਨ। ਜਿਸ ਦੇ ਅਰਥ ਬਚੇ-ਖੁਚੇ ਜਾਂ ਰਹਿੰਦ-ਖੂੰਹਦ ਦੇ ਭਾਵ ਵਿਚ ਵੀ ਲੈ ਲਏ ਜਾਂਦੇ ਹਨ। ਮੇਰੇ ਸੁਰਤ ਸੰਭਾਲਦਿਆਂ-ਸੰਭਾਲਦਿਆਂ ਘਰੋਂ ਵਿਦਵਤਾ ਤੇ ਦੌਲਤ ਦੋਵੇਂ ਪੱਤਰਾ ਵਾਚ ਗਈਆਂ ਸਨ। ਸੁਣਿਐ ਹੈ ਕਿ ਮੇਰੇ ਦਾਦੇ ਤੇ ਬਾਪ ਦੀ ਵਿਦਵਤਾ ਤੇ ਸੰਗੀਤ ਦਾ ਰਾਜ ਦਰਬਾਰ ਤੱਕ ਦਬ-ਦਬਾ ਬਣਿਆ ਰਿਹਾ ਹੈ। ਮੈਨੂੰ ਆਪਣੇ ਪਿਤਾ ਜੀ ਦੀ ਸ਼ਕਲ ਵੀ ਚੰਗੀ ਤਰ੍ਹਾਂ ਯਾਦ ਨਹੀਂ ਕਿਉਂਕਿ ਮੇਰੇ ਉਮਰ ਦੇ ਚੌਥੇ ਸਾਲ ਦੇ ਸ਼ੁਰੂ ਵਿਚ ਹੀ ਉਹ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। ਮੇਰੇ ਕੋਲ ਵਿਰਸੇ ਵਜੋਂ ਬਾਪ ਦੀ ਥੁੜ੍ਹਾਂ ਤੋਂ ਬਿਨਾਂ ਹੋਰ ਕੋਈ ਨਿਸ਼ਾਨੀ ਨਹੀਂ ਹੈ। ਮੈਂ ਕੱਟੜ ਹਠਧਰਮੀਂ ਪਰ ਨੰਗ ਪਰਿਵਾਰ ਵਿਚ ਪਲਿਆ ਵਧਿਆ ਹਾਂ। ਇਸ ਕੱਟੜਪੁਣੇ ਦਾ ਮੈਂ ਮੁੱਢੋਂ ਹੀ ਵਿਰੋਧੀ ਰਿਹਾ ਹਾਂ ਇਸ ਲਈ ਘਰੋਂ ਦੁਰਕਾਰ ਦੀ ਪੂੰਜੀ ਹੀ ਪੱਲੇ ਪੈਂਦੀ ਰਹੀ ਹੈ। ਪਰ ਪਿੰਡੋਂ ਜਾਂ ਘਰੋਂ ਬਾਹਰ ਮੋਚੀ, ਦਰਜੀ, ਤਰਖਾਣ, ਨਾਈ, ਜੱਟ ਮੇਰੇ ਬਾਪ ਦਾਦੇ ਦਾ ਢੇਰ ਸਾਰਾ ਸਤਿਕਾਰ ਕਰਦੇ ਸਨ। ਇਹ ਲੋਕ ਬਿਨਾਂ ਮਿਹਨਤਾਨਾ ਲਏ ਜੁੱਤੀ-ਜੋੜੀ, ਝੱਗਾ-ਜਾਮਾ ਵਰ੍ਹੇ ਛਿਮਾਹੀ ਦੇ ਦਿੰਦੇ ਸਨ। ਉਨ੍ਹਾਂ ਦੇ ਇਸ ਵਰਤਾਰੇ ਨੇ ਮੇਰੇ ਬਾਲ ਮਨ ਵਿਚ ਸ਼ਾਹਾਂ ਨਾਲੋਂ ਕੰਮੀਆਂ ਦੀ ਉੱਚਤਾ ਤੇ ਸੁੱਚਤਾ ਪ੍ਰਤੀ ਸ਼ਰਧਾ ਪੈਦਾ ਕਰ ਦਿੱਤੀ। ਇਸ ਅਹਿਸਾਨ ਦਾ ਬਦਲਾ ਚੁਕਾਉਣ ਲਈ ਸਦਾ ਤਾਕ ਵਿਚ ਰਹਿੰਦਾ ਹਾਂ। ਕੰਮੀਆਂ ਦੇ ਘਰਾਂ ਵਿਚ ਵਿਚਰਦਿਆਂ ਮੈਨੂੰ ਇਨ੍ਹਾਂ ਦੇ ਜਰਜਰ ਜੀਵਨ ਦੇ ਬਹੁਤ ਕਰੀਬ ਤੋਂ ਦਰਸ਼ਨ ਕਰਨ ਦਾ ਮੌਕਾ ਮਿਲਿਆ। ਮੈਂ ਇਨ੍ਹਾਂ ਦੇ ਕਲਿਆਣ ਬਾਰੇ ਸੋਚਣ ਲੱਗਾ। ਸੋ ਮੇਰਾ ਬਚਪਨ ਥੁੜ੍ਹਾਂ ਨਾਲ ਭਰਪੂਰ ਬਚਪਨ ਹੈ।

ਪ੍ਰਸ਼ਨ : **ਤੁਸੀਂ ਆਪਣੇ ਸਾਹਿਤਕ ਸਫ਼ਰ ਬਾਰੇ ਜਾਣਕਾਰੀ ਦਿਓ?**

ਉੱਤਰ : ਕਿਉਂਕਿ ਮੈਂ ਲੇਖਕਾਂ ਅਤੇ ਕਲਾਕਾਰਾਂ ਦੇ ਪਰਿਵਾਰ ਵਿਚ ਪੈਦਾ ਹੋਇਆ ਹਾਂ। ਲੇਖਕਾਂ (ਬਾਪ-ਦਾਦਾ) ਦੀ ਤਾਂ ਮੈਨੂੰ ਸੁਰਤ ਨਹੀਂ ਕਲਾਕਾਰਾਂ, (ਭਰਾ, ਚਾਚਾ ਤੇ ਹੋਰ) ਵਿਚ ਵਿਚਰਦਿਆਂ ਜਵਾਨ ਹੋਇਆ ਹਾਂ। ਮੇਰੇ ਚਾਚਾ ਜੀ ਸੰਤ ਰਾਮ ਦਰਬਾਰੀ ਪੱਧਰ ਦੇ ਉਸਤਾਦ ਕੀਰਤਨੀਏ ਸਨ। ਉਨ੍ਹਾਂ ਕੋਲ ਦੂਰੋਂ ਨੇੜਿਓਂ ਗਾਉਣ ਬਜਾਉਣ ਸਿਖਣ ਆਉਂਦੇ ਲੋਕਾਂ ਵਿਚ ਬੈਠਦਾ ਰਿਹਾ ਹਾਂ। ਮੈਨੂੰ ਉਨ੍ਹਾਂ ਨੂੰ ਗਾਉਣ ਸਿੱਖਦੇ ਵੇਖਣਾ ਚੰਗਾ ਲੱਗਦਾ ਸੀ। ਪਤਾ ਨਹੀਂ ਕਿਉਂ ਸਾਜ ਜਾਂ ਰਾਗ ਸਿੱਖਣ ਦੀ ਚਾਹ ਕਦੇ ਪੈਦਾ ਨਾ ਹੋਈ। ਮੇਰੇ ਦੋਵੇਂ ਵੱਡੇ ਭਰਾ ਵਿਦਵਾਨ ਨਹੀਂ ਸਨ। ਵੱਡੇ ਦੇ ਸਿਰ ਭਜਨ ਗਾਉਣ, ਤੀਰਥ ਸਥਾਨਾਂ 'ਤੇ ਘੁੰਮਣ ਅਤੇ ਕਥਾ-ਵਾਰਤਾ ਕਰ ਕੇ ਲੋਕ ਮੁਕਤੀ ਦਾ ਭੂਤ ਸਵਾਰ ਸੀ। ਦੂਜੇ ਦਾ ਪਿੰਡ ਵਿਚ ਡਾਂਗ ਦੇ ਜ਼ੋਰ ਵਿਚਰਨਾ, ਪਤੰਗਬਾਜ਼ੀ ਕਰਨਾ ਮੁੱਖ ਕੰਮ ਰਿਹਾ ਹੈ। ਇਸ ਲਈ ਉਨ੍ਹਾਂ ਨੂੰ ਘਰ ਵਿਚ ਵਗਦੀ ਵਿਦਿਆ ਰੂਪੀ ਗੰਗਾ ਵਿਚ ਹੱਥ ਧੋ ਲੈਣ ਦੀ ਵਿਹਲ ਹੀ ਨਹੀਂ ਸੀ। ਸਾਲ ਵਿਚ ਉਹ ਤਿੰਨ ਚਾਰ ਮਹੀਨੇ ਰਾਮ ਲੀਲਾ ਕਰਨ ਵਿਚ ਰੁੱਝੇ ਰਹਿੰਦੇ। ਪਿੱਛੋਂ ਨਾਟਕ ਚੱਲ ਪੈਂਦੇ। ਫੱਗਣ ਦੇ ਫਾਗ ਆ ਜਾਂਦੇ। ਮੇਰੇ ਦੋਵੇਂ ਭਰਾ ਸਟੇਜ ਦੇ ਵਧੀਆ ਰੰਗ ਕਰਮੀਂ ਮੰਨੇ ਗਏ ਸਨ। ਕਲਾ ਦੇ ਪੱਖੋਂ ਮੇਰਾ ਪਿੰਡ ਭਦੌੜ ਦੋ ਭਾਗਾਂ ਵਿਚ ਵੰਡਿਆ ਹੋਇਆ ਸੀ। ਇਕ ਦੀ ਅਗਵਾਈ ਦੇਵਿੰਦਰ ਸਤਿਆਰਥੀ ਜੀ ਦਾ ਘਰਾਣਾ ਕਰਦਾ ਸੀ ਦੂਜੇ ਦੀ ਕਮਾਨ ਮੇਰੇ ਪਰਿਵਾਰ ਕੋਲ ਸੀ। ਸਾਡੇ.ਧੜੇ ਦਾ ਨਾਂ ਜੈਦਾਂ ਦਾ ਪਾਸਾ ਤੇ ਦੂਜੇ ਦਾ ਨਾਂ ਪੁਰੀਆਂ ਦਾ ਪਾਸਾ ਸੀ। ਰਾਮ ਲੀਲ੍ਹਾ ਦੀਆਂ ਦੋ ਸਟੇਜਾਂ ਲੱਗਦੀਆਂ ਸਨ, ਪਰ ਦੁਸਹਿਰਾ ਇਕ ਮਨਾਇਆ ਜਾਂਦਾ। ਗੁਰਪੁਰਬ, ਦੁਰਗਾ ਦੀਆਂ ਝਾਕੀਆਂ ਜਾਂ ਪੀਰ ਦੇ ਉਰਸ ਵਿਚ ਸਭ ਕਲਾਕਾਰ ਸਮੁੱਚੀ ਸ਼ਮੂਲੀਅਤ ਕਰਦੇ। 1970 ਤੱਕ ਪਿੰਡ ਦਾ ਮਾਹੌਲ ਹਰ ਤਰ੍ਹਾਂ ਨਾਲ ਸੈਕੂਲਰ ਰਿਹਾ ਹੈ। ਇਸ ਤੋਂ ਪਿੱਛੋਂ ਸਿਆਸਤ ਐਸੀ ਘੁਸੜੀ ਕਿ ਦੁਸਹਿਰੇ ਵੀ ਦੋ ਲੱਗਣ ਲੱਗੇ। ਖਿੱਚੋ-ਤਾਣ ਵਧ ਗਈ। ਕਲਾ ਜੱਥੇ ਵਿਰੋਧੀ ਧੜਿਆਂ ਦਾ ਰੂਪ ਧਾਰਨ ਕਰ ਗਏ। ਲੜਾਈ ਝਗੜੇ ਅਤੇ ਮੁਕੱਦਮੇਬਾਜ਼ੀ ਸ਼ੁਰੂ ਹੋ ਗਈ। ਕਲਾ ਦਾ ਮੰਜ਼ਰ ਕਲ੍ਹਾ ਵਿਚ ਬਦਲ ਗਿਆ।

ਹੁਣ ਤੱਕ ਮੈਂ ਸਟੇਜ ਨਾਲ ਜੁੜਿਆ ਰਿਹਾ ਸਾਂ। ਪਹਿਲੀ ਕਵਿਤਾ ਅੱਠਵੀਂ ਜਮਾਤ ਵਿਚ ਪੜ੍ਹਦਿਆਂ ਲਿਖੀ ਸੀ ਜਿਸ ਦੇ ਬਦਲੇ ਭਰਾਵਾਂ ਵਲੋਂ ਤਕੜੀ ਡਾਂਟ ਮਿਲੀ। ਇਸ ਡਾਂਟ ਨੇ ਮੈਨੂੰ ਲੇਖਨ ਨਾਲ ਪੱਕੇ ਤੌਰ 'ਤੇ ਬੰਨ੍ਹ ਦਿੱਤਾ। ਘਰ ਦੇ ਹਰ ਕੰਮ ਦੀ ਵਿਰੋਧਤਾ ਮੇਰਾ ਸੁਭਾਅ ਬਣਦਾ ਜਾ ਰਿਹਾ ਸੀ। ਕੋਈ ਵੀ ਮੈਨੂੰ ਪਿਆਰ ਨਾਲ ਨਹੀਂ ਸੀ ਲੈ ਰਿਹਾ ਜੋ ਕੋਈ ਬੁਲਾਉਂਦਾ ਜਾਂ ਤਾਂ ਕੰਮ ਦਾ ਹੁਕਮ ਚਾੜ੍ਹਦਾ ਜਾਂ ਫਿਰ ਮੈਨੂੰ ਪੜ੍ਹਨ ਤੋਂ ਰੋਕਣ ਲਈ ਮੇਰੇ ਪੜ੍ਹਾਈ ਦੇ ਨੁਕਸ ਛਾਂਟਦਾ। ਮੈਂ ਚੁੱਪ ਚਾਪ ਗੀਤ ਲਿਖਦਾ ਰਿਹਾ ਜਿਨ੍ਹਾਂ ਵਿਚਲੇ ਰੁਮਾਂਟਿਕ ਬਿਰਤਾਂਤ ਨੇ ਮੇਰੇ ਪ੍ਰਤੀ ਭਰਾਵਾਂ ਦੇ ਮਨ ਵਿਚ ਬੜੇ ਵੱਡੇ ਤੌਖਲੇ ਖੜੇ ਕਰ ਦਿੱਤੇ। ਸ਼ਾਇਦ ਇਹ ਉਨ੍ਹਾਂ ਦੇ ਅਨੁਸਾਰ ਧਾਰਮਿਕ ਵਿਸ਼ਵਾਸਾਂ ਦਾ ਵਿਰੋਧ ਸੀ। ਉਹ ਮੈਨੂੰ ਕਹਿੰਦੇ ਜੇ ਲਿਖਣੈ ਤਾਂ ਭਜਨ ਲਿਖਿਆ ਕਰ। ਮੈਨੂੰ ਉਹਨਾਂ ਦੀ ਗੱਲ ਪ੍ਰਵਾਨ ਨਾ ਹੋਈ। ਉਨ੍ਹਾਂ ਦੇ ਰੰਗੜਪੁਣੇ ਅਤੇ ਮੇਰੀ ਜ਼ਿੱਦ ਕਾਰਨ ਮੇਰੇ ਕਈ ਦੇਸ਼ ਪਿਆਰ ਦੇ ਗੀਤ ਵੀ ਪਾੜ ਕੇ ਸੁੱਟ ਦਿੱਤੇ ਗਏ ਕਿਉਂਕਿ ਉਹਨਾਂ ਵਿਚ ਸ਼ਿੰਗਾਰ ਰਸ ਭਾਰੂ ਸੀ। ਜਦੋਂ ਵੀ ਕਦੇ ਮੇਰੇ ਅੰਦਰ ਕੋਈ ਭਾਵ ਪੈਦਾ ਹੁੰਦਾ ਮੈਂ ਉਸਨੂੰ ਰਫ਼ ਕਾਪੀ ਵਿਚ ਲਿਖ ਲੈਂਦਾ। ਕਿਉਂਕਿ ਮੇਰੀ ਇਸ ਕਾਪੀ ਨੂੰ ਕਦੇ ਕਿਸੇ ਨਹੀਂ ਸੀ ਪੜ੍ਹਿਆ। 1961 ਵਿਚ ਮੈਂ ਬਠਿੰਡੇ ਜੇ.ਬੀ.ਟੀ. ਸਕੂਲ ਵਿਚ ਪਹਿਲੀ ਵਾਰ ਜੰਤਕ ਸਟੇਜ ਤੋਂ

**ਮੈਂ ਭਗਤ ਸਿੰਘ ਦੀ ਭੈਣ**
**ਸ਼ੇਰਨੀ ਸਾਰੇ ਮੈਨੂੰ ਕਹਿਣ**



**ਮੈਂ ਵੈਰੀਆਂ ਦੇ ਨੱਕ ਮੋੜਨੇ**
**ਮੈਂ ਜ਼ਾਲਮਾਂ ਦੇ ਹੱਥ ਤੋੜਨੇ।**

ਕਵਿਤਾ ਪੜ੍ਹੀ ਤਾਂ ਮੇਰੇ ਸਾਥੀਆਂ ਤੇ ਅਧਿਆਪਕਾਂ ਨੇ ਮੇਰੀ ਹੌਸਲਾ ਅਫ਼ਜ਼ਾਈ ਕੀਤੀ। ਹੁਣ ਮੈਂ ਘਰ ਦੇ ਘੁਟਣ ਭਰੇ ਮਾਹੌਲ ਵਿਚੋਂ ਆਜ਼ਾਦ ਸਾਂ। ਮੇਰੀ ਹਲਾਸ਼ੇਰੀ ਕਿਸੇ ਨਹੀਂ ਸੀ ਕਰਨੀ। ਸੋ ਮੈਂ ਇਸ ਸਮੇਂ ਖੁੱਲ੍ਹ ਕੇ ਕਵਿਤਾ ਗੀਤ ਲਿਖਦਾ ਰਿਹਾਂ। ਇਸ ਸਮੇਂ ਲਿਖੇ ਗੀਤਾਂ ਦੀ ਡਾਇਰੀ 1971 ਵਿਚ ਚੋਰੀ ਹੋ ਗਈ ਤੇ ਮੈਂ ਕਵਿਤਾ ਲਿਖਣੀ ਬੰਦ ਕਰ ਦਿੱਤੀ। ਸਾਹਿਤ ਸਭਾਵਾਂ ਦੇ ਗਠਨ ਅਤੇ ਸਾਹਿਤਕ ਇਕੱਠ ਕਰਨ ਲੱਗ ਪਿਆ।

**ਪ੍ਰਸ਼ਨ : ਤੁਸੀਂ ਰਾਜਨੀਤਕ ਪ੍ਰਤੀਬੱਧ ਲੇਖਕ ਹੋ ਤੇ ਯੂਨੀਅਨ ਵਿਚ ਵੀ ਕੰਮ ਕਰਦੇ ਰਹੇ ਹੋ। ਖੇਤਰੀ ਕਾਰਜ ਤੇ ਸਾਹਿਤ ਰਚਨਾ ਦੇ ਸਬੰਧ ਬਰਾਬਰ ਕਿਵੇਂ ਨਿਭਦੇ ਹਨ? ਇਕ ਦੂਜੇ ਉੱਤੇ ਇਨ੍ਹਾਂ ਦਾ ਕੀ ਪ੍ਰਭਾਵ ਹੈ?**

ਉੱਤਰ : ਮੈਂ ਜੋ ਵੀ ਕੰਮ ਕੀਤਾ ਹੈ ਲਗਨ ਨਾਲ ਅਤੇ ਆਪਣੀ ਸਮਰੱਥਾ ਅਨੁਸਾਰ ਹੀ ਕੀਤਾ ਹੈ। ਮੈਂ ਆਪਣੀ ਡਿਊਟੀ (ਪੜ੍ਹਾਉਣ) ਪ੍ਰਤੀ ਵੱਧ ਤੋਂ ਵੱਧ ਸਮਰਪਿਤ ਰਿਹਾ ਹਾਂ। ਮੈਂ ਅਤੇ ਮੇਰੇ ਮਰਹੂਮ ਦੋਸਤ ਡਾਕਟਰ ਗੁਲਜ਼ਾਰ ਸਿੰਘ ਭੁੱਲਰ ਐੱਸ.ਐੱਮ.ਓ. ਨੇ ਆਪੋ ਆਪਣੇ ਖੇਤਰ ਵਿਚ ਲੋਕਾਂ ਦੀ ਸੇਵਾ ਕਰਨ ਦਾ ਪ੍ਰਣ ਕੀਤਾ ਸੀ। ਇਸ ਪ੍ਰਣ ਦੀ ਪਿੱਠ ਭੂਮੀ ਵਿਚ ਇਕ ਘਟਨਾ ਹੈ। ਮੈਂ ਡਾਕਟਰ ਸਾਹਿਬ ਦੇ ਪਿੰਡ ਘੁੱਨਸ ਪਹਿਲੀ ਵਾਰ ਮਾਸਟਰ ਲੱਗ ਕੇ ਹਾਜ਼ਰ ਹੋਇਆ ਸਾਂ। ਦੂਜੀ ਜਮਾਤ ਦਾ ਵਿਦਿਆਰਥੀ ਦਰਸ਼ਨ ਸਿੰਘ ਚੁਸਤ-ਫੁਰਤ ਮੁੰਡਾ ਸੀ। ਦਸੰਬਰ ਦਾ ਮਹੀਨਾ ਸੀ। ਮੈਂ ਜਮਾਤ ਦੀ ਹਾਜ਼ਰੀ ਲਾ ਕੇ ਰਜਿਸਟਰ ਮੇਜ਼ 'ਤੇ ਰੱਖਿਆ ਤਾਂ ਉਸ ਦੀ ਮਾਂ ਨੇ ਉਸ ਨੂੰ ਮੇਰੇ ਕੋਲ ਲਿਆ ਕੇ ਕਿਹਾ, "ਵੀਰਾ ਇਹਨੂੰ ਪਹਿਲਾਂ ਪੜ੍ਹਾ ਦੇ, ਫੇਰ ਮੈਂ ਲੱਕੜਾਂ ਚੁੱਗਣ ਲਿਜਾਣੈ ਸੜਕ ਤੋਂ ।" ਮਾਂ ਦੇ ਬੋਲਾਂ ਤੇ ਪੁੱਤ ਦੀਆਂ ਅੱਖਾਂ ਵਿਚਲੀ ਮਜਬੂਰੀ ਨੇ ਮੈਨੂੰ ਧੁਰ ਅੰਦਰ ਤੱਕ ਹਿਲਾ ਦਿੱਤਾ। ਉਨ੍ਹਾਂ ਵਿਚੋਂ ਮੈਨੂੰ ਮੇਰਾ ਬਚਪਨ ਦਿਸਣ ਲੱਗਾ। ਉਸ ਰਾਤ ਮੈਂ ਸੌਂ ਨਾ ਸਕਿਆ। ਸਮਾਜ ਵਿਚ ਪਸਰੀ ਅਸਮਾਨਤਾ ਨੇ ਮੈਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਰੋਟੀ ਤੇ ਵਿਦਿਆ ਦੋਵਾਂ ਵਿਚੋਂ ਕਿਹੜੀ ਦਾ ਦਰਜਾ ਅੱਵਲ ਹੈ। ਭਾਵੇਂ ਇਸ ਦਾ ਉਤਰ ਬੜਾ ਸਰਲ ਹੈ ਕਿ ਪਰ ਇਸ ਦਾ ਸਮਾਧਾਨ ਅੱਜ ਮੇਰੇ ਰਿਟਾਇਰ ਹੋ ਜਾਣ ਤੀਕ ਵੀ ਨਹੀਂ ਕੀਤਾ ਜਾ ਸਕਿਆ। ਰੋਟੀ ਨੇ ਮੈਨੂੰ ਯੂਨੀਅਨ ਵੱਲ ਤੇ ਵਿਦਿਆ ਨੇ ਸਾਹਿਤ ਵੱਲ ਧੱਕ ਦਿੱਤਾ।

ਮੈਂ ਆਪਣੇ ਕਿੱਤੇ ਅਤੇ ਲੋਕਾਂ ਪ੍ਰਤੀ ਸਮਰਪਿਤ ਹੋ ਕੇ ਨੌਕਰੀ ਕੀਤੀ ਹੈ। ਉਸ ਵੇਲੇ ਪ੍ਰਾਇਮਰੀ ਅਧਿਆਪਕਾਂ ਦੀ ਦਸ਼ਾ ਦੀਨਾਂ ਵਾਲੀ ਸੀ। ਸੌ ਰੁਪਏ ਤਨਖਾਹ ਵਿਚ ਅਧਿਆਪਕ ਦਾ ਮਹੀਨਾ ਮਸਾਂ ਲੰਘਦਾ ਸੀ। ਅਫ਼ਸਰਾਂ ਦੀ ਇਕੋ ਘੁਰਕੀ ਅਧਿਆਪਕ ਦਾ ਪਸੀਨਾ ਛੁਡਾ ਦਿੰਦੀ ਸੀ। ਪੰਜਾਬ ਵਿਚ ਅਧਿਆਪਕ ਯੂਨੀਅਨ ਜਨਮ ਲੈ ਰਹੀ ਸੀ। ਬੀ.ਈ.ਓ. ਸਾਹਿਬ ਸਵੇਰੇ ਗਿਆਰਾਂ ਵਜੇ ਦੀ ਗੱਡੀ ਉੱਤਰ ਕੇ ਮੇਰੇ ਸਕੂਲ ਪਹੁੰਚ ਗਏ ਤੇ ਨਾਲ ਦੇ ਸਕੂਲ ਚੱਲਣ ਲਈ ਕਿਹਾ। ਮੈਂ ਦੋ ਸਾਈਕਲ ਤਿਆਰ ਕਰ ਲਏ ਤਾਂ ਉਨ੍ਹਾਂ ਕਿਹਾ ਇਕੋ ਸਾਈਕਲ 'ਤੇ ਚੱਲਾਂਗੇ ਇਸ ਦਾ ਅਰਥ ਸੀ ਕਿ ਪੰਜ ਮੀਲ ਦਾ ਕੱਚਾ ਰਸਤਾ ਦੂਹਰੀ ਸਵਾਰੀ ਖਿੱਚਣੀ ਜੋ ਮੇਰੀ ਸਮਰੱਥਾ ਤੋਂ ਬਾਹਰ ਸੀ। ਮੈਂ ਨਾਂਹ ਕਰ ਦਿੱਤੀ। ਉਨ੍ਹਾਂ ਨੇ ਅੱਖਾਂ ਲਾਲ ਕਰ ਕੇ ਰੋਹਬ ਨਾਲ ਨਾਲ ਲਿਜਾਣਾ ਚਾਹਿਆ। ਮੈਂ ਇਕ ਸਾਈਕਲ ਉਨ੍ਹਾਂ ਦੇ ਅੱਗੇ ਕਰ ਕੇ ਕਿਹਾ , "ਸਿੱਧਾ ਰਾਹ ਜਾਂਦੈ ਤੁਸੀਂ ਇਕੱਲੇ ਚਲੇ ਜਾਉ। ਮੈਂ ਨਹੀਂ ਜਾਵਾਂਗਾ, ਨਾਲ ਦੇ ਮਾਸਟਰ ਜੀ ਛੁੱਟੀ ਗਏ ਹਨ। ਸਕੂਲ ਬੰਦ ਕਰਨਾ ਪਵੇਗਾ।" ਮੈਂ ਨਾ ਜਾਣਾ ਸੀ ਤੇ ਨਾ ਗਿਆ। ਇਹ ਗੱਲ ਪੂਰੇ ਬਲਾਕ ਵਿਚ ਫੈਲ ਗਈ। ਕਈ ਬਜ਼ੁਰਗ ਅਧਿਆਪਕਾਂ ਨੇ ਮੇਰੀ ਤਿੱਖੀ ਆਲੋਚਨਾ ਕੀਤੀ ਪਰ ਪ੍ਰ: ਐਸੋਸੀਏਸ਼ਨ ਵਾਲੇ ਅਧਿਆਪਕਾਂ ਨੇ ਮੈਨੂੰ

ਆਪਣੇ ਕੰਮ ਦਾ ਬੰਦਾ ਸਮਝ ਆਲੋਚਕਾਂ ਦਾ ਮੂੰਹ ਬੰਦ ਕਰ ਦਿੱਤਾ। ਇਸ ਤੋਂ ਬਾਅਦ ਮੇਰਾ ਕਾਰਜ ਖੇਤਰ ਸਕੂਲ ਦੇ ਨਾਲ-ਨਾਲ ਅਧਿਆਪਕ ਜੱਥੇਬੰਦੀ ਤੀਕ ਫੈਲ ਗਿਆ। ਖੇਤਰੀ ਕਾਰਜ ਨੇ ਮੈਨੂੰ ਲੋਕ-ਮਾਨਸਿਕਤਾ ਨੂੰ ਸਮਝਾਇਆ। ਆਮ ਲੋਕਾਂ ਦਾ ਜੀਉਣ ਢੰਗ ਨੇੜਿਉਂ ਵਾਚਿਆ। ਸਮਾਜ ਵਿਚ ਅੱਸੀ ਪ੍ਰਤੀਸ਼ਤ ਲੋਕਾਂ ਦੀ ਹਾਲਤ ਮੇਰੇ ਜਿਹੀ ਹੀ ਸੀ। ਮੈਂ ਸੁਹਿਰਦਤਾ ਨਾਲ ਪਠਨ ਪਾਠਨ ਅਤੇ ਅਧਿਆਪਕ ਵਰਗ ਪ੍ਰਤੀ ਸਮਰਪਿਤ ਹੋ ਕੇ ਜੀਣ ਦਾ ਅਹਿਦ ਕਰ ਲਿਆ। ਮੈਂ ਸਿੱਧਾ ਰਾਜਨੀਤੀ ਨਾਲ ਪ੍ਰਤੀਬੱਧ ਹੋਣ ਦੀ ਥਾਂ ਲੋਕਾਂ ਨਾਲ ਪ੍ਰਤੀਬੱਧ ਹਾਂ ਉਹ ਵੀ ਉਨ੍ਹਾਂ ਨਾਲ ਜਿਨ੍ਹਾਂ ਨੂੰ ਅੱਜ ਵੀ ਪੜ੍ਹਾਈ ਨਾਲੋਂ ਲੱਕੜਾਂ ਚੁਗਣਾ ਜ਼ਰੂਰੀ ਹੈ।

ਇਸ ਲਈ ਮੈਂ ਸਪੱਸ਼ਟ ਰੂਪ ਵਿਚ ਸਮਝ ਚੁੱਕਿਆ ਹਾਂ ਕਿ ਖੇਤਰੀ ਕਾਰਜ ਵਿਚ ਸਰਗਰਮੀ ਤੋਂ ਬਿਨਾਂ ਕੀਤੀ ਸਾਹਿਤ ਰਚਨਾ ਪੇਤਲਾ ਪ੍ਰਭਾਵ ਹੀ ਪਾ ਸਕੇਗੀ। ਸਮਾਜ ਦੀਆਂ ਸਥਿਤੀਆਂ, ਪ੍ਰਸਥਿਤੀਆਂ ਤੇ ਸੱਭਿਆਚਾਰ ਲੋਕਾਂ ਤੋਂ ਦੂਰ ਰਹਿ ਕੇ ਨਹੀਂ ਸਮਝੇ ਜਾ ਸਕਦੇ। ਲੋਕਾਂ ਨੂੰ ਚੇਤੰਨ ਕਰਨ ਲਈ ਲੋਕਾਇਤ ਅਤੇ ਲੋਕਧਾਰਾ ਨੂੰ ਵਰਤਣਾ ਅਤਿ ਜ਼ਰੂਰੀ ਹੈ। ਇਹ ਗਲਤੀ ਭਾਰਤੀ ਕਾਮਰੇਡਾਂ ਨੇ ਕੀਤੀ ਤਾਂ ਹੀ ਤਾਂ ਕਾਂਸ਼ੀ ਰਾਮ ਨੇ ਸਰਵਹਾਰਾ ਵਰਗ ਆਪਣੇ ਦੁਆਲੇ ਇਕੱਠਾ ਕਰ ਲਿਆ।

1971 ਤੋਂ ਪਿੱਛੋਂ ਜੱਥੇਬੰਦੀ ਵਿਚ ਰਾਜਨੀਤੀ ਦਾ ਸਿੱਧਾ ਦਖ਼ਲ ਸ਼ੁਰੂ ਹੋ ਗਿਆ। ਰਾਜਸੀ ਪਾਰਟੀਆਂ ਨੇ ਆਪਣੇ ਬੰਦਿਆਂ ਦੀ ਘੁਸਪੈਠ ਕਰਵਾ ਦਿੱਤੀ। ਕੁਠਾਰੀ ਕਮਿਸ਼ਨ ਅਤੇ ਹੋਰ ਆਰਥਕ ਲੜਾਈਆਂ ਦੀ ਜਿੱਤ ਸਦਕਾ ਅਧਿਆਪਕਾਂ ਦੀ ਮਾਲੀ ਹਾਲਤ ਕੁੱਝ ਚੰਗੀ ਹੋ ਗਈ ਸੀ। ਸਮਰੱਥ ਘਰਾਂ ਦੇ ਮੁੰਡੇ-ਕੁੜੀਆਂ ਸੱਜਾ-ਖੱਬਾ ਕਰ ਕੇ ਜੇ.ਬੀ.ਟੀ. ਕਰਦੇ ਤੇ ਮਾਸਟਰ ਬਣ ਜਾਂਦੇ। ਜੱਥੇਬੰਦੀ ਵਿਚ ਸ਼ਰਾਬ ਦਾ ਬੋਲਬਾਲਾ ਹੋਣ ਲੱਗ ਪਿਆ। ਸਕੂਲਾਂ ਵਿਚ ਪੜ੍ਹਾਉਣ ਦੀ ਥਾਂ ਸਿਆਸਤ ਘੁੱਟਣ ਲੱਗੀ। ਅਧਿਆਪਕ ਗੁੱਟਬੰਦੀ ਦਾ ਸ਼ਿਕਾਰ ਹੋ ਗਏ। ਕਾਮੇ ਅਧਿਆਪਕਾਂ ਦੀ ਥਾਂ ਸ਼ਰਾਬੀ ਤੇ ਰਾਜਸੀ ਬੈਕ ਵਾਲੇ ਵਿਹਲੜ ਅਧਿਆਪਕਾਂ ਦੀ ਚੌਧਰ ਹੋ ਗਈ। ਮੁੱਖ ਅਧਿਆਪਕਾਂ ਨੇ ਵੀ ਹਥਿਆਰ ਸੁੱਟਣੇ ਸ਼ੁਰੂ ਕਰ ਦਿੱਤੇ। ਸਕੂਲਾਂ ਵਿਚ ਸ਼ਰਾਬ ਤੋਂ ਬਿਨਾਂ ਹੋਰ ਉਪਾਧੀਆਂ ਵੀ ਹੋਣ ਲੱਗ ਪਈਆਂ। ਅਸੀਂ ਇਨ੍ਹਾਂ ਦਾ ਵਿਰੋਧ ਕਰਨ ਲੱਗੇ ਤਾਂ ਹਰ ਫਰੰਟ 'ਤੇ ਘੱਟ ਗਿਣਤੀ ਤੇ ਰਾਜਸੀ ਨੇਤਾਵਾਂ ਦੇ ਦਖ਼ਲ ਕਾਰਨ ਸੱਚੇ ਦਾ ਪੱਖ ਕਰਦੇ ਵੀ ਹਾਰ ਜਾਂਦੇ ਰਹੇ। ਮੈਂ ਇਸ 'ਤੇ ਬੜਾ ਦੁਖੀ ਹੁੰਦਾ। ਮੈਨੂੰ ਯਾਦ ਹੈ ਕਿ 35 ਅਧਿਆਪਕਾਂ ਵਿਚੋਂ ਅਸੀਂ ਦੋ ਇਕ ਪਾਸੇ ਸਾਂ ਬਾਕੀ ਦੇ ਸਾਰੇ ਨਹੀਂ ਤਾਂ ਬਹੁਤੇ ਸਾਡੇ ਵਿਰੋਧ ਵਿਚ ਖੜੇ ਸਨ। ਆਪਣੇ ਆਪ 'ਤੇ ਦੁਖੀ ਹੋਣ ਖਿਝਣ ਤੋਂ ਵੱਧ ਕੁਝ ਨਹੀਂ ਸਾਂ ਕਰ ਸਕਦਾ। ਲੜਕੀਆਂ ਅਤੇ ਅਧਿਆਪਕਾਵਾਂ ਦਾ ਸ਼ੋਸ਼ਣ ਜਰਿਆ ਨਹੀਂ ਸੀ ਜਾਂਦਾ, ਪਰ ਅਧਿਆਪਕਾਵਾਂ ਵੀ ਤਾਂ ਡਰ ਜਾਂ ਕਿਸੇ ਲਾਲਚ ਵੱਸ ਸਾਡਾ ਸਾਥ ਨਹੀਂ ਸਨ ਦੇ ਰਹੀਆਂ। ਸਗੋਂ ਸਾਨੂੰ ਫਸਾ ਕੇ ਵਿਰੋਧੀਆਂ ਦੇ ਪੱਖ ਵਿਚ ਤੁਰ ਜਾਂਦੀਆਂ ਸਨ। ਯੂਨੀਅਨ ਵਿਚ ਬਹੁ-ਗਿਣਤੀ ਦਾ ਪੱਖ ਲਿਆ ਜਾਣ ਲੱਗਾ ਤਾਂ ਸਾਨੂੰ ਹੋਰ ਵੀ ਕਸ਼ਟ ਹੋਣ ਲੱਗਾ। ਬੜੀ ਲੰਬੀ ਸੋਚ ਵਿਚਾਰ ਤੋਂ ਪਿੱਛੋਂ ਮੈਂ ਆਪਣਾ ਕਾਰਜ ਖੇਤਰ ਬਦਲਣ ਦਾ ਫੈਸਲਾ ਕਰ ਲਿਆ। ਜੱਥੇਬੰਦੀ ਦੀ ਥਾਂ ਅਧਿਆਪਨ ਅਤੇ ਸੱਭਿਆਚਾਰਕ ਗਤੀਵਿਧੀਆਂ ਆਰੰਭ ਕਰ ਦਿੱਤੀਆਂ। ਖੇਡਾਂ, ਉਸਾਰੂ ਸਾਹਿਤਕ ਪ੍ਰੋਗਰਾਮ ਅਤੇ ਨਿੱਜੀ ਪੱਧਰ 'ਤੇ ਬਾਲਗ ਵਿਦਿਆ ਸ਼ੁਰੂ ਕਰ ਦਿੱਤੀ। ਦਿਹਾੜੀਦਾਰ ਦਿਨੇ ਦਿਹਾੜੀ ਕਰਦੇ ਤੇ ਰਾਤ ਨੂੰ ਮੇਰੇ ਕੋਲੋਂ ਪੰਜਾਬੀ ਪੜ੍ਹਦੇ। ਕਈ ਵਾਰ ਉਨ੍ਹਾਂ ਦੀਆਂ ਘਰੇਲੂ ਤੇ ਕੰਮ ਦੀਆਂ ਸਮੱਸਿਆਵਾਂ ਸੁਲਝਾਉਣ ਦਾ ਕੰਮ ਕਰਨਾ ਪੈਂਦਾ। ਜਿਸ ਨੇ ਮੈਨੂੰ ਜਮਾਤੀ ਸੂਝ ਬਖਸ਼ੀ। ਆਪਣੇ ਮਨ ਦਾ ਗੁੱਭ-ਗੁਭਾਟ ਕੱਢਣ ਲਈ ਕਰਮ ਖੇਤਰ ਵਿਚੋਂ ਸਾਹਿਤਕ ਵਿਸ਼ੇ ਮਿਲਣ ਲੱਗੇ। ਮੈਂ ਸਾਹਿਤ ਸਭਾ ਦਾ



ਗਠਨ ਕਰ ਲਿਆ।

ਆਪਣੇ ਕਾਰਜ ਖੇਤਰ ਵਿਚ ਤੁਸੀਂ ਕਿਸ ਧਿਰ ਪ੍ਰਤੀ ਸਹਿਰਦ ਹੋ ਕੇ ਵਿਚਰਨਾ ਹੈ? ਮੇਰੀ ਪ੍ਰਤੀਬੱਧਤਾ ਇਸੇ ਗੱਲ ਨਾਲ ਹੈ। ਸਾਹਿਤ ਸਮਾਜ ਦੇ ਘਟਨਾਕ੍ਰਮ ਦਾ ਪਰਤੌ ਹੈ ਇਸ ਲਈ ਇਨ੍ਹਾਂ ਦਾ ਬਰਾਬਰ ਨਿਭਾ ਔਖਾ ਨਹੀਂ ਹੈ। ਖੇਤਰੀ ਕਾਰਜ ਤੇ ਸਾਹਿਤ ਸਿਰਜਨਾ ਇਕ ਦੂਜੇ ਦੇ ਵਿਰੋਧੀ ਘੱਟ ਹਨ ਪੂਰਕ ਜਾਂ ਸਹਾਇਕ ਵੱਧ ਹਨ। ਨਿਜੀ ਜੀਵਨ ਵਿਚ ਗਰਕਣ ਦੀ ਥਾਂ ਸਮਾਜਕ ਕਾਰਜਾਂ ਵਿਚ ਰੁੱਝਣਾ ਤੁਹਾਡੇ ਵਿਚਾਰਾਂ ਨੂੰ ਉਸਾਰੂ ਬਣਾਏਗਾ। ਤੁਸੀਂ ਸਮਾਜ ਦੇ ਚਲਣ ਦੀ ਜਟ਼ਲਤਾ ਨੂੰ ਸਮਝਣ ਦੇ ਸਮਰੱਥ ਹੋ ਜਾਵੋਂਗੇ। ਅਜਿਹੀ ਸੂਝ ਨਾਲ ਲੈਸ ਹੋ ਕੇ ਲਿਖੀ ਲਿਖਤ ਉਸਾਰੂ ਤੇ ਪ੍ਰਗਤੀਸ਼ੀਲ ਹੋਵੇਗੀ। ਇਸ ਤਰ੍ਹਾਂ ਖੇਤਰੀ ਕਾਰਜ ਤੇ ਸਾਹਿਤ ਸਿਰਜਨਾ ਸਿੱਧੇ ਰੂਪ ਵਿਚ ਇਕ ਦੇਹ ਹਨ।

**ਪ੍ਰਸ਼ਨ : ਰਾਜਨੀਤਿਕ ਪ੍ਰਤੀਬਧਤਾ ਦਾ ਸਾਹਿਤ ਸਿਰਜਨ ਵਿਚ ਕੀ ਰੋਲ ਹੈ? ਇਹ ਕਦੇ ਬਾਧਕ ਨਹੀਂ ਬਣੀ?**

ਉੱਤਰ : ਰਾਜਨੀਤੀ ਅਤੇ ਸਾਹਿਤ ਦਾ ਸਿੱਧਾ ਸੰਬੰਧ ਹੈ। ਦੋਵਾਂ ਦਾ ਪ੍ਰਭਾਵ ਖੇਤਰ ਸਮਾਜ ਹੈ। ਦੋਵੇਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਇਕ ਦੂਜੇ ਨੂੰ ਪ੍ਰਭਾਵਿਤ ਵੀ ਕਰਦੇ ਹਨ। ਲੋਕਾਂ ਦੀਆਂ ਸਮੱਸਿਆਵਾਂ, ਦੁੱਖਾਂ-ਸੁੱਖਾਂ ਵਿਚ ਲੇਖਕ ਆਪਣੀ ਲੇਖਣੀ ਰਾਹੀ ਸ਼ਮੂਲੀਅਤ ਕਰਦਾ ਹੈ। ਰਾਜਨੀਤੀ ਆਪਣੇ ਪੈਂਤੜੇ ਤੋਂ ਦਖ਼ਲ ਦਿੰਦੀ ਹੈ। ਦੋਵਾਂ ਦੇ ਉਦੇਸ਼ ਆਪੋ-ਆਪਣੇ ਹਨ। ਲੋਕ ਪੱਖੀ ਸਿਆਸਤ ਨਾਲ ਪ੍ਰਤੀਬੱਧ ਹੋ ਕੇ ਲਿਖਣ ਵਾਲੇ ਲੇਖਕ 'ਤੇ ਇਕ ਪਾਬੰਦੀ ਆਇਦ ਹੋ ਜਾਂਦੀ ਹੈ ਜੋ ਲੱਛਮਣ ਰੇਖਾ ਜਿਹਾ ਪ੍ਰਭਾਵ ਰੱਖਦੀ ਹੈ। ਇਸ ਗੱਲ ਦਾ ਧਿਆਨ ਰੱਖ ਕੇ ਲਿਖਣ ਵਾਲਾ ਸਾਹਿਤਕਾਰ ਬਾਧਾਵਾਂ ਅਸਾਨੀ ਨਾਲ ਪਾਰ ਕਰ ਜਾਂਦਾ ਹੈ। ਰਾਜਨੀਤੀ ਤੋਂ ਅਲਗਾਵ ਵਿਖਾਉਣ ਵਾਲਾ ਵੀ ਰਾਜਨੀਤੀ ਨਾਲ ਪ੍ਰਤੀਬੱਧ ਹੀ ਹੁੰਦਾ ਹੈ। ਉਹ ਨਿਰਲੇਪਤਾ ਦੇ ਮਖੌਟੇ ਹੇਠ ਰਾਜਨੀਤੀ ਪ੍ਰਤੀ ਪ੍ਰਤੀਬੱਧਤਾ ਰੱਖਦਾ ਹੈ। ਉਸ ਦੀ ਪ੍ਰਤੀਬੱਧਤਾ ਮੌਕਾ ਪ੍ਰਸਤ ਹੈ।

ਰਾਜਨੀਤਕ ਪ੍ਰਤੀਬੱਧਤਾ ਦੇ ਸਾਹਿਤ ਸਿਰਜਨ ਵਿਚ ਬਾਧਕ ਹੋਣਾ ਜਾਂ ਨਾ ਹੋਣਾ ਲੇਖਕ ਦੀ ਸੋਚ 'ਤੇ ਨਿਰਭਰ ਕਰਦਾ ਹੈ। ਰਾਜਨੀਤੀ ਬਾਧਕ ਹੈ ਵੀ ਤੇ ਨਹੀਂ ਵੀ। ਬਾਧਕ ਇਸ ਲਈ ਹੈ ਕਿ ਖੇਤਰੀ ਕਾਰਜ ਕਰਦਿਆਂ ਸਮਾਂ ਤੇ ਸ਼ਕਤੀ ਬਹੁਤ ਨਸ਼ਟ ਹੁੰਦੀ ਹੈ। ਕਈ-ਕਈ ਦਿਨ ਸਿਰ ਤੋੜ ਯਤਨ ਕਰਨ ਦਾ ਸਿੱਟਾ ਸਿਫ਼ਰ ਨਿਕਲਦਾ ਹੈ। ਜਿਸ ਕਰਕੇ ਨਿਰਾਸ਼ਾ ਹੁੰਦੀ ਹੈ। ਇਸ ਦੇ ਉਲਟ ਜੁਝਾਰਪੁਣਾ ਵੀ ਪੈਦਾ ਹੁੰਦਾ ਹੈ, ਪੁਨਰ ਵਿਚਾਰ ਤੇ ਮੁਲਾਂਕਣ ਕਰਨ ਕਰ ਕੇ ਧੀਰਜ, ਸਿਰੜ, ਲਗਨ ਜਿਹੇ ਗੁਣਾਂ ਦਾ ਪੈਦਾ ਹੋ ਜਾਣਾ ਸੁਭਾਵਿਕ ਹੁੰਦਾ ਹੈ। ਜੋ ਸਾਹਿਤ ਸਿਰਜਣ ਵਿਚ ਰੋਲ ਮਾਡਲ ਸਿਰਜਣਾ ਲਈ ਜ਼ਰੂਰੀ ਹੋਣੇ ਚਾਹੀਦੇ ਹਨ।

**ਪ੍ਰਸ਼ਨ : ਤੁਹਾਨੂੰ ਨਾਵਲਕਾਰ ਤੇ ਤੌਰ 'ਤੇ ਜਾਣਿਆ ਜਾਂਦਾ ਹੈ। ਕੀ ਤੁਸੀਂ ਸ਼ੁਰੂਆਤੀ ਕਾਵਿ-ਰਚਨਾ ਤੋਂ ਇਲਾਵਾ ਕਿਸੇ ਹੋਰ ਵਿਧਾ 'ਤੇ ਵੀ ਹੱਥ ਅਜ਼ਮਾਇਆ ਹੈ?**

ਉੱਤਰ : ਸ਼ੁਰੂ ਕਵਿਤਾ ਗੀਤ ਤੋਂ ਹੋਇਆ ਹਾਂ। ਇਕਾਂਗੀ ਖਾਸ ਕਰ ਹਾਸ ਵਿਅੰਗ ਕੌਮਿਕ ਸਟੇਜ ਲਈ ਲਿਖੇ ਤੇ ਖੇਡੇ ਹਨ। ਕਹਾਣੀਆਂ ਵੀ ਲਿਖੀਆਂ ਹਨ। ਕਵਿਤਾਵਾਂ ਚੋਰੀ ਹੋ ਗਈਆਂ। ਕੌਮਿਕ ਮੌਖਿਕ ਹਾਸਾ ਠੱਠਾ ਪੈਦਾ ਕਰਦੇ ਸਨ। ਕਹਾਣੀਆਂ ਸਾਂਭੀਆਂ ਨਹੀਂ। ਪੁਸਤਕ ਰੂਪ ਵਿਚ ਨਾਵਲ ਦੋ ਹੀ ਛਪਵਾ ਸਕਿਆ ਹਾਂ। ਇਸ ਵਿਧਾ ਨੂੰ ਸੁਚੇਤ ਹੋ ਕੇ ਧਾਰਨ ਕੀਤਾ ਹੈ। ਇਹ ਮੇਰੇ ਸੁਭਾਅ ਦੇ ਅਨੁਕੂਲ ਹੈ। ਸਮਾਜ ਕਲਿਆਣ ਲੋਕ ਨਾਇਕ ਦੇ ਹੱਥੋਂ ਸੰਭਵ ਹੈ। ਨਾਇਕ ਦੀ ਸਿਰਜਣਾ ਨਾਵਲ ਤੋਂ ਬਿਨਾਂ ਹੋਰ ਵਿਧਾ ਵਿਚ ਹੋ ਸਕਣੀ ਅਸੰਭਵ ਜਿਹੀ ਜਾਪਦੀ ਹੈ। ਮੇਰੇ ਨਾਵਲਕਾਰ ਬਣਨ ਵਿਚ ਮੇਰੇ ਜੀਵਨ ਵਿਚ ਹਰ ਲਮਹੇਂ

ਵਿਚ ਜਦੋ-ਜਹਿਦ ਕਰਨੀ ਪਈ ਹੈ। ਮੇਰਾ ਸੱਚ ਪੈਸੇ ਤੇ ਜ਼ੋਰ ਜਬਰ ਨਾਲ ਹਰਾਇਆ ਗਿਆ ਹੈ। ਪਰ ਰਿਹਾ ਤਾਂ ਸੱਚ ਹੀ। ਉਸ ਨੂੰ ਝੂਠ ਵਿਚ ਨਹੀਂ ਬਦਲਿਆ ਜਾ ਸਕਿਆ। ਮੇਰੀਆਂ ਹਾਰਾਂ ਮੇਰੀ ਸਫ਼ਲਤਾ ਦੇ ਰਾਹ ਬੰਦ ਨਹੀਂ ਕਰ ਸਕੀਆਂ।

ਦਵਿੰਦਰ ਸਤਿਆਰਥੀ ਜੀ ਦੇ 'ਘੋੜਾ ਬਾਦਸ਼ਾਹ' ਨਾਵਲ ਦੇ ਖਰੜੇ ਦਾ ਪਾਠ ਮੈਂ ਘਰੋਂ ਰਾਤ ਨੂੰ ਚੋਰੀ-ਚੋਰੀ ਸੁਣਨ ਜਾਇਆ ਕਰਦਾ ਸਾਂ। ਇਕ ਦਿਨ ਚੋਰੀ ਫੜੀ ਗਈ ਤਾਂ ਮੇਰੀ ਚੰਗੀ ਛਿਤਰੌਲ ਕੀਤੀ ਗਈ, ਨੱਕ ਨਾਲ ਲਕੀਰਾਂ ਕਢਾਈਆਂ ਗਈਆਂ ਪਰ ਫਿਰ ਮੈਂ ਅਗਲੀ ਰਾਤ ਬੈਠਕ ਵਿਚ ਜਾਣ ਤੋਂ ਆਪਣੇ ਆਪ ਨੂੰ ਰੋਕ ਨਾ ਸਕਿਆ। ਇਸ ਦੇ ਦੋ ਕਾਰਨ ਸਨ। ਪਹਿਲੇ ਦਿਨ ਉਨ੍ਹਾਂ ਨਾਲ ਮੇਰੀ ਜਾਣ-ਪਛਾਣ ਮੇਰੇ ਦਾਦੇ ਤੇ ਬਾਪ ਦੇ ਨਾਂ ਦੱਸ ਕੇ ਕਰਾਈ ਗਈ ਤਾਂ ਉਨ੍ਹਾਂ ਦੇ ਬੜੀ ਮਿੱਠੀ ਤੇ ਅਪਣੱਤ ਭਰੀ ਅਵਾਜ਼ ਵਿਚ ਕਿਹਾ,"ਬਹਿ ਜਾ ਕਾਕਾ ਸਾਹਿਤ ਦਾ ਮਾਖਿਓਂ ਕਿਸੇ ਕਿਸੇ ਨੂੰ ਸੁਆਦ ਲੱਗਦੈ ਤੂੰ ਤਾਂ ਵਿਦਵਾਨਾਂ ਦੀ ਅੰਸ਼ ਐਂ" ਆਪਣਿਆਂ ਦੀ ਵਡਿਆਈ ਉਹ ਵੀ ਇਕ ਲੇਖਕ ਵਲੋਂ ਇਸ ਗੱਲ ਨੇ ਮੇਰੇ ਬਾਲ ਮਨ ਨੂੰ ਕੀਲ ਲਿਆ ਤੇ ਮੈਂ ਪੱਕੇ ਤੌਰ 'ਤੇ ਸਾਹਿਤ ਵੱਲ ਰੁਚਿਤ ਹੋਣ ਲੱਗਾ। 'ਘੋੜਾ ਬਾਦਸ਼ਾਹ' ਦੇ ਅਰਥ ਜਾਨਣ ਲਈ ਮੈਂ ਬੜਾ ਚਿਰ ਖਪਦਾ ਰਿਹਾ। ਨੌਕਰ ਪਾਤਰ ਅੰਦਰ ਅਣਖ਼ ਤੇ ਵਿਦਰੋਹ ਦੀ ਕਮੀ ਮਹਿਸੂਸ ਕਰਦਾ ਰਿਹਾ। ਉਦੋਂ ਮੈਂ ਨੌਂਵੀਂ ਜਮਾਤ ਵਿਚ ਪੜ੍ਹਦਾ ਸਾਂ। ਬਸੰਤ ਕੁਮਾਰ ਰਤਨ ਦੇ ਨਾਵਲ 'ਬਿਸ਼ਨੀ' ਨੇ ਮੈਨੂੰ ਨਾਵਲ ਲਿਖਣ ਵੱਲ ਹੋਰ ਉਤਸ਼ਾਹਿਤ ਕੀਤਾ। ਖੇਡਾਂ ਤੇ ਸੱਭਿਆਚਾਰਕ ਕੰਮਾਂ ਵਿਚ ਸੱਭ ਤੋਂ ਵੱਡੀ ਸਮੱਸਿਆ ਪੈਸੇ ਦੀ ਆਉਂਦੀ ਸੀ। ਪੈਸਾ ਲੋਕਾਂ ਤੋਂ ਇਕੱਠਾ ਕਰੀਦਾ ਸੀ। ਸ਼ਾਹੂਕਾਰ ਲੋਕ ਪੈਸਾ ਬੜੀ ਮੁਸ਼ਕਲ ਨਾਲ ਦਿੰਦੇ ਸਨ। ਦਿੰਦੇ ਵੀ ਪੰਜ ਚਾਰ ਰੁਪਏ। ਧਾਰਮਕ ਤੇ ਲੱਚਰ ਸਮਾਗਮਾਂ ਲਈ ਸੈਂਕੜੇ ਦੇ ਦਿੰਦੇ ਸਨ। ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਉਹ ਮੈਨੂੰ ਵੱਧ ਤੋਂ ਵੱਧ ਫ਼ੀਸ ਦੇਣ ਦੀਆਂ ਪੇਸ਼ਕਸ਼ਾਂ ਕਰਦੇ ਪਰ ਮੈਂ ਤਾਂ ਗਿਆਨ ਨੂੰ ਵੇਚਣ ਨਾਲੋਂ ਵੰਡਣ ਦਾ ਪੱਖੀ ਹਾਂ। ਵੇਚੀਏ ਤਾਂ ਨਾਜਾਇਜ਼ ਕਬਜ਼ਾ ਕਰਾ ਦੇਵਾਂਗੇ, ਵੰਡਾਂਗੇ ਤਾਂ ਲੋੜਵੰਦਾਂ ਨੂੰ, ਚੇਤਨਾ ਨਾਲ ਲੈਸ ਕਰਾਂਗੇ। ਇਹੋ ਸੋਚ ਮੈਂ ਉਨ੍ਹਾਂ ਨੂੰ ਨਾਂਹ ਕਰ ਦਿੰਦਾ ਉਹ ਮੈਨੂੰ ਨਾਂਹ ਕਰ ਦਿੰਦੇ। ਇਸ ਦੁਵੱਲੀ ਨਾਂਹ ਨੇ ਮੈਨੂੰ ਜਮਾਤੀ ਸੂਝ ਦਿੱਤੀ ਹੈ।

**ਪ੍ਰਸ਼ਨ : 'ਕਿਲੇ ਵਿਚ ਉਸਰਦੀ ਕੋਠੀ' ਨਾਵਲ ਦੇ ਪ੍ਰੇਰਨਾ ਸ੍ਰੋਤ ਬਾਰੇ ਕੁਝ ਦੱਸੋ।**

ਉੱਤਰ : ਇਸ ਨਾਵਲ ਦਾ ਪ੍ਰੇਰਨਾ ਸ੍ਰੋਤ ਉਹ ਪਾਤਰ ਹਨ ਜਿਨ੍ਹਾਂ ਨੇ ਮੁਜ਼ਾਰਾ ਲਹਿਰ ਦੀ ਅਗਵਾਈ ਕੀਤੀ। ਇਨ੍ਹਾਂ ਵਿਚ ਬਾਬਾ ਅਰਜਨ ਸਿੰਘ ਐਮ.ਐਲ.ਏ. ਜਗੀਰ ਸਿੰਘ ਜੋਗਾ, ਸ਼ਾਮ ਸਿੰਘ ਤੋਤਾ, ਅਤੇ ਦੋ ਭੈਣਾਂ ਹਨ। ਜਿਨ੍ਹਾਂ ਨੇ ਕਿਸਾਨਾਂ ਦੇ ਜਲੂਸ ਦੇ ਅੱਗੇ ਹੋ ਕੇ ਹਾਕਮ ਦੀ ਕਾਰ ਡਾਂਗਾਂ ਮਾਰ-ਮਾਰ ਕੇ ਭੰਨ ਦਿੱਤੀ ਸੀ। ਇਨ੍ਹਾਂ ਪਾਤਰਾਂ ਨੂੰ ਮੈਂ ਵੇਖਿਆ ਹੈ। ਇਨ੍ਹਾਂ ਨੂੰ ਪੁਲਿਸ ਤਸ਼ੱਦਦ ਨੇ ਤੁਰਨ ਜੋਗੇ ਨਹੀਂ ਸੀ ਛੱਡਿਆ ਪਰ ਇਹ ਲੋਕ ਅੰਤਮ ਸਾਹਾਂ ਤੱਕ ਲੋਕਾਂ ਲਈ ਲੜਦੇ ਰਹੇ। ਇਹ ਨਾਵਲ ਉਨ੍ਹਾਂ ਦੀ ਘਾਲਣਾ ਪ੍ਰਤੀ ਖਿਰਾਜੇ ਅਕੀਦਤ ਵਜੋਂ ਲਿਖਿਆ ਹੈ।

**ਪ੍ਰਸ਼ਨ : ਇਹ ਨਾਵਲ ਜਗੀਰਦਾਰੀ ਸਿਸਟਮ ਵਿਚੋਂ ਉਭਰਦੀ ਬੁਰਜੂਆਂ ਸ਼੍ਰੇਣੀ ਦੀ ਗੱਲ ਕਰਦਾ ਹੈ। ਇਹ ਸੁਭਾਵਕ ਹੋ ਗਿਆ ਜਾਂ ........?**

ਉੱਤਰ : ਇਹ ਨਾਵਲ ਉਨ੍ਹਾਂ ਇਤਿਹਾਸਕ ਪਾਤਰਾਂ ਦੀ ਸੋਚ ਅਤੇ ਕਾਰਜ ਦੇ ਪਰਤੌ ਵਜੋਂ ਲਿਖਿਆ ਹੈ। ਜਗੀਰਦਾਰੀ ਪ੍ਰਬੰਧ ਵਿਚੋਂ ਬੁਰਜੂਆਂ ਸ਼੍ਰੇਣੀ ਉਭਰੀ ਹੈ। ਇਹ ਸਮਾਜਿਕ ਇਤਿਹਾਸਕ ਸੱਚ ਹੈ। ਇਸ ਨੂੰ ਪੇਸ਼ ਕਰਕੇ ਮੈਂ ਲੇਖਕ ਦਾ ਧਰਮ ਪਾਲਣ ਦਾ ਯਤਨ ਕੀਤਾ ਹੈ। ਬੁਰਜੂਆ ਸ਼੍ਰੇਣੀ ਜਗੀਰਦਾਰੀ ਦੀ ਕੁੱਖ ਵਿਚ ਹੀ ਪਲਦੀ ਰਹੀ ਹੈ। ਚੇਤੰਨ ਹੋ ਕੇ ਇੰਜ ਕੀਤੈ।



**ਪ੍ਰਸ਼ਨ : ਤੁਹਾਡੇ ਨਾਵਲਾਂ ਦੇ ਪਾਤਰ ਤੇ ਘਟਨਾਵਾਂ ਇਤਿਹਾਸਕ ਹਨ, ਇਨ੍ਹਾਂ ਨੂੰ ਗਲਪ ਦੀ ਪਾਣ ਕਿੰਨੀ ਕੁ ਚਾੜ੍ਹੀ ਗਈ ਹੈ? ਥੋੜ੍ਹਾ ਵਿਸਥਾਰ ਕਰਕੇ ਦੱਸੋ?**

ਉੱਤਰ : ਮੈਂ ਵਟਾਈ ਮਾਰੇ ਕਿਸਾਨਾਂ ਮਜ਼ਦੂਰਾਂ ਵਿਚ ਵਿਚਰਦਿਆਂ ਬਚਪਨ ਗੁਜ਼ਾਰਿਆ ਹੈ। ਮੁਜ਼ਾਰਾ ਲਹਿਰ ਦੇ ਲੀਡਰਾਂ ਤੇ ਕਾਰਕੁੰਨਾਂ ਦੀ ਉਮਰ ਦਾ ਚੌਥਾ ਪਹਿਰਾ ਉਨ੍ਹਾਂ ਦੀਆਂ ਗਾਥਾਵਾਂ ਸੁਣਦਿਆਂ ਕੱਢਿਆ ਹੈ। ਪੁਲਿਸ ਤਸ਼ੱਦਦ ਨਾਲ ਉਹਨਾਂ ਦੇ ਹੱਡ-ਗੋਡੇ ਟੁੱਟ ਕੇ ਬਦਸ਼ਕਲ ਹੋਏ ਜਰਾਕੇ ਖਾਂਦੇ ਵੇਖੇ ਹਨ। ਜਗੀਰਦਾਰਾਂ ਦੀ ਅਧੋਗਤੀ ਅਤੇ ਉਨ੍ਹਾਂ ਦੀਆਂ ਮਿਲਖਾਂ ਵਿਕਦੀਆਂ ਤੇ ਮੁੰਡੇ ਕੁੜੀਆਂ ਨੂੰ ਬਦਫੈਲੀਆਂ ਕਰਦਿਆਂ ਵੇਖਿਆ ਹੈ। ਲੋਕ-ਨੇਤਾਵਾਂ ਦੇ ਸਿਦਕ ਦਾ ਕਾਇਲ ਹੋਇਆ ਹਾਂ ਤੇ ਜਗੀਰਦਾਰਾਂ ਦੇ ਜਬਰ ਪ੍ਰਤੀ ਨਫ਼ਰਤ ਮਹਿਸੂਸ ਕੀਤੀ ਹੈ। ਸੋ ਇਸ ਤਰ੍ਹਾਂ ਮੈਂ ਵਰਤਮਾਨ ਇਤਿਹਾਸ ਸਿਰਜਕਾਂ ਦੇ ਕਾਰਨਾਮਿਆਂ, ਸਿਰੜ ਅਤੇ ਸਿਦਕ ਰਾਹੀਂ ਲੋਕ ਪੱਖੀ ਘਟਨਾਵਾਂ ਅਤੇ ਦ੍ਰਿਸ਼ਟਾਂਤ ਚੁਣ ਕੇ ਉਨ੍ਹਾਂ ਨੂੰ ਪੰਜਾਬੀ ਸੱਭਿਆਚਾਰ, ਪੰਜਾਬੀ ਗਾਇਕੀ, ਰਾਜਨੀਤੀ, ਧਰਮ, ਜਾਤ-ਪਾਤ ਦੇ ਕੋਹਜ ਤੇ ਸਾਂਝ ਪੈਦਾ ਕਰਦੇ ਸੰਦਰਭ, ਲੋਕਾਂ ਲਈ ਆਪਾ ਵਾਰਦੇ ਮਰਜੀਵੜੇ ਅਤੇ ਲੋਕਾਂ ਦੇ ਪਿੰਡੇ 'ਤੇ ਚਿੰਬੜੇ ਜੋਕ ਰੂਪੀ ਪਾਤਰਾਂ ਦੇ ਬੋਲ-ਚਾਲ, ਕਾਰ-ਵਿਹਾਰ ਨੂੰ ਘੋਖ ਕੇ ਪਾਤਰ ਅਤੇ ਘਟਨਾਵਾਂ ਦੀ ਚੋਣ ਕਰਕੇ ਸੁਚੇਤ ਰੂਪ ਵਿਚ ਗਲਪੀਕਰਨ ਕਰਨ ਦਾ ਯਤਨ ਕੀਤਾ ਹੈ। ਜਿਸ ਦਾ ਕੇਂਦਰ ਬਿੰਦੂ ਪਿੰਡ ਦੀ ਸੱਥ, ਹੱਟੀ ਅਤੇ ਭੱਠੀ ਹੈ। ਸੱਥ ਵਿਚ ਖੁੰਡਾਂ 'ਤੇ ਬੈਠ ਲੋਕ ਚੰਗੇ-ਮਾੜੇ ਦਾ ਨਿਰਣਾ ਕਰਦੇ ਹਨ ਤਾਂ ਦਾਰਸ਼ਨਿਕਾਂ ਦੀ ਤਰ੍ਹਾਂ ਤੱਥ ਤੇ ਤੱਤ ਪੇਸ਼ ਕਰ ਦਿੰਦੇ ਹਨ। ਇਨ੍ਹਾਂ ਨੂੰ ਪਾਤਰ ਬਣਾ ਕੇ ਮੈਂ ਆਪਣਾ ਕੰਮ ਆਸਾਨੀ ਨਾਲ ਕਰਨ ਦੇ ਯੋਗ ਹੋ ਜਾਂਦਾ ਹਾਂ। ਜਦੋਂ ਕਦੇ ਗੁੰਝਲ ਜਾਂ ਉਲਝਣ ਪੈਦਾ ਹੁੰਦੀ ਹੈ ਤਾਂ ਪਾਤਰਾਂ ਨਾਲ ਮੁਲਾਕਾਤ ਕਰ ਲੈਂਦਾ ਹਾਂ। ਵਿਦਵਾਨ ਲੋਕ ਕਿਤਾਬਾਂ ਵਿਚੋਂ ਬੋਲਦੇ ਹਨ ਪਰ ਲੋਕ (ਮੇਰੇ ਪਾਤਰ) ਦਿਲ 'ਚੋਂ ਬੋਲਦੇ ਹਨ। ਇੰਦ੍ਰੀਆਂ ਦੀ ਲੰਪਟਤਾ ਅਧੀਨ ਪੇਂਡੂ ਸਮਾਜ ਦੀ ਪਵਿੱਤਰਤਾ ਅਤੇ ਦੇਸ਼ ਦਾ ਬੇੜਾ ਗਰਕ ਕਰਨ ਵਾਲੇ ਪਾਤਰਾਂ ਨੂੰ ਤਰਕ ਦੀ ਬਾਰੀਕ ਛਲਣੀ ਰਾਹੀਂ ਪੁਣ-ਛਾਣ ਕੇ ਚਿਤਰਨ ਦਾ ਯਤਨ ਕਰਦਾ ਹਾਂ।

ਲਿਖਣਾ ਮੇਰਾ ਸ਼ੁਗਲ ਨਹੀਂ। ਉਦੇਸ਼ ਪੂਰਨ ਕਾਰਜ ਹੈ। ਇਸੇ ਧਾਰਨਾ ਅਧੀਨ ਮੈਂ ਸਥਿਤੀਆਂ ਅਤੇ ਪ੍ਰਸਥਿਤੀਆਂ ਨੂੰ ਵਿਉਂਤਬੱਧ ਕਰਨ ਦੇ ਚੱਕਰ ਵਿਚ ਪਿਆ ਸਮਾਜਿਕ ਵਰਤਾਰਿਆਂ ਨੂੰ ਨਿਹਾਰਦਾ ਰਹਿੰਦਾ ਹਾਂ। ਇਹ ਕਈ ਵਾਰ ਐਨੇ ਜਟਿਲ ਰੂਪ ਵਿਚ ਸਾਹਮਣੇ ਆਉਂਦੇ ਹਨ ਕਿ ਜ਼ਾਲਮ ਤੇ ਮਜ਼ਲੂਮ ਵਿਚ ਨਿਖੇੜ ਕਰਨਾ ਕਠਿਨ ਹੋ ਜਾਂਦਾ ਹੈ। ਇਸ ਲਈ ਪਾਤਰਾਂ ਦੀ ਚੋਣ, ਘਟਨਾਵਾਂ ਦੀ ਗਿਣਤੀ ਅਤੇ ਉਦੇਸ਼ ਮੂਲਕ ਵਿਚਾਰਾਂ ਦੇ ਮੇਲ ਸੁਮੇਲ ਲਈ ਮਹੀਨਿਆਂ ਬੱਧੀ ਮੇਲ੍ਹਣਾ ਪੈਂਦਾ ਹੈ। ਕਈ-ਕਈ ਰਾਤਾਂ ਵੀਲੇ ਦੇ ਮਰੀਜ਼ ਦੀ ਤਰ੍ਹਾਂ ਵਟਣੇ ਖਾਂਦੇ ਰਹੀਦਾ ਹੈ। ਮੰਥਨ ਕਰਦਿਆਂ-ਕਰਦਿਆਂ ਘਟਨਾਵਾਂ ਤੇ ਪਾਤਰ ਉਦੇਸ਼ ਵੱਲ ਜਾਂਦੀਆਂ ਪਗਡੰਡੀਆਂ ਮੱਲ ਤੁਰਦੇ ਹਨ ਤੇ ਮੇਰਾ ਨਾਵਲ ਰੂਪ ਧਾਰਨ ਲੱਗਦਾ ਹੈ। ਇਸ ਤਰ੍ਹਾਂ ਕਲਪਨਾਵਾਂ ਤੇ ਭਾਵਨਾ ਦੀ ਓਟ ਵਿਚ ਜੀਵਨ ਦੀ ਸੂਹਜਮਈ ਵਿਆਖਿਆ ਕਰਨ ਲਈ ਕਲਾਤਮਕ ਓਟਾਂ ਦਾ ਸਹਾਰਾ ਲੈ ਕੇ ਮਨੁੱਖ ਵਿਚਲੀਆਂ ਜੁਝਾਰੂ ਰੁੱਚੀਆਂ ਤੇ ਅਣਖ਼ ਜੋ ਮੈਨੂੰ ਮਨੁੱਖ ਦਾ ਗਹਿਣਾ ਤੇ ਮਾਨਵਤਾ ਦਾ ਉਸਾਰ ਜਾਪਦੀਆਂ ਹਨ, ਦਾ ਸੰਚਾਰ ਕਰਨ ਲਈ ਗਲਪੀਕਰਨ ਕਰਨ ਦਾ ਯਤਨ ਕਰਦਾ ਹਾਂ ਤੇ ਪਾਤਰ ਉਸਾਰੀ ਰੀਝਾਂ ਨਾਲ ਕਰਦਾ ਹਾਂ। ਪਾਠਕ, ਸਵੈ ਤੇ ਕਲਾ ਵਿਚੋਂ ਕਿਸੇ ਇਕ ਨੂੰ ਵੀ ਆਪਣੀ ਕਿਰਤ ਵਿਚੋਂ ਖਾਰਜ ਨਹੀਂ ਕਰ ਸਕਿਆ ਭਾਵੇਂ ਮੇਰੀ ਸੋਚ ਦਾ ਕੇਂਦਰ ਬਿੰਦੂ ਲੋਕ ਹੀ ਹਨ, ਫਿਰ ਵੀ ਮੇਰਾ ਹਰ ਸਮੇਂ ਯਤਨ ਰਹਿੰਦਾ ਹੈ ਕਿ ਕਲਾਤਮਕਤਾ, ਭਾਵਨਾਤਮਕਤਾ

ਅਤੇ ਉਦੇਸ਼ਆਤਮਕਤਾ ਦੀ ਏਕਤਾ ਕਾਇਮ ਰੱਖੀ ਜਾਵੇ। ਪਹਿਲੀ ਅਨੁਸਾਰ ਮੈਂ ਕਲਾ ਪੱਖ ਤੋਂ ਸੁਚੇਤ ਹੋ ਕੇ ਲਿਖਦਾ ਹਾਂ। ਦੂਜੀ ਅਨੁਸਾਰ ਮੇਰੇ ਅੱਗੇ ਹੱਥਲੇ ਕੰਮ ਨੂੰ ਸੁਚੱਜਾ ਬਣਾਉਣ ਤੇ ਸੁਚਾਰੂ ਰੂਪ ਵਿਚ ਪੇਸ਼ ਕਰਨ ਦਾ ਜਜ਼ਬਾ ਪੁੰਗਰਿਆ ਰਹਿੰਦਾ ਹੈ। ਇਸ ਸਥਿਤੀ ਸਮੇਂ ਮੇਰੇ ਅੱਗੇ ਕਲਾਕਾਰ ਸਾਕਾਰ ਹੋਇਆ ਰਹਿੰਦਾ ਹੈ। ਜਿਸ ਦੀਆਂ ਭਾਵਨਾਵਾਂ ਅਨੁਸਾਰ ਉਸ ਦੇ ਮਨ ਲੋਕ ਵਿਚ ਵਿਚਰਨ ਦਾ ਯਤਨ ਕਰਦਾ ਹਾਂ। ਤੀਜੀ ਹਾਲਤ ਜਿਸ ਨੂੰ ਸਭ ਤੋਂ ਵੱਧ ਮਹੱਤਵਪੂਰਨ ਖਿਆਲਦਾ ਹਾਂ ਉਹ ਹੈ ਉਦੇਸ਼। ਆਪਣੀ ਮੰਤਵ ਪੂਰਤੀ ਲਈ ਮੈਂ ਜ਼ਰੂਰੀ ਸਮਝਦਾ ਹਾਂ ਕਿ ਕਲਾ ਰਸੀਏ ਤੇ ਕਦਰਦਾਨ ਲੋਕਾਂ ਦੇ ਮਨੋਭਾਵਾਂ ਤੇ ਬੁੱਧੀ ਨੂੰ ਟੁੰਬਕੇ ਚੇਤਨਾ ਨੂੰ ਹਲੂਣ ਸਕਾਂ। ਇਸ ਲਈ ਯਥਾਰਥਕ ਜੀਵਨ ਨੂੰ ਚਿਤਰਣ ਕਰਨ ਲਈ ਸੱਚੇ-ਸੁੱਚੇ ਇਤਿਹਾਸ ਨੂੰ ਗਲਪ ਰਾਹੀਂ ਪੇਸ਼ ਕਰਨ ਲਈ ਘਟਨਾਵਾਂ ਤੇ ਪਾਤਰਾਂ ਦਾ ਆਪਣੀ ਕਲਪਣਾ ਸਹਾਰੇ ਉਦੇਸ਼ਮੁਖੀ ਅਕਸ ਘੜਦਾ ਹਾਂ। ਸੱਚਾ-ਸੁੱਚਾ ਇਤਿਹਾਸ ਮਨੁੱਖੀ ਕਾਰਨਾਮੇ ਰਚਦੇ ਹਨ ਜਿਸ ਦੇ ਦਰਸ਼ਨ ਗਲਪ ਵਿਚੋਂ ਹੀ ਕੀਤੇ ਜਾ ਸਕਦੇ ਹਨ। ਇਨ੍ਹਾਂ ਲੋਕਾਂ ਨਾਲ ਪ੍ਰਤੀਬੱਧਤਾ ਮੇਰੀ ਰਾਜਨੀਤਕ ਪ੍ਰਤੀਬੱਧਤਾ ਹੈ। ਜੋ ਸਮਾਜਿਕ ਚੇਤਨਾ ਦੇ ਰਾਹ ਵਿਚ ਵਾਧਾ ਪੈਦਾ ਕਰਦੀ ਹੈ ਕਿਉਂਕਿ ਸਾਡੇ ਦੇਸ਼ ਵਿਚ ਧਰਮ, ਸੱਭਿਆਚਾਰ, ਜਾਤ-ਬਿਰਾਦਰੀ, ਰਾਜਨੀਤੀ ਨੂੰ ਕੁਪ੍ਰਭਾਵਿਤ ਕਰਦੇ ਹਨ। ਸਮਾਜਿਕ ਚੇਤਨਾ ਬਿਨਾਂ ਸਮਾਜ ਦਾ ਮੁਹਾਂਦਰਾ ਸੰਵਰੇਗਾ ਘੱਟ ਤੇ ਵਿਗੜੇਗਾ ਵੱਧ। ਰਾਜਨੀਤੀ ਸਾਡੇ ਮਨੋ-ਪ੍ਰਬੰਧ ਵਿਚ ਇਕ ਕੰਪਲੈਕਸ ਦਾ ਰੂਪ ਧਾਰੀ ਬੈਠੀ ਹੈ। ਇਸ ਲਈ ਦਰੁੱਸਤੀ ਰਾਜਨੀਤਕ ਚੇਤਨਾ ਆਉਣ ਨਾਲ ਹੀ ਹੋ ਸਕਦੀ ਹੈ। ਇਸ ਲਈ ਰਾਜਨੀਤੀ ਪਾਸੋਂ ਪ੍ਰਾਪਤ ਮਨੋਬ੍ਰਿਤੀ ਮੇਰੀ ਸਾਹਿਤ ਸਾਧਨਾ ਨੂੰ ਪ੍ਰਭਾਵਿਤ ਕਰਦੀ ਹੈ। ਅਸੀਂ ਅਜੇ ਰਾਜਨੀਤਕ ਅਤੇ ਸਾਹਿਤਕ ਖੇਤਰ ਵਿਚ ਸਮਝੌਤਿਆਂ ਤੀਕ ਹੀ ਲੜੇ ਹਾਂ, ਮੁਕਤੀ ਲਈ ਜੂਝੇ ਨਹੀਂ।

**ਪ੍ਰਸ਼ਨ : 'ਦੀਵਾ ਬੁਝਿਆ ਨਹੀਂ' ਵਿਚ ਆਸ਼ਾਵਾਦ ਦੀ ਚਿਣਗ ਭਾਰੂ ਹੈ, ਕੀ ਇਹ ਪ੍ਰਗਤੀਵਾਦ ਦਾ ਨਤੀਜਾ ਹੈ ਜਾਂ ...........?**

ਉੱਤਰ : ਲੋਕਧਾਰਾ ਨੂੰ ਜੇ ਕਰ ਜ਼ਰਾ ਸੁਚੇਤ ਹੋ ਕੇ ਵਾਚੀਏ ਤਾਂ ਪਤਾ ਲੱਗਦਾ ਹੈ ਕਿ ਪੰਜਾਬੀ ਜੀਵਨ ਸ਼ੈਲੀ ਚੜ੍ਹਦੀ ਕਲਾ ਵਿਚ ਰਹਿਣ ਦਾ ਪਾਠ ਸਿਖਾਉਂਦੀ ਹੈ। ਦੀਵਾ ਬੁਝਾਉਣ ਦੀ ਥਾਂ 'ਦੀਵਾ ਵੱਡਾ ਕਰਨਾ' ਕਿਹਾ ਜਾਂਦਾ ਹੈ। ਦੀਵਾ ਗਿਆਨ ਰੂਪੀ ਚਾਨਣ ਦਾ ਪ੍ਰਤੀਕ ਹੈ। ਚਾਨਣ ਕਦੇ ਬੁਝਦਾ ਨਹੀਂ। ਪਸਰਦਾ ਹੈ। ਇਸ ਨਾਵਲ ਦਾ ਵਿਸ਼ਾ ਵਿਗਿਆਨਕ ਉਦੇਸ਼ ਮੂਲਕ ਹੈ ਜੋ ਸਮਾਜ ਵਿਗਿਆਨਕਾਂ ਨੇ ਸਿਧਾਂਤ ਦਿੱਤਾ ਹੈ ਉਸ ਨੂੰ ਸਾਕਾਰ ਕਰਨ ਲਈ ਯਤਨ ਕਰਦੇ ਲੋਕਾਂ ਦਾ ਜੀਵਨ ਚਿਤਰਨ ਹੈ। ਨਕਸਲਵਾਦ ਇਕ ਸਾਧਨ ਵਜੋਂ ਅਸਫਲ ਹੋਇਆ ਹੈ। ਸਿਧਾਂਤਕ ਸੱਚ ਤਾਂ ਉਵੇਂ ਦਾ ਉਵੇਂ ਕਾਇਮ ਹੈ। ਇਸ ਲਈ ਦੀਵਾ ਬੁਝ ਕਿਵੇਂ ਸਕਦਾ ਹੈ। ਬੱਤੀ ਜਲਦੀ ਹੈ, ਬੱਤੀ ਹੋਰ ਵਟੀਦੀਂ ਰਹੇਗੀ, ਧਰਤੀ ਬਾਂਝ ਨਹੀਂ ਇਸ ਲਈ ਮੇਰੀ ਸੋਚ ਪ੍ਰਗਤੀਵਾਚਕ ਹੈ ਅਤੇ ਆਸ਼ਾਮੂਲਕ ਹੈ। ਜੀਵੇ ਆਸ਼ਾ, ਮਰੇ ਨਿਰਾਸ਼ਾ। ਮੇਰੇ ਜੀਵਨ ਦਾ ਮੂਲ ਮਕਸਦ ਹੈ। ਵਿਗਿਆਨ ਦੇ ਅਸੂਲ ਅਨੁਸਾਰ ਕੋਈ ਲਹਿਰ ਮਰਦੀ ਨਹੀਂ ਸਗੋਂ ਵਿਕਾਸ ਕਰਦੀ ਹੈ। ਮੇਰੇ ਨਾਵਲ ਦਾ ਮੂਲ ਵਿਸ਼ਾ ਕਲਿਆਣਕਾਰੀ ਰਾਜ ਦੀ ਸਥਾਪਨਾ ਹੈ ਜਿਸ ਦੀ ਪ੍ਰਾਪਤੀ ਲਈ ਚਲਿਆ ਨਕਸਲੀ ਅੰਦੋਲਨ ਪੈਂਤੜੇ ਵਜੋਂ ਅਸਫਲ ਹੋਇਆ ਹੈ। ਲਹਿਰ ਖ਼ਤਮ ਨਹੀਂ ਹੋਈ। ਜਿਵੇਂ ਤਲਾਬ ਵਿਚ ਵੱਟਾ ਸੁੱਟੀਏ ਤਾਂ ਪਾਣੀ ਵਿਚ ਪੈਦਾ ਹੋਈ ਲਹਿਰ ਕਿਨਾਰਿਆਂ ਵੱਲ ਵਧਦੀ-ਵਧਦੀ ਅਦਿਖ ਰੂਪ ਧਾਰਨ ਕਰ ਜਾਂਦੀ ਹੈ ਪਰ ਖ਼ਤਮ ਨਹੀਂ ਹੁੰਦੀ। ਮਰੀਜ਼ ਦੇ ਮਿਲਵਰਤਣ ਤੋਂ ਬਿਨਾਂ ਡਾਕਟਰ ਰੋਗ ਖ਼ਤਮ ਨਹੀਂ ਕਰ ਸਕਦਾ। ਇਸੇ ਤਰ੍ਹਾਂ ਸਮਾਜ ਦੀ ਵੱਡੀ ਸ਼ਮੂਲੀਅਤ ਤੋਂ ਬਿਨਾਂ ਕਲਿਆਣਕਾਰੀ ਰਾਜ ਦੀ ਸਿਰਜਣਾ ਨਹੀਂ ਹੋ ਸਕਦੀ।



ਇਸ ਉਦੇਸ਼ ਦੀ ਪ੍ਰਾਪਤੀ ਲਈ ਯਤਨ ਚੱਲਦੇ ਰਹਿਣਗੇ ਇਸੇ ਲਈ 'ਦੀਵਾ ਬੁਝਿਆ ਨਹੀਂ' ਤੇ ਇਹ ਬੁਝੇਗਾ ਵੀ ਨਹੀਂ। ਕਿਉਂਕਿ ਇਸ ਨੂੰ ਭੋਲੇ ਦੀ ਮਾਂ ਨੰਦੋ, ਨਾਨੇ ਬੂਟੇ ਦੀ ਧੀ ਨੇ ਜਗਾਇਆ ਹੈ। ਅੱਗੇ ਭੋਲੇ ਦੇ ਪੁੱਤਰ ਦੇ ਰੂਪ ਵਿਚ ਜਗ-ਮਗ ਜਗਮਗ ਕਰੇਗਾ।

ਪ੍ਰਸ਼ਨ : ਤੁਸੀਂ ਲੋਕ-ਸਾਹਿਤ ਵੱਲ ਵੀ ਰੁਚਿਤ ਰਹੇ ਹੋ ਇਸ ਸੰਬੰਧ ਵਿਚ ਤੁਹਾਡੀਆਂ ਕੀ ਗਤੀਵਿਧੀਆਂ ਰਹੀਆਂ ਹਨ?

ਉੱਤਰ : ਲੋਕ-ਸਾਹਿਤ ਸਾਡੇ ਚੇਤਨ ਸਾਹਿਤ ਦਾ ਮੂਲ ਹੈ। ਜਿਸ ਦਾ ਖੇਤਰ ਲੋਕ ਵਿਹਾਰ ਤੋਂ ਲੈ ਕੇ ਲੋਕ ਦਰਸ਼ਨ ਤੱਕ ਫੈਲਿਆ ਹੋਇਆ ਹੈ। ਜਦੋਂ ਪੰਜਾਬੀ ਜਨਮ ਲੈਂਦਾ ਹੈ ਤਾਂ ਮਾਂ ਦੀ ਲੋਰੀ ਉਸ ਨੂੰ ਖੁਸ਼ਆਮਦੀਦ ਕਹਿੰਦੀ ਹੈ। ਸੋ ਪੰਜਾਬੀ ਸੁਭਾਵਿਕ ਤੌਰ 'ਤੇ ਹੀ ਲੋਕ ਸਾਹਿਤ ਦੀ ਗੁੜ੍ਹਤੀ ਨਾਲ ਵਰੋਸਾਏ ਜਾਂਦੇ ਹਨ। ਮਾਂ ਦੇ ਸੀਰ ਦੇ ਨਾਲ-ਨਾਲ ਮਾਂ ਦੀਆਂ ਲੋਰੀਆਂ ਬੱਚੇ ਦੇ ਸਰੀਰ ਨੂੰ ਸਰਾਬੋਰ ਕਰਦੀਆਂ ਰਹਿੰਦੀਆਂ ਹਨ। ਲੋਕ ਸਾਹਿਤ ਨਿਰਛਲ ਤੇ ਨਿਰਮਲ ਸਾਹਿਤ ਹੈ। ਜਿਸ ਵਿਚ ਵਿਚਾਰਾਂ ਦੀ ਉਚਤਾ ਤੇ ਬੋਲੀ ਦੀ ਉਤਮਤਾ ਮੌਜੂਦ ਹੈ। ਸੁਚੇਤ ਸਾਹਿਤ ਹਰਮਨ ਪਿਆਰਤਾ ਲੋਕ ਸਾਹਿਤ ਦਾ ਹਾਣੀ ਹੋ ਕੇ ਹੀ ਪ੍ਰਾਪਤ ਕਰ ਸਕੇਗਾ। ਇਸ ਲਈ ਲੋਕ-ਸਾਹਿਤ ਲੋਕ-ਧਾਰਾ ਭਾਉਂਦੀ ਰਹਿੰਦੀ ਹੈ। ਮੈਂ ਬਚਪਨ ਵਿਚ ਤ੍ਰਿੰਜਣ, ਤੀਆਂ, ਗਿੱਧੇ ਦੇ ਪਿੜਾਂ ਵਿਚ ਜ਼ੋਬਨ ਤੇ ਬਿਰਹੇ ਨੂੰ ਰਾਤ ਚਾਨਣੀ ਵਿਚ ਪੂਰੇ ਜਲੌ ਨਾਲ ਭਿੜਦਿਆਂ ਵੇਖਿਆ ਹੈ। ਜਦੋਂ ਮੁਟਿਆਰਾਂ ਲੰਬੀ ਹੇਕ ਅਤੇ ਹੂਕ ਨਾਲ ਮੋਹ ਲੈਂਦੀ ਹੈ। ਗਿੱਧੇ ਦੀ ਤਾੜੀ ਦੀ ਤਾਲ ਤੇ ਨੱਚਦੀ ਅੱਡੀ ਮਾਰ ਕੇ ਧਰਤ ਹਿਲਾ ਦਿੰਦੀ ਹੈ ਤਾਂ ਇਹ ਲੋਕ-ਸਾਹਿਤ ਤੇ ਲੋਕ ਕਲਾ ਦਾ ਸਿਖਰ ਹੁੰਦਾ ਹੈ। ਕੌਣ ਕਾਫ਼ਿਰ ਇਸ ਕੀਲ ਤੋਂ ਬਚ ਸਕੇਗਾ। ਇਹ ਸਤਰਾਂ ਲਿਖਦਾ ਹੋਇਆ ਅੱਜ ਵੀ ਮੈਂ ਆਪਣੇ ਆਪ ਨੂੰ ਗਿੱਧੇ ਦੇ ਪਿੜ ਵਿਚ ਖੜਾ ਮਹਿਸੂਸ ਕਰ ਰਿਹਾ ਹਾਂ। ਢੋਲ ਦੇ ਡੱਗੇ ਦੀ ਆਵਾਜ਼ ਸੁਣਦਿਆਂ ਹੀ ਮੇਰੇ ਅੰਗ ਥਿਰਕਣ ਲੱਗਦੇ ਹਨ। ਭੰਗੜਾ ਪਾਉਣ ਨੂੰ ਜੀਅ ਕਰ ਆਉਂਦਾ ਹੈ। ਸਟੇਜ 'ਤੇ ਸਕਿਟ, ਗੂੰਗੇ, ਬੋਲਿਆਂ ਅਮਲੀਆਂ, ਬੌਂਚਿਆ ਦੀਆਂ ਨਕਲਾਂ ਭਰੇ ਸਕਿਟ ਪੇਸ਼ ਕਰ ਕੇ ਲੋਕਾਂ ਨੂੰ ਖੁਸ਼ ਕਰਨ ਦਾ ਯਤਨ ਕਰਦਾ ਰਿਹਾ ਹਾਂ। ਇਨ੍ਹਾਂ ਦਾ ਅੰਤ ਕਿਸੇ ਰੂੜ੍ਹੀ, ਵਹਿਮ-ਭਰਮ ਨੂੰ ਤੋੜਦਾ ਲੋਕ ਤੱਥ ਨਾਲ ਕਰਦਾ ਹਾਂ। ਪੰਜਾਬੀ ਸੁਭਾਅ ਦੇ ਚਿਤ੍ਰਣ ਲਈ ਲੋਕ ਮੁਹਾਵਰਾ ਤੇ ਲੋਕ-ਬੋਲੀ ਦੀ ਵਰਤੋਂ ਅਤਿ ਜ਼ਰੂਰੀ ਹੈ। ਇਸ ਤੋਂ ਬਿਨਾਂ ਪਾਤਰਾਂ ਦਾ ਯਥਾਰਥਕ ਚਿਤ੍ਰਣ ਨਹੀਂ ਹੋ ਸਕਦਾ। ਇਸ ਲਈ ਮੈਂ ਲੋਕ-ਸਾਹਿਤ ਦਾ ਮੰਥਨ ਕਰਦਾ ਰਹਿੰਦਾ ਹਾਂ। 'ਕੂੰਜਾਂ ਪ੍ਰਦੇਸਣਾਂ' ਹੋਣ ਦੇ ਬਾਵਜੂਦ ਮੈਨੂੰ ਭਾਅ ਜਾਂਦੀਆਂ ਹਨ ਤੇ ਫਾਹ ਲੈਣ ਦੀ ਸ਼ਕਤੀ ਰੱਖਦੀਆਂ ਹਨ।

ਪ੍ਰਸ਼ਨ : ਹੋਰ ਕੀ-ਕੁਝ ਸਿਰਜਣਾ ਅਧੀਨ ਹੈ ਜਾਂ ਭਵਿੱਖ ਦੀਆਂ ਯੋਜਨਾਵਾਂ ......?

ਉੱਤਰ : 'ਵਿਹਲੀ ਨੈਣ ਪੱਟੜੇ ਮੁੰਨੇ' ਦੀ ਕਹਾਵਤ ਅਨੁਸਾਰ ਸੇਵਾ-ਮੁਕਤ ਹੋ ਕੇ ਸਾਹਿਤਕਾਰ ਪੁਸਤਕਾਂ ਦੇ ਪੰਨੇ ਪਲਟੇਗਾ ਜਾਂ ਕਾਗਜ਼ ਕਾਲੇ ਕਰੇਗਾ। ਤੀਸਰਾ ਨਾਵਲ ਲਿਖ ਰਿਹਾ ਹਾਂ। ਤੀਜੇ ਸੈਕਸ ਬਾਰੇ ਤੱਥਾਂ ਦੀ ਖੋਜਬੀਨ ਕਰ ਰਿਹਾ ਹਾਂ। ਭਵਿੱਖ ਲਈ ਯੋਜਨਾਵਾਂ ਤਾਂ ਬਹੁਤ ਹਨ ਪਰ 'ਖਰੀ ਮਿਆਣੀ ਕੀ ਆਂਗਣ ਬਿਉਂਤ ਲੂ' ਦੇ ਅਖਾਣ ਅਨੁਸਾਰ ਯੋਜਨਾਵਾਂ ਤਾਂ ਪੈਸੇ ਨੇ ਹੀ ਸਿਰੇ ਲਾਉਣੀਆਂ ਹਨ। ਸੋ ਭੁੱਲੀ ਨੀ ਵਿਹਾਰਾਂ ਤੋਂ ਘਰ ਨੀ ਆਖਿਆ ਕਰਦਾ ਡਾਕਟਰ ਸਾਹਿਬ! ਖੈਰ ਫੇਰ ਵੀ ਚੁੱਪ ਨਹੀਂ ਬੈਠ ਸਕਦਾ। ਧੰਨਵਾਦ। •

(ਘਰ 100-28911. M.E. ਕਾਲੋਨੀ, ਸਿਰਸਾ, ਹਰਿਆਣਾ। ਫੋਨ : 01666-226432)

ਮੁਲਾਂਕਣ

# ਨਿਰੰਜਣ ਮਸ਼ਾਲਚੀ ਇਕ ਪੁਨਰ ਝਾਤ

-ਸੁਰਜੀਤ ਗਿੱਲ

(1)

'ਨਿਰੰਜਣ ਮਸ਼ਾਲਚੀ' ਅਵਤਾਰ ਸਿੰਘ ਬਿਲਿੰਗ ਦਾ ਪਹਿਲਾ ਨਾਵਲ ਹੈ। ਜਿਹੜਾ 1998 ਵਿਚ ਛਪਿਆ ਸੀ। ਅਵਤਾਰ ਸਿੰਘ ਬਿਲਿੰਗ ਪਹਿਲਾਂ ਕਹਾਣੀ ਲਿਖਦਾ ਰਿਹਾ ਹੈ, ਤੇ ਬਤੌਰ ਕਹਾਣੀ ਲੇਖਕ ਹੀ ਜਾਣਿਆ ਜਾਂਦਾ ਸੀ। ਉਸਦਾ ਇਹ ਪਹਿਲਾ ਨਾਵਲ ਕਈ ਪੱਖਾਂ ਤੋਂ ਵਿਲੱਖਣ ਹੈ ਅਤੇ ਗੰਭੀਰ ਚਿੰਤਨ ਦੀ ਮੰਗ ਕਰਦਾ ਹੈ। ਛਪਣ ਸਮੇਂ ਇਸਦੀ ਕੁਝ ਚਰਚਾ ਹੋਈ ਸੀ, ਪ੍ਰੰਤੂ ਜਿਸ ਘੋਖ ਪੜਤਾਲ ਦੀ ਇਹ ਮੰਗ ਕਰਦਾ ਸੀ, ਉਸ ਸਮੇਂ ਉਹ ਨਾ ਹੋਈ ਅਤੇ ਇਹ ਨਾਵਲ ਹਨ੍ਹੇਰੇ ਵਿਚ ਗੁੰਮ ਹੋ ਗਿਆ। ਕਿਸੇ ਕਿਰਤ ਦਾ ਮੁੱਲ ਨਾ ਪੈਣਾ, ਉਸਦਾ ਢੁੱਕਵਾਂ ਮੁੱਲ ਨਾ ਪੈਣਾ ਇਹ ਲੇਖਕ ਤੇ ਸਾਹਿਤ ਦੋਨਾਂ ਲਈ ਘਾਤਕ ਹੁੰਦਾ ਹੈ। ਕਿਰਤ ਦਾ ਮੁੱਲ ਨਾ ਪੈਣ ਕਾਰਨ ਲੇਖਕ ਨਿਰ-ਉਤਸ਼ਾਹ ਹੋ ਜਾਂਦਾ ਹੈ ਅਤੇ ਢੁੱਕਵੀਂ ਕੀਮਤ ਤੋਂ ਬਿਨਾਂ ਕਿਰਤ ਸਾਹਿਤ ਦੇ ਖਜ਼ਾਨੇ ਵਿਚ ਸ਼ਾਮਲ ਨਹੀਂ ਹੁੰਦੀ। ਮੇਰੀ ਸਮਝ ਅਨੁਸਾਰ ਨਾਵਲ 'ਨਿਰੰਜਣ ਮਸ਼ਾਲਚੀ' ਨਿਮਨ ਕਿਸਾਨੀ ਦੇ ਜੀਵਨ ਨੂੰ ਆਰਥਿਕ, ਸਮਾਜਿਕ ਤੇ ਮਨੋਵਿਗਿਆਨਕ ਪੱਖੋਂ ਘੋਖ ਕੇ ਪੇਸ਼ ਕਰਦਾ ਹੈ। ਇਸ ਨਾਵਲ ਦੀ ਇਕ ਇਤਿਹਾਸਕ ਮਹਾਨਤਾ ਵੀ ਹੈ। ਉਹ ਇਹ ਹੈ ਕਿ ਇਹ ਜਗੀਰੂ ਪ੍ਰਥਾ ਦੀ ਕਾਲੀ ਰਾਤ ਦੇ ਪਿਛਲੇ ਪਹਿਰ ਦਾ ਵਰਨਣ ਕਰਦਾ ਹੈ, ਜਦੋਂ ਕਿ ਰਾਤ ਦਾ ਘੁੱਪ ਹਨ੍ਹੇਰਾ ਹੋਣ 'ਤੇ ਵੀ ਪਹੁ-ਫੁਟਾਲਾ ਬਹੁਤੀ ਦੂਰ ਨਹੀਂ ਹੁੰਦਾ। ਇਸ ਨਾਵਲ ਦੀਆਂ ਕੁਝ ਹੋਰ ਵਿਲੱਖਣਤਾਵਾਂ ਵੀ ਹਨ। ਇਹ ਪੰਜਾਬੀ ਜੀਵਨ ਦੇ ਇਕ ਵਿਸ਼ੇਸ਼ ਖਿੱਤੇ ਦੀ ਭਾਸ਼ਾ, ਲੋਕ ਜੀਵਨ, ਲੋਕ-ਕਹਾਵਤਾਂ, ਲੋਕ-ਬੋਲੀਆਂ ਤੇ ਲੋਕ-ਅਖਾਣਾਂ ਦੀ ਵਿਸ਼ੇਸ਼ ਪੇਸ਼ਕਾਰੀ ਕਰਦਾ ਹੈ। ਇਹ ਨਾਵਲ ਲੋਕਾਂ ਦੇ ਧਾਰਮਿਕ ਵਿਸ਼ਵਾਸਾਂ ਤੇ ਹੋਰ ਮਾਨਤਾਵਾਂ ਨੂੰ ਪੇਸ਼ ਕਰਦਾ ਹੈ। ਸਭ ਤੋਂ ਵੱਡੀ ਗੱਲ ਇਹ ਨਿਮਨ ਕਿਸਾਨੀ ਦੇ ਕਰੂਰ ਜੀਵਨ ਦਾ ਯਥਾਰਥ ਪੇਸ਼ ਕਰਦਾ ਹੈ ਅਤੇ ਇਹ ਸਾਰਾ ਕੁਝ ਕਿਸੇ ਉਚੇਚ ਨਾਲ ਨਹੀਂ ਬਲਕਿ ਸਹਿਜ ਰੂਪ ਵਿਚ ਹੀ ਪੇਸ਼ ਕਰਦਾ ਹੈ। ਇੰਨੀਆਂ ਵਿਲੱਖਣਤਾਵਾਂ ਹੁੰਦਿਆਂ ਅਜਿਹੀ ਕਿਰਤ ਨੂੰ ਅਣਗੌਲਿਆਂ ਰਹਿਣ ਦੇਣਾ ਸਾਹਿਤ ਨਾਲ ਇਕ ਅਨਰਥ ਦੇ ਬਰਾਬਰ ਹੈ।

(2)

ਨਾਵਲ ਦੀ ਕਥਾ ਮਾਲਵੇ ਦੇ ਦੱਖਣ ਪੂਰਬੀ ਖੇਤਰ ਦੇ ਇੱਕ ਖਿੱਤੇ ਦਾ ਜੀਵਨ ਅੱਜ ਤੋਂ ਤਕਰੀਬਨ ਸੱਠ-ਸੱਤਰ ਸਾਲ ਪਹਿਲਾਂ ਤੋਂ ਪੇਸ਼ ਕਰਦੀ ਹੈ। ਨਾਵਲ ਅੰਤ ਵਿਚ ਹੋਈ ਤਰਾਸਦੀ ਜਿਸ ਵਿਚ ਨਾਇਕ ਨਿਰੰਜਣ ਮਸ਼ਾਲਚੀ ਨਾਵਲ ਦੀ ਨਾਇਕਾ ਤੇ ਆਪਣੀ ਪਤਨੀ ਗੁਰਮੀਤ ਕੌਰ ਨੂੰ ਕਤਲ ਕਰਕੇ ਆਪ ਆਤਮ-ਹੱਤਿਆ ਕਰਨ ਤੋਂ ਆਰੰਭ ਹੁੰਦੀ ਹੈ। ਨਾਵਲ ਦਾ ਸੂਤਰਧਾਰ ਇਸ ਪਰਿਵਾਰ ਦਾ ਵੱਡਾ ਪੁੱਤਰ ਕਸ਼ਮੀਰ ਸਿੰਘ ਉਰਫ਼ ਸ਼ੀਰਾ ਹੈ। ਉਹ ਸਾਰੀਆਂ ਘਟਨਾਵਾਂ ਬਿਆਨ ਕਰਦਾ ਹੈ। ਆਪਣੇ ਮਾਤਾ-ਪਿਤਾ ਦੇ ਅੰਤ ਸਮੇਂ ਦੇ ਸੰਸਕਾਰ ਕਰਨ ਦੇ ਨਾਲ ਹੀ ਪਿਛਲ ਝਾਤ ਰਾਹੀਂ ਨਾਵਲ ਦੀ ਕਹਾਣੀ ਦੱਸਦਾ ਹੈ। ਨਾਇਕ ਨਿਰੰਜਣ ਮਸ਼ਾਲਚੀ ਇੱਕ ਨਿਮਨ ਕਿਸਾਨੀ ਦੇ ਤਿੰਨ ਭਰਾਵਾਂ ਵਿਚੋਂ ਸਭ ਤੋਂ ਛੋਟਾ ਹੈ। ਉਹ ਸਾਂਝੇ ਟੱਬਰ ਦੀਆਂ ਸਹੂਲਤਾਂ ਤੇ ਖੁੱਲਾਂ ਮਾਣਦਾ ਹੈ। ਕਦੇ ਉਹ ਮੇਲਿਆਂ-ਮੁਸਾਵਿਆਂ ਦੇ ਢੱਡ ਸਾਰੰਗੀ ਵਾਲਿਆਂ ਨਾਲ ਵਿਚਰਦਾ ਹੈ ਤੇ ਕਦੇ ਨਚਾਰਾਂ ਦੇ ਜਲਸੇ ਵਿਚ ਮਿੱਟੀ ਦੇ ਤੇਲ ਦੀ ਬੋਤਲ ਦੇ ਮੂੰਹ 'ਤੇ ਲਾਈ ਅੱਗ ਨਾਲ ਬਣਾਈ ਮਸ਼ਾਲ ਨੱਚਦੇ ਨਚਾਰਾਂ ਦੇ ਨਾਲ-ਨਾਲ ਫਿਰਦਾ ਹੈ। ਬਾਹਰ-ਅੰਦਰ ਫਿਰ ਕੇ ਉਹ ਅੱਖਰ-ਗਿਆਨ



ਪ੍ਰਾਪਤ ਕਰਦਾ ਹੈ ਅਤੇ ਚੁਸਤ ਗੱਲਬਾਤ ਕਰਨੀ ਵੀ ਸਿੱਖ ਜਾਂਦਾ ਹੈ। ਮਸ਼ਾਲ ਜਗਾਉਣ ਕਾਰਨ ਆਮ ਲੋਕ ਉਹਦੇ ਨਾਂ ਨਿਰੰਜਣ ਨਾਲ ਮਸ਼ਾਲਚੀ ਜੋੜ ਦਿੰਦੇ ਹਨ ਤੇ ਉਹ ਲੋਕਾਂ ਵਿਚ ਇਸੇ ਨਾਂ ਨਾਲ ਜਾਣਿਆ ਜਾਣ ਲੱਗ ਪੈਂਦਾ ਹੈ। ਨਿਰੰਜਣ ਦੇ ਪਰਿਵਾਰ ਕੋਲ ਜ਼ਮੀਨ ਥੋੜ੍ਹੀ ਅਤੇ ਘੱਟ ਪੈਦਾਵਾਰ ਦੇਣ ਵਾਲੀ ਹੁੰਦੀ ਹੈ। ਉਸ ਸਮੇਂ ਹਾਲੇ ਪੈਦਾਵਾਰੀ ਦੇ ਸੰਦ ਵਿਕਸਿਤ ਨਹੀਂ ਹੋਏ ਹੁੰਦੇ। ਭਾਵ ਖੇਤੀ ਦੀ ਸਿੰਜਾਈ ਲਈ ਖੂਹ ਆਦਿ ਲਾਉਣੇ ਨਿਮਨ ਕਿਸਾਨੀ ਦੇ ਵੱਸ ਦੀ ਗੱਲ ਨਹੀਂ ਸੀ। ਕਮਜ਼ੋਰ ਆਰਥਿਕਤਾ ਕਾਰਨ ਉਸ ਸਮੇਂ ਵਿਆਹ ਆਦਿ ਦਾ ਹੋਣਾ ਬਹੁਤ ਮੁਸ਼ਕਲ ਸੀ। ਉਸ ਸਮੇਂ ਧੀਆਂ ਵੇਚਣ ਅਤੇ ਵਿਆਹ ਪੈਸੇ ਦੇ ਕੇ ਕਰਾਉਣ ਦੀ ਵਿਵਸਥਾ ਆਮ ਪ੍ਰਚਲਿਤ ਸੀ। ਨਿਮਨ ਕਿਸਾਨੀ ਦੇ ਬਹੁਤੇ ਵਿਅਕਤੀ ਅਣ-ਵਿਆਹੇ ਹੀ ਰਹਿ ਜਾਂਦੇ ਤੇ ਜਾਂ ਪੈਸੇ ਲਾ ਕੇ ਅੰਤਰ-ਜਾਤੀ ਵਿਆਹ ਕਰਦੇ। ਉਸ ਸਮੇਂ ਕਿਸੇ ਵਿਅਕਤੀ ਦਾ ਪੁੰਨ ਦਾ ਵਿਆਹ ਭਾਵ ਬਿਨਾਂ ਪੈਸੇ ਦਿੱਤਿਆਂ ਵਿਆਹ ਹੋਣਾ ਬਹੁਤ ਵੱਡੀ ਗੱਲ ਸੀ। ਨਿਰੰਜਣ ਮਸ਼ਾਲਚੀ ਦਾ ਵਿਆਹ ਪੁੰਨ ਦਾ ਹੋ ਗਿਆ ਸੀ। ਨਿਰੰਜਣ ਮਸ਼ਾਲਚੀ ਕਿਸਾਨੀ ਵਿਚੋਂ ਹੋਣ ਕਾਰਨ ਆਰਥਿਕ ਪੱਖੋਂ ਕਮਜ਼ੋਰ ਹੋਣ 'ਤੇ ਵੀ ਢੇਰ ਸਾਰੀਆਂ ਲਾਲਸਾਵਾਂ ਪਾਲਦਾ ਹੈ। ਉਹਦੇ ਮਨ ਵਿੱਚ ਸੋਹਣੀ ਸੁਨੱਖੀ ਤੀਵੀਂ ਤੇ ਆਰਥਿਕ ਪੱਖੋਂ ਤਕੜੇ ਸਹੁਰਿਆਂ ਦੀ ਲਾਲਸਾ ਹੈ। ਪ੍ਰੰਤੂ ਇਹ ਦੋਨੋਂ ਗੱਲਾਂ ਉਹਨੂੰ ਪ੍ਰਾਪਤ ਨਹੀਂ ਹੁੰਦੀਆਂ। ਇਸ ਤਰ੍ਹਾਂ ਉਹਦੇ ਅੰਦਰ ਇਕ ਹੀਣ-ਭਾਵਨਾ ਜਨਮ ਲੈਂਦੀ ਹੈ। ਜਿਸ ਨੂੰ ਲੁਕੋਣ ਲਈ ਸਦਾ ਉਹ ਉੱਚੀ ਭਾਵਨਾ ਦਾ ਦੰਭ ਕਰਦਾ ਹੈ। ਉਹਦੀ ਪਤਨੀ ਗੁਰਮੀਤ ਕੌਰ ਨਿਮਨ ਕਿਸਾਨੀ ਵਿਚੋਂ ਹੋਣ ਤੇ ਸਰੀਰਕ ਪੱਖੋਂ ਵੀ ਮਸ਼ਾਲਚੀ ਦੇ ਹਾਣ ਦੀ ਨਾ ਹੋਣ 'ਤੇ ਵੀ ਮੂੰਹ ਸਿਰ ਲੱਗਦੀ ਇਕ ਸਚਿਆਰੀ ਜਨਾਨੀ ਹੈ। ਉਹ ਜਗੀਰੂ ਸਦਾਚਾਰੀ ਨੂੰ ਪੂਰੀ ਤਰ੍ਹਾਂ ਸਮਝਦੀ ਹੈ, ਪਰੰਤੂ ਉਹ ਮਸ਼ਾਲਚੀ ਵਾਂਗ ਹੀਣ-ਭਾਵਨਾ ਦਾ ਸ਼ਿਕਾਰ ਨਹੀਂ। ਉਹ ਮਸ਼ਾਲਚੀ ਦੇ ਆਰਥਿਕ ਅਧਾਰ ਨੂੰ ਵੀ ਚੰਗੀ ਤਰ੍ਹਾਂ ਸਮਝਦੀ ਹੈ। ਜਿਸ ਵਿਚ ਆਪਣੇ ਪੇਕੇ ਪਰਿਵਾਰ ਨਾਲੋਂ ਕੋਈ ਬਹੁਤਾ ਅੰਤਰ ਨਹੀਂ ਹੈ। ਨਾਇਕ ਮਸ਼ਾਲਚੀ ਨੂੰ ਵਿਆਹ ਉਪਰੰਤ ਉਹਦੇ ਹਿੱਸੇ ਦੀ ਜ਼ਮੀਨ ਵੀ ਨਹੀਂ ਮਿਲਦੀ ਨਾ ਹੀ ਉਹਦੇ ਵੰਡੇ ਕੋਈ ਚੰਗਾ ਘਰ ਆਉਂਦਾ ਹੈ। ਨਾਇਕਾ ਗੁਰਮੀਤ ਕੌਰ ਆਪਣੇ ਸਮੇਂ ਵਿਚ ਪ੍ਰਚਲਿਤ ਕਿਸਾਨੀ ਅੰਦਰਲੀ ਬਹੁਪਤੀ ਪ੍ਰਥਾ ਨੂੰ ਸਵੀਕਾਰ ਨਹੀਂ ਕਰਦੀ। ਉਹ ਆਪਣੇ ਜੇਠਾਂ ਨੂੰ ਆਪਣੇ ਸਰੀਰ ਦੇ ਸ਼ੋਸਣ ਦੇ ਸਿਰ 'ਤੇ ਨਾਲ ਰੱਖਣ ਲਈ ਤਿਆਰ ਨਹੀਂ । ਜਦੋਂ ਕਿ ਉਸਦੇ ਜੇਠ ਖਾਸ ਕਰਕੇ ਨਿਰੰਜਣ ਤੋਂ ਵੱਡਾ ਉਸਦੇ ਸਰੀਰਕ ਸ਼ੋਸ਼ਣ ਦੀ ਤਾਂਘ ਰੱਖਦਾ ਹੈ। ਉਹ ਉਸਨੂੰ ਮੂੰਹ ਨਹੀਂ ਲਾਉਂਦੀ। ਇਹ ਗੱਲ ਉਹਦਾ ਸਹੁਰਾ ਵੀ ਉਹਨੂੰ ਕਹਿੰਦਾ ਹੈ ਕਿ ਜੇਕਰ ਉਹ ਆਪਣੇ ਜੇਠ ਨੂੰ ਰੋਟੀ ਨਹੀਂ ਦੇਵੇਗੀ ਤਾਂ ਹੋਰ ਕੌਣ ਦੇਵੇਗਾ? ਤੇ ਨਾਲ ਹੀ ਜ਼ਮੀਨ ਖੁੱਸਣ ਦਾ ਡਰਾਵਾ ਵੀ ਦਿੰਦਾ ਹੈ, ਪ੍ਰੰਤੂ ਨਾਇਕਾ ਅਜਿਹਾ ਕਰਨ ਲਈ ਤਿਆਰ ਨਹੀਂ ਹੁੰਦੀ। ਇਸ ਤਰ੍ਹਾਂ ਜ਼ਮੀਨ ਹੋਰ ਘਟ ਜਾਂਦੀ ਹੈ ਤੇ ਉਹ ਅੱਤ ਗਰੀਬੀ ਦਾ ਜੀਵਨ ਜਿਉਣ ਲਈ ਮਜਬੂਰ ਹੁੰਦੇ ਹਨ। ਮੁੱਢ ਵਿਚ ਨਾਇਕ ਤੇ ਨਾਇਕਾ ਸਾਧਾਰਨ ਦੰਪਤੀ ਜੀਵਨ ਜਿਉਂਦੇ ਹਨ,ਪ੍ਰੰਤੂ ਜਿਉਂ-ਜਿਉਂ ਆਰਥਿਕ ਤੰਗੀਆਂ ਵਧਦੀਆਂ ਹਨ ਉਹਨਾਂ ਦੇ ਦੰਪਤੀ ਜੀਵਨ ਵਿਚ ਤ੍ਰੇੜਾਂ ਆਉਂਦੀਆਂ ਹਨ ਤੇ ਤਨਾਓ ਵਧਦਾ ਹੈ। ਸੂਤਰਧਾਰ ਕਸ਼ਮੀਰੇ ਦੇ ਹੋਸ਼ ਸੰਭਾਲਣ ਤੱਕ ਇਹ ਤਨਾਓ ਤਿੱਖਾ ਹੋ ਗਿਆ ਹੁੰਦਾ ਹੈ। ਇਸ ਤਨਾਓ ਦੀ ਬਹੁਤੀ ਵੱਡੀ ਜ਼ਿੰਮੇਵਾਰੀ ਨਾਇਕ ਦੇ ਸਿਰ 'ਤੇ ਹੈ। ਜਿਹੜਾ ਆਪਣੀ ਗਰੀਬੀ ਦੇ ਕਾਰਨਾਂ ਨੂੰ ਆਪਣੀ ਆਰਥਿਕ ਸਥਿਤੀ ਵਿਚੋਂ ਖੋਜਣ ਦੀ ਥਾਂ ਹੋਰਨਾਂ ਗੱਲਾਂ ਵਿਚੋਂ ਖੋਜਦਾ ਹੈ। ਉਹ ਆਪਣੀ ਆਰਥਿਕ ਸਥਿਤੀ ਤੇ ਆਪਣੇ ਪੁੰਨ ਦੇ ਹੋਏ ਵਿਆਹ ਨੂੰ ਭੁੱਲ ਕੇ ਸਦਾ ਹੀ ਨਾਇਕਾ ਗੁਰਮੀਤ ਕੌਰ ਦੇ ਪੇਕਿਆ ਨੂੰ ਨੌਲਦਾ ਤੇ ਬੁਰਾ ਭਲਾ ਕਹਿੰਦਾ ਹੈ। ਜਦੋਂ ਕਿ ਕੋਈ ਵੀ ਤ੍ਰੀਮਤ ਆਪਣੇ ਪੇਕਿਆਂ ਦੀ ਬਦਖੋਈ ਸੁਣਨ ਲਈ ਤਿਆਰ ਨਹੀਂ ਹੁੰਦੀ। ਉਹ

ਵੀ ਨਾਇਕ ਦੀਆਂ ਊਜਾਂ ਦਾ ਢੁੱਕਵਾਂ ਉੱਤਰ ਦਿੰਦੀ ਹੈ ਉਸਨੂੰ ਆਪਣੀ ਆਰਥਿਕ ਸਥਿਤੀ ਦਾ ਗਿਆਨ ਕਰਾਉਂਦੀ ਹੈ। ਨਿਰੰਜਣ ਮਸ਼ਾਲਚੀ ਜਗੀਰੂ ਪ੍ਰਥਾ ਵਿਚ ਮਰਦ ਤੇ ਫਿਰ ਪਤੀ ਦੇ ਅਧਿਕਾਰਾਂ ਤੋਂ ਪੂਰੀ ਤਰ੍ਹਾਂ ਜਾਣੂ ਹੈ ਤੇ ਡਟਕੇ ਉਹਦੀ ਵਰਤੋਂ ਕਰਦਾ ਹੈ। ਜਗੀਰੂ ਪ੍ਰਥਾ ਅਨੁਸਾਰ ਪਤਨੀ ਦਾ ਸਭ ਕੁਝ ਉਸਦੇ ਪਤੀ ਪ੍ਰਮੇਸ਼ਰ ਦੇ ਵੱਸ ਹੁੰਦਾ ਹੈ ਤੇ ਕੋਈ ਵੀ ਪਤਨੀ ਇਹਨਾਂ ਅਧਿਕਾਰਾਂ ਤੋਂ ਮੁਨਕਰ ਨਹੀਂ ਹੋ ਸਕਦੀ। ਨਿਰੰਜਣ ਮਸ਼ਾਲਚੀ ਚਾਹੁੰਦਾ ਹੈ ਕਿ ਉਹ ਜੋ ਕੁਝ ਵੀ ਕਹੇ ਜਾਂ ਕਰੇ ਤਾਂ ਉਸਦੀ ਪਤਨੀ ਉਸਨੂੰ ਪੂਰੀ ਤਰ੍ਹਾਂ ਸਵੀਕਾਰ ਕਰੇ ਤੇ ਕਿਸੇ ਕਿਸਮ ਦਾ ਉਜਰ ਨਾ ਕਰੇ, ਪ੍ਰੰਤੂ ਜਦੋਂ ਨਾਇਕਾ ਗੁਰਮੀਤ ਕੌਰ ਅਜਿਹਾ ਨਹੀਂ ਕਰਦੀ ਤਾਂ ਉਹ ਭੂਸਰ ਜਾਂਦਾ ਹੈ ਤੇ ਆਪੇ ਤੋਂ ਬਾਹਰ ਹੋ ਕੇ ਹੋਰ ਵੀ ਅਵਾ-ਤਵਾ ਬੋਲਦਾ ਹੈ। ਇਸਦੇ ਬਾਵਜੂਦ ਵੀ ਨਾਇਕਾ ਜਗੀਰੂ ਪ੍ਰਥਾ ਵਿਚ ਤ੍ਰੀਮਤ ਦੀ ਸਥਿਤੀ ਨੂੰ ਸਮਝ ਕੇ ਬਹੁਤ ਕੁਝ ਝੱਲਦੀ ਹੈ ਤੇ ਬਰਦਾਸ਼ਤ ਕਰਦੀ ਘਰੇਲੂ ਜੀਵਨ ਜਿਉਂਦੀ ਹੈ। ਉਹਦੇ ਮਾੜੀ-ਮੋਟੀ ਚੂੰ-ਚਾਂ ਨੂੰ ਨਾਇਕ ਮਸ਼ਾਲਚੀ ਜਗੀਰੂ ਪ੍ਰਥਾ ਦੀ ਘੋਰ ਅਵੱਗਿਆ ਸਮਝਦਾ ਹੈ ਤੇ ਉਸ ਉੱਤੇ ਪਤੀ ਦੀ ਆਗਿਆਕਾਰ ਨਾ ਹੋਣ ਦਾ ਦੋਸ਼ ਲਾਉਂਦਾ ਹੈ। ਨਾਇਕਾ ਗੁਰਮੀਤ ਕੌਰ ਆਪਣੇ ਆਪ ਨੂੰ ਜਗੀਰੂ ਪ੍ਰਥਾ ਨੂੰ ਮੰਨਣ ਵਾਲੀ ਪਤੀਬਰਤਾ ਇਸਤਰੀ ਸਮਝਦੀ ਹੈ, ਜਿਸਦੀ ਪਰਤੱਖ ਮਿਸਾਲ ਜੇਠਾਂ ਨੂੰ ਘਰੇ ਨਾ ਵੜਨ ਦੇਣ ਦੀ ਪੇਸ਼ ਕਰਦੀ ਹੈ। ਹੌਲੀ-ਹੌਲੀ ਨਾਵਲ ਵਿਚ ਹੋਰ ਘਟਨਾਵਾਂ ਆਉਂਦੀਆਂ ਹਨ, ਪ੍ਰੰਤੂ ਇਹਨਾਂ ਦਾ ਆਪਣੀ ਤਨਾਓ ਸਦੀਵੀ ਘਰੇਲੂ ਕਲੇਸ਼ ਦਾ ਰੂਪ ਧਾਰ ਜਾਂਦਾ ਹੈ। ਇਹੋ ਕਲੇਸ਼ ਕੁਝ ਨਵਾਂ ਰੂਪ ਧਾਰ ਕੇ ਅੰਤਲੀ ਤਰਾਸਦੀ ਦਾ ਰੂਪ ਧਾਰਦਾ ਹੈ।

ਨਾਵਲ ਵਿਚ ਸਮਾਂ ਸਹਿਜ ਵਿਕਾਸ ਕਰਦਾ ਹੈ। ਹੌਲੀ-ਹੌਲੀ ਜਗੀਰੂ ਪ੍ਰਥਾ ਦਾ ਹਨੇਰਾ ਮੁੱਕਣ ਵੱਲ ਜਾਂਦਾ ਹੈ ਤੇ ਦਿਸਹੱਦੇ ਤੇ ਪਹੁ-ਫੁਟਾਲੇ ਦੀਆਂ ਕਿਰਨਾਂ ਪ੍ਰਗਟ ਹੁੰਦੀਆਂ ਹਨ। ਸਮੇਂ ਦੇ ਨਾਲ ਪਿੰਡਾਂ ਵਿਚ ਵਿਦਿਆ ਦਾ ਆਗਮਨ ਹੁੰਦਾ ਹੈ। ਸੂਤਰਧਾਰ ਆਪ ਪੜ੍ਹਦਾ ਹੈ ਤੇ ਉਸ ਦੇ ਘਰਾਂ ਵਿਚੋਂ ਲੱਗਦੀ ਭੈਣ ਜਿੰਦਰੋ ਵੀ ਪੜ੍ਹ ਕੇ ਕਾਲਜ ਤੱਕ ਪੁੱਜਦੀ ਹੈ। ਖੇਤੀ ਵਿਚ ਨਵੇਂ ਬੀਜ, ਨਵੀਂ ਰੇਹ, ਖੂਹ ਤੇ ਇੰਜਣ ਨਾਲ ਚੱਲਣ ਵਾਲੇ ਪੰਪ ਆਉਂਦੇ ਹਨ। ਸਮੁੱਚੀ ਕਿਸਾਨੀ ਵਿਚ ਪੈਦਾਵਾਰ ਦੇ ਵਾਧੇ ਨਾਲ ਇਕ ਹੁਲਾਰਾ ਆਉਂਦਾ ਹੈ। ਨਾਇਕ ਦੇ ਜੀਵਨ ਵਿਚ ਵੀ ਤਬਦੀਲੀਆਂ ਵਾਪਰਦੀਆਂ ਹਨ। ਪਿਉ ਮਰੇ ਉਪਰੰਤ ਉਹਨੂੰ ਵੱਧ ਜ਼ਮੀਨ ਮਿਲਦੀ ਹੈ। ਉਹ ਖੂਹ ਲਾਉਂਦਾ ਹੈ। ਹੌਲੀ-ਹੌਲੀ ਪੁਰਾਣੇ ਘਰ ਦੀ ਥਾਂ ਨਵਾਂ ਘਰ ਬਣਾਉਂਦਾ ਹੈ। ਇਸਦੇ ਨਾਲ ਹੀ ਸਮਾਜ ਵਿਚ ਨਵੀਆਂ ਲਹਿਰਾਂ ਉਠਦੀਆਂ ਹਨ। ਆਮ ਲੋਕ ਰਾਜਸੀ ਤੇ ਸਮਾਜਿਕ ਤੌਰ 'ਤੇ ਚੇਤਨ ਹੁੰਦੇ ਹਨ ਤੇ ਹੌਲੀ-ਹੌਲੀ ਪੁਰਾਣੇ ਸੰਸਕਾਰ ਟੁੱਟਦੇ ਹਨ। ਪਰੰਤੂ ਕਿਸਾਨੀ ਦਾ ਮਾਨਸਿਕ ਵਿਕਾਸ ਇਹਨਾਂ ਲਹਿਰਾਂ ਨਾਲ ਨਹੀਂ ਹੁੰਦਾ। ਉਹਦੇ ਅੰਦਰ ਪੁਰਾਣੀਆਂ ਮਾਨਤਾਵਾਂ, ਰੂੜੀਆਂ ਕਾਇਮ ਰਹਿੰਦੀਆਂ ਹਨ ਜਿਨ੍ਹਾਂ ਦਾ ਸਮੇਂ-ਸਮੇਂ ਪ੍ਰਗਟਾਵਾ ਹੁੰਦਾ ਹੈ। ਰਾਜਸੀ ਲਹਿਰਾਂ ਵਿਚੋਂ ਪੰਜਾਬੀ ਸੂਬੇ ਦੀ ਪ੍ਰਾਪਤੀ ਦੀ ਲਹਿਰ ਕਿਸਾਨੀ ਦੇ ਇਕ ਹਿੱਸੇ ਨੂੰ ਪ੍ਰਭਾਵਿਤ ਕਰਦੀ ਹੈ ਤੇ ਨਾਇਕ ਤੇ ਸੂਤਰਧਾਰ ਦੇ ਆਪਣੇ ਪਿੰਡੋਂ ਵੀ ਕਈ ਲੋਕ ਇਸ ਲਹਿਰ ਵਿਚ ਜੇਲ ਕੱਟ ਕੇ ਆਉਂਦੇ ਹਨ। ਉਥੋਂ ਪ੍ਰਾਪਤ ਕੀਤੇ ਪ੍ਰਭਾਵ ਮੁੜ ਪਿੰਡ ਦੇ ਜੀਵਨ ਨੂੰ ਪ੍ਰਭਾਵਿਤ ਕਰਨ ਦਾ ਕਾਰਨ ਬਣਦੇ ਹਨ। ਪੁਰਾਣੇ ਡੇਰਿਆਂ ਤੇ ਮੰਦਰਾਂ ਦੀ ਥਾਂ ਕਈ ਮੰਜ਼ਲੇ ਗੁਰਦੁਆਰੇ ਦੀ ਉਸਾਰੀ ਤੇ ਲਾਉਡ ਸਪੀਕਰਾਂ ਰਾਹੀਂ ਗੁਰਬਾਣੀ ਦਾ ਪਸਾਰ ਇਸਦਾ ਇਕ ਉਦਾਹਰਣ ਹੈ। ਨਵੇਂ ਵਿਦਿਅਕ ਪਸਾਰੇ ਨਾਲ ਔਰਤਾਂ ਦੇ ਸਬੰਧੀ ਵੀ ਪੁਰਾਣੇ ਰੂੜ੍ਹੀਵਾਦੀ ਵਿਚਾਰ ਭਰਦੇ ਹਨ. ਪਿੰਡ ਦਾ ਜੱਥੇਦਾਰ ਜਾਗਰ ਸਿੰਘ ਆਪਣੀ ਇਕਲੌਤੀ ਧੀ ਜਿੰਦਰੋ ਨੂੰ ਪੜ੍ਹਨ ਪਾਉਂਦਾ ਹੈ ਅਤੇ ਉਹ ਪਿੰਡ ਦੇ ਸਕੂਲ ਵਿੱਚ ਦਸਵੀਂ ਕਰ ਜਾਂਦੀ ਹੈ। ਪਰੰਤੂ ਉਹਨੇ ਜਗੀਰੂ ਪ੍ਰਥਾ ਅਨੁਸਾਰ ਕਾਫੀ ਵਿੱਦਿਆ ਪ੍ਰਾਪਤ ਕਰ ਲਈ ਤੇ ਹੁਣ ਉਹਦੀ ਉਮਰ ਵਿਆਹੁਣ ਯੋਗ ਹੋ



ਜਾਂਦੀ ਹੈ। ਜੱਥੇਦਾਰ ਜ਼ਮੀਨ ਦੇ ਲਾਲਚ ਵਿਚ ਹੋਰਾਂ ਗੱਲਾਂ ਦਾ ਧਿਆਨ ਕੀਤੇ ਬਿਨਾਂ ਇਕ ਕਾਲੇ-ਕਲੋਟੇ ਵਿਅਕਤੀ ਜਿਉਣ ਸਿੰਘ ਨਾਲ ਉਸਦਾ ਵਿਆਹ ਕਰ ਦਿੰਦਾ ਹੈ। ਜਿਸਦੇ ਪਹਿਲਾਂ ਹੀ ਆਪਣੀ ਭਰਜਾਈ ਨਾਲ ਸੰਬੰਧ ਹੁੰਦੇ ਹਨ। ਜਿਉਣ ਸਿੰਘ ਦਾ ਪਰਿਵਾਰ ਵੀ ਜਿੰਦਰੋ ਦੇ ਇਕੱਲੀ ਧੀ ਹੋਣ ਕਾਰਨ ਜ਼ਮੀਨ ਮਿਲਣ ਤੇ ਭਰਵਾਂ ਦਾਜ ਮਿਲਣ ਦੀ ਆਸ ਵਿਚ ਕਬੂਲਦਾ ਹੈ, ਪਰੰਤੂ ਜੱਥੇਦਾਰ ਉਹਨਾਂ ਦੀ ਵੱਧ ਦਾਜ ਦੀ ਲਾਲਸਾ ਪੂਰੀ ਨਹੀਂ ਕਰਦਾ ਤੇ ਜ਼ਮੀਨ ਸੰਬੰਧੀ ਵੀ ਉਹਨਾਂ ਦਾ ਲਾਲਚ ਭਾਂਪ ਜਾਂਦਾ ਹੈ। ਜਿਸ ਕਾਰਨ ਦੋਨਾਂ ਧਿਰਾਂ ਵਿਚ ਫਿੱਕ ਪੈ ਜਾਂਦਾ ਹੈ ਤੇ ਜਿੰਦਰੋ ਮੁੜ ਸਹੁਰੀ ਨਹੀਂ ਜਾਂਦੀ। ਇਸ ਦੌਰਾਨ ਜੱਥੇਦਾਰ ਜਾਗਰ ਸਿੰਘ ਪੰਜਾਬੀ ਸੂਬੇ ਦੇ ਮੋਰਚੇ ਵਿਚ ਜੇਲ ਚਲਿਆ ਜਾਂਦਾ ਹੈ। ਜਿੰਦਰੋ ਦੀ ਮਾਂ ਪੁਰਾਣੀਆਂ ਰੂੜ੍ਹੀਵਾਦੀ ਔਰਤਾਂ ਵਿਚੋਂ ਨਹੀਂ ਹੈ। ਉਹ ਧੀ ਨੂੰ ਹੋਰ ਪੜ੍ਹਾਉਣ ਅਤੇ ਪੈਰਾਂ ਸਿਰ ਖੜ੍ਹਾ ਕਰਨ ਦੀ ਇੱਛਾ ਰੱਖਦੀ ਹੈ। ਇਸ ਲਈ ਉਹ ਜੱਥੇਦਾਰ ਤੋਂ ਪੁੱਛੇ ਤੋਂ ਬਿਨਾਂ ਹੀ ਜਿੰਦਰੋ ਨੂੰ ਸੂਤਰਧਾਰ ਕਸ਼ਮੀਰੇ ਨਾਲ ਖੰਨੇ ਕਾਲਜ ਪੜ੍ਹਨ ਲਾ ਦਿੰਦੀ ਹੈ। ਇਹ ਪਹੁ-ਫੁਟਾਲੇ ਦੀ ਪਹਿਲੀ ਕਿਰਨ ਹੈ। ਜਿੰਦਰੋ ਐੱਮ.ਐੱਸ.ਸੀ. ਕਰਦੀ ਹੈ ਅਤੇ ਕਾਲਜ ਵਿਚ ਲੈਕਚਰਾਰ ਲੱਗ ਜਾਂਦੀ ਹੈ। ਉਹ ਮੁੜ ਆਪਣੇ ਪਤੀ ਜਿਉਣ ਸਿੰਘ ਕੋਲ ਜਾਣਾ ਨਹੀਂ ਕਬੂਲਦੀ। ਜਿਉਣ ਸਿੰਘ ਵੀ ਬਦਕਾਰੀ ਦੀ ਸਜ਼ਾ ਭੁਗਤ ਕੇ ਮਾਰਿਆ ਜਾਂਦਾ ਹੈ। ਸੂਰਤਧਾਰ ਫੇਲ੍ਹ ਹੋ ਕੇ ਪੜ੍ਹਨੋਂ ਹਟ ਜਾਂਦਾ ਹੈ ਅਤੇ ਮੂਹਰੇ ਹੋ ਕੇ ਘਰ ਦੀ ਖੇਤੀ ਸਾਂਭ ਲੈਂਦਾ ਹੈ। ਉਸ ਉਪਰੰਤ ਉਸਦੀ ਇਕ ਭੈਣ-ਭਰਾ ਹੋਰ ਹੁੰਦੇ ਹਨ। ਇਸ ਤਰ੍ਹਾਂ ਕਬੀਲਦਾਰੀ ਵਧਦੀ ਹੈ। ਪ੍ਰੰਤੂ ਨਾਇਕ ਤੇ ਨਾਇਕਾ ਦਾ ਆਪਸੀ ਪਾੜਾ ਵੀ ਹੋਰ ਵਧਦਾ ਜਾਂਦਾ ਹੈ। ਹੁਣ ਇਹ ਪਾੜਾ ਨਵਾਂ ਰੁਖ ਧਾਰ ਜਾਂਦਾ ਹੈ। ਨਾਇਕਾ ਗੁਰਮੀਤ ਕੌਰ ਨਾਇਕ ਦੇ ਰਵੱਈਏ ਤੋਂ ਹੋਰ ਉਚਾਟ ਹੋ ਜਾਂਦੀ ਹੈ। ਇਸਦੇ ਨਾਲ ਹੀ ਨਾਇਕ ਜ਼ਿੰਦਗੀ ਤੋਂ ਉਚਾਟ ਹੋ ਜਾਂਦਾ ਹੈ। ਉਹ ਕੋਈ ਚੇਤਨ ਤੇ ਆਦਰਸ਼ਵਾਦੀ ਵਿਅਕਤੀ ਨਹੀਂ ਸੀ। ਜਿਸ ਲਈ ਘਰੇਲੂ ਜ਼ਿੰਦਗੀ ਦੀ ਥਾਂ ਕੋਈ ਹੋਰ ਆਦਰਸ਼ ਭਾਰੂ ਹੋਵੇ। ਉਹ ਸਾਰਾ ਜੀਵਨ ਆਪਣੇ ਲਈ ਜੀਵਿਆ ਹੈ ਤੇ ਸਾਰਾ ਜੀਵਨ ਛੋਟੀਆਂ-ਛੋਟੀਆਂ ਲਾਲਸਾਵਾਂ ਲਈ ਤਰਸਿਆ ਹੈ। ਉਹ ਚਾਹੁੰਦਾ ਹੈ ਕਿ ਉਸਨੂੰ ਘਰ ਦੇ ਮਾਲਕ ਵਜੋਂ ਸਤਿਕਾਰ ਦਿੱਤਾ ਜਾਵੇ। ਉਹ ਘੱਟ ਤੋਂ ਘੱਟ ਕੰਮ ਕਰੇ ਤੇ ਸਾਰੇ ਘਰ ਦੇ ਕੰਮ ਵਿਚ ਉਹਦੀ ਮਰਜ਼ੀ ਚੱਲੇ। ਉਹਦੇ ਕਹੇ ਤੋਂ ਬਿਨਾਂ ਘਰ ਵਿਚ ਪੱਤਾ ਵੀ ਨਾ ਹਿੱਲੇ। ਖਾਸ ਕਰਕੇ ਨਾਇਕਾ, ਆਪਣੀ ਪਤਨੀ ਗੁਰਮੀਤੋ ਉੱਤੇ ਉਸਨੂੰ ਪੂਰਨ ਸਰੀਰਕ ਤੇ ਮਾਨਸਿਕ ਅਧਿਕਾਰ ਪ੍ਰਾਪਤ ਹੋਵੇ। ਉਹ ਇਕ ਬਾਂਦੀ ਵਾਂਗੂ ਉਹਦੀ ਅਧੀਨਗੀ ਕਬੂਲੇ। ਇਸਦੇ ਉਲਟ ਗੁਰਮੀਤੋ ਆਪਣੇ ਆਪ ਨੂੰ ਦਰੁਸਤ ਸਮਝਦੀ ਹੈ। ਉਹ ਸਮਝਦੀ ਹੈ ਕਿ ਉਹਦੀ ਦਾਸਤਾਂ ਦਾ ਅੰਤ ਹੋ ਗਿਆ ਹੈ। ਘਰ ਦੀ ਕਬੀਲਦਾਰੀ ਦਾ ਬੋਝ ਉਹਦੇ ਆਪਣੇ ਪੁੱਤਰ ਕਸ਼ਮੀਰੇ ਨੇ ਚੁੱਕ ਲਿਆ ਹੈ। ਉਹਦੀ ਆਪਣੀ ਧੀ ਵੱਡੀ ਹੋ ਗਈ ਹੈ। ਹੁਣ ਉਸਨੂੰ ਪਤੀ ਦੀ ਗੁਲਾਮੀ ਵਿਚ ਰਹਿਣ ਦੀ ਕੋਈ ਲੋੜ ਨਹੀਂ। ਇਸਦੇ ਮੁਕਾਬਲੇ ਨਾਇਕ ਆਪਣੇ ਅਧਿਕਾਰਾਂ ਲਈ ਲੜਦਾ ਹੈ। ਪਰ ਉਹ ਆਪਣੇ-ਆਪ ਨੂੰ ਹਰ ਮੋਰਚੇ 'ਤੇ ਹਾਰਦਾ ਤੇ ਪਿੱਛੇ ਹੱਟਦਾ ਮਹਿਸੂਸ ਕਰਦਾ ਹੈ। ਉਹ ਘਰ ਦਾ ਕੰਮ ਛੱਡ ਦਿੰਦਾ ਹੈ। ਉਹਦੇ ਵਿਚ ਪਹਿਲਾਂ ਵਾਲੀ ਚੁਸਤੀ ਨਹੀਂ ਰਹਿੰਦੀ। ਉਹ ਹਰ ਸਮੇਂ ਮਾਨਸਿਕ ਤੌਰ 'ਤੇ ਉਲਝਿਆ ਰਹਿੰਦਾ ਹੈ। ਉਹ ਘਰੋਂ ਭੱਜਦਾ ਵੀ ਹੈ ਪਰ ਕੁਝ ਨਹੀਂ ਬਣਦਾ। ਹਾਰ ਕੇ ਉਹ ਆਪਣੀ ਵਿਰੋਧੀ ਨਾਇਕਾ ਵਿਰੁੱਧ ਜਗੀਰਦਾਰੀ ਪ੍ਰਥਾ ਦਾ ਅਗਨ ਅਸ਼ਤਰ ਛੱਡਦਾ ਹੈ ਤੇ ਬਦਚਲਣ ਹੋਣ ਦਾ ਮਹਾਂ ਆਰੋਪ ਲਾਉਂਦਾ ਹੈ। ਇਥੇ ਨਾਇਕ ਮਸ਼ਾਲਚੀ ਆਪਣੇ ਅੰਦਰਲੀ ਸਿਰੇ ਦੀ ਬੇਈਮਾਨੀ ਤੇ ਖੁਦਗਰਜੀ ਨੂੰ ਨੰਗਾ ਕਰਦਾ ਹੈ। ਉਹਨੂੰ ਪੱਕਾ ਪਤਾ ਹੈ ਕਿ ਨਾਇਕਾ ਗੁਰਮੀਤੋ ਬਦਚਲਣ ਨਹੀਂ ਹੈ। ਉਹਦੇ ਕੋਲ ਉਸਦੀ ਬਦਚਲਣੀ ਦਾ ਕੋਈ ਸਬੂਤ ਵੀ ਨਹੀਂ ਹੈ, ਪ੍ਰੰਤੂ ਜਗੀਰਦਾਰੀ ਪ੍ਰਥਾ ਅਨੁਸਾਰ ਇਸਤਰੀ ਉੱਤੇ ਲਾਇਆ ਮਹਾਂ

ਆਰੋਪ ਉਸਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਕਤਲ ਕਰਨ ਲਈ ਕਾਫ਼ੀ ਹੈ। ਜਗੀਰਦਾਰੀ ਪ੍ਰਥਾ ਵਿਚ ਕਿਸੇ ਔਰਤ ਤੇ ਬਦਚਲਣੀ ਦਾ ਦੋਸ਼ ਲੱਗਣਾ ਹੀ ਉਸਦੀ ਸਦਾਚਾਰਕ ਮੌਤ ਹੋਣਾ ਹੈ। ਹਕੀਕਤ ਵਿਚ ਨਾਇਕ ਮਸ਼ਾਲਚੀ ਇਹ ਆਰੋਪ ਲਗਾ ਕੇ ਨਾਇਕਾ ਨੂੰ ਆਪਣੇ ਮੰਤਵ ਲਈ ਝੁਕਾਉਣਾ ਚਾਹੁੰਦਾ ਹੈ। ਉਹ ਸਮਝਦਾ ਹੈ ਕਿ ਇਸਤਰੀ ਤਾਂ ਬਣੀ ਹੀ ਆਪਣੇ ਪਤੀ ਦੀ ਕਾਮਵਾਸਨਾ ਪੂਰੀ ਕਰਨ ਲਈ ਹੈ। ਇਸ ਲਈ ਉਹਦੀ ਕੀ ਮਜਾਲ ਕੀ ਉਹ ਆਪਣੇ ਪਤੀ ਨਾਲ ਅਜਿਹੇ ਸੰਬੰਧ ਨਾ ਰੱਖੇ। ਜੇ ਉਹ ਅਜਿਹਾ ਨਹੀਂ ਕਰਦੀ ਤਾਂ ਉਹ ਕਾਮ ਵਾਸਨਾ ਦੀ ਪੂਰਤੀ ਕਿਸੇ ਹੋਰ ਸਾਧਨ ਰਾਹੀਂ ਕਰਦੀ ਹੈ ਤੇ ਇਹ ਬਦਚਲਣੀ ਹੈ। ਇਹ ਸਜ਼ਾ ਯੋਗ ਹੈ, ਪ੍ਰੰਤੂ ਗੁਰਮੀਤੋ ਇਸ ਮਹਾਂ ਆਰੋਪ ਅੱਗੇ ਵੀ ਨਹੀਂ ਝੁਕਦੀ ਤਾਂ ਨਾਇਕ ਆਪਣਾ ਮਾਨਸਿਕ ਤੁਆਜ਼ਨ ਗੁਆ ਲੈਂਦਾ ਹੈ। ਉਹ ਬਦਲਾ ਲੈਣ ਲਈ ਹਿੰਸਕ ਹੋ ਜਾਂਦਾ ਹੈ। ਨਾਇਕਾ ਦਾ ਕਤਲ ਕਰ ਦਿੰਦਾ ਹੈ ਤੇ ਆਪ ਆਤਮ-ਹੱਤਿਆ ਕਰ ਲੈਂਦਾ ਹੈ। ਇਹ ਸਾਰਾ ਕੁਝ ਕਾਮ ਵਾਸ਼ਨਾ ਸੰਬੰਧੀ ਫਰਾਈਡ ਦੇ ਸਿਧਾਂਤ ਅਨੁਸਾਰ ਹੀ ਹੁੰਦਾ ਹੈ।

(3)

ਨਾਇਕ ਦੇ ਕਿਰਦਾਰ ਦਾ ਹੋਰ ਪੱਖਾਂ ਤੋਂ ਵੀ ਜਾਇਜ਼ਾ ਲੈਣ ਦੀ ਲੋੜ ਹੈ, ਉਹ ਰੂੜ੍ਹੀਵਾਦੀ ਜਗੀਰੂ ਪ੍ਰਥਾ ਦਾ ਮੁਦੱਈ ਹੈ। ਜਿਸ ਅਨੁਸਾਰ ਜ਼ਮੀਨ ਦੇ ਮਾਲਕ ਦੀ ਸਮੁੱਚੇ ਸਮਾਜਿਕ ਕਾਰੋਬਾਰ ਉੱਤੇ ਸਰਦਾਰੀ ਹੁੰਦੀ ਹੈ। ਜਗੀਰੂ ਪ੍ਰਥਾ ਅਨੁਸਾਰ ਇਸਤਰੀ ਕੇਵਲ ਜ਼ਮੀਨ ਦੇ ਮਾਲਕ ਦੀ ਜਾਇਦਾਦ ਹੈ। ਉਹ ਚਾਹੇ ਪਤਨੀ ਹੋਵੇ, ਚਾਹੇ ਧੀ ਹੋਵੇ। ਜਿਹੜੀ ਇਸਤਰੀ ਇਸ ਜਗੀਰੂ ਲਛਮਣ ਕਾਰ ਨੂੰ ਉਲੰਘਦੀ ਹੈ, ਉਹ ਜਗੀਰੂ ਪ੍ਰਥਾ ਅਨੁਸਾਰ ਬਦਚਲਣ ਹੈ। ਇਸੇ ਲਈ ਨਿਰੰਜਣ ਮਸ਼ਾਲਚੀ ਪਹਿਲਾਂ ਜਿੰਦਰੋ ਨੂੰ ਤੇ ਪਿੱਛੋਂ ਆਪਣੀ ਧੀ ਨੂੰ ਵੀ ਨਹੀਂ ਬਖਸ਼ਦਾ। ਉਹਨਾਂ ਉੱਤੇ ਬਦਚਲਣੀ ਦਾ ਦੋਸ਼ ਲਾਉਂਦਾ ਉੱਕਾ ਹੀ ਨਹੀਂ ਝਿਜਕਦਾ। ਨਿਰੰਜਣ ਮਸ਼ਾਲਚੀ ਵਰਗੇ ਉਹ ਲੋਕ ਹਨ ਜਿਹੜੇ ਜਗੀਰੂ ਪ੍ਰਥਾ ਵਿਚ ਆਪਣੇ ਹਿਤ ਸੁਰੱਖਿਅਤ ਸਮਝਦੇ ਹਨ ਤੇ ਉਹ ਹਰ ਕਿਸਮ ਦੀ ਤਬਦੀਲੀ ਵਿਰੁੱਧ ਲੜਦੇ ਹਨ। ਪ੍ਰੰਤੂ ਨਿਰੰਜਣ ਮਸ਼ਾਲਚੀ ਤੇ ਹੋਰਨਾਂ ਦਾ ਦੁਖਾਂਤ ਇਹ ਹੈ ਕਿ ਇਹ ਉਸ ਸਮੇਂ ਜਗੀਰੂ ਪ੍ਰਥਾ ਦੀ ਰਾਖੀ ਕਰਨ ਦਾ ਯਤਨ ਕਰਦੇ ਹਨ। ਜਦੋਂ ਉਹ ਬੋਦੀ ਹੋ ਕੇ ਟੁੱਟਣ ਲੱਗਦੀ ਹੈ ਤੇ ਇਕ ਦਿਨ ਅਵੱਸ਼ ਇਹਨੇ ਖਤਮ ਹੋ ਜਾਣਾ ਸੀ। ਅਜਿਹੇ ਲੋਕ ਹੜ੍ਹ ਦੇ ਸਾਹਮਣੇ ਖੜ੍ਹਕੇ ਹੜ੍ਹ ਨੂੰ ਰੋਕਣ ਦਾ ਯਤਨ ਕਰਨ ਵਾਲੇ ਹਨ ਤੇ ਜਿਨ੍ਹਾਂ ਨੇ ਅਵੱਸ਼ ਹੜ੍ਹ ਵਿਚ ਡੁੱਬ ਜਾਣਾ ਹੈ। ਇਹੋ ਨਿਰੰਜਣ ਮਸ਼ਾਲਚੀ ਨਾਲ ਵਾਪਰਦਾ ਹੈ।

ਨਾਵਲ ਵਿਚ ਲੇਖਕ ਨੇ ਇਕ ਛੋਟਾ ਜਿਹਾ ਝਲਕਾਰਾ ਨਕਸਲੀ ਲਹਿਰ ਦਾ ਦਿੱਤਾ ਹੈ। ਜਿਸ ਵਿਚ ਇਕ ਮਫ਼ਰੂਰ ਨਕਸਲੀ ਮੁੰਡਾ ਸੂਤਰਧਾਰ ਕੋਲ ਰਾਤ ਕੱਟਦਾ ਹੈ ਤੇ ਉਹਨੂੰ ਸਮਾਜਿਕ ਵਿਗਿਆਨ ਦਾ ਸਬਕ ਦਿੰਦਾ ਹੈ ਤੇ ਦੱਸਦਾ ਹੈ ਕਿ ਸਾਰੇ ਸਮਾਜਿਕ ਤੇ ਘਰੇਲੂ ਸੰਕਟਾਂ ਦਾ ਕਾਰਨ ਕੇਵਲ ਗਰੀਬੀ ਤੇ ਗਰੀਬੀ ਹੈ। ਗਰੀਬੀ ਨੂੰ ਖ਼ਤਮ ਕਰਕੇ ਹੀ ਇਹਨਾਂ ਸੰਕਟਾਂ ਨੂੰ ਦੂਰ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਲੇਖਕ ਜਗੀਰੂ ਪ੍ਰਥਾ ਵਿਚੋਂ ਨਿਕਲ ਕੇ ਨਵਾਂ ਸਮਾਜ ਉਸਾਰਨ ਦਾ ਰਾਹ ਦੱਸਦਾ ਹੈ।

ਇਸ ਤਰ੍ਹਾਂ ਨਾਵਲ ਦੇ ਵਿਸਤ੍ਰਿਤ ਜਾਇਜ਼ੇ ਉਪਰੰਤ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਲੇਖਕ ਨੇ ਹਥਲੇ ਨਾਵਲ ਵਿਚ ਨਿਮਨ ਕਿਸਾਨੀ ਦੇ ਆਰਥਿਕ ਤੇ ਸਮਾਜਿਕ ਜੀਵਨ ਨੂੰ ਪੇਸ਼ ਕਰਕੇ ਇੱਕ ਤਲਖ ਯਥਾਰਥ ਪੇਸ਼ ਕੀਤਾ ਹੈ। ਨਾਲ ਹੀ ਸੰਕੇਤ ਦਿੱਤਾ ਹੈ ਕਿ ਇਸ ਪ੍ਰਥਾ ਦਾ ਅੰਤ ਹੋਣਾ ਹੈ। ਬੇਸ਼ੱਕ ਇਹ ਕਿੰਨਾ ਹੀ ਤਰਾਸਦਿਕ ਹੋਵੇ ਤੇ ਇਕ ਦਿਨ ਚਾਨਣ ਹੋ ਹੀ ਜਾਣਾ ਹੈ। •



ਪੁਸਤਕ-ਪੜਚੋਲ

# ਵਰਜਣਾ ਤੋਂ ਪਾਰ

(ਬਲਬੀਰ ਪਰਵਾਨਾ)

ਬਲਬੀਰ ਪਰਵਾਨਾ ਜੀ ਦਾ ਨਾਮ ਪੰਜਾਬੀ ਭਾਸ਼ਾ ਦੇ ਸਾਹਿਤ ਵਿਚ ਕਿਸੇ ਜਾਣ-ਪਹਿਚਾਣ ਦਾ ਮੁਥਾਜ ਨਹੀਂ। ਉਹ ਰੋਜ਼ਾਨਾ ਪੰਜਾਬੀ ਪਤ੍ਰਿਕਾ ਨਵਾਂ ਜ਼ਮਾਨਾ ਦੇ ਸਾਹਿਤ ਸੰਪਾਦਕ ਹਨ ਅਤੇ ਇਸ ਦੇ ਹਰਿਕ ਐਤਵਾਰਤਾ ਅੰਕ ਵਿਚ ਕਿਸੇ ਨਾ ਕਿਸੇ ਰੂਪ ਵਿਚ ਉਹਨਾਂ ਦਾ ਗੁਣ-ਗਾਣ ਪ੍ਰਾਪਤ ਹੁੰਦਾ ਹੈ। ਕਾਵਿ ਰਚਨਾ ਦੇ ਨਾਲ-ਨਾਲ ਉਹ ਨਾਵਲ ਅਤੇ ਕਹਾਣੀ ਆਦਿ ਵਿਧਾਵਾਂ ਵਿਚ ਲਗਾਤਾਰ ਰਚਨਾ ਕਰ ਰਹੇ ਹਨ। ਉਹਨਾਂ ਨੇ ਕੁੱਝ ਪੁਸਤਕਾਂ ਸੰਪਾਦਤ ਵੀ ਕੀਤੀਆਂ ਹਨ। 'ਵਰਜਣਾ ਤੋਂ ਪਾਰ' ਪਰਵਾਨਾ ਜੀ ਦੀ ਗੱਦ-ਕਾਵਿ ਰਚਨਾ ਹੈ ਅਤੇ ਇਸ ਵਿਚ ਪੇਸ਼ ਪਰਤੇਕ ਕਵਿਤਾ ਕਿਸੇ ਵੀ ਛੰਦ ਦੀ ਬੰਦਸ਼ ਦੀ ਪਾਲਣਾ ਤੋਂ ਰਹਿਤ ਹੈ। ਇਸ ਪੁਸਤਕ ਵਿਚ ਪ੍ਰਸਤੁਤ ਰਚਨਾਵਾਂ ਵਿਚ ਸੰਗੀਤ, ਤੋਲ, ਤੁਕਾਂਤ, ਲੈਅ, ਤਾਲ ਆਦਿ ਦੇ ਮਹੱਤਵ ਨੂੰ ਨਿਸ਼ਚਿਤ ਰੂਪ ਵਿਚ ਗੌਣ ਸਥਾਨ ਪ੍ਰਾਪਤ ਤਾਂ ਹੈ ਹੀ ਸਗੋਂ ਪਾਠ ਕਰਦਿਆਂ ਇਹ ਵੀ ਅਨੁਭਵ ਹੁੰਦਾ ਹੈ ਜਿਵੇਂ ਸ਼ਾਇਰ ਪ੍ਰਸਿੱਧੀ ਅਤੇ ਸਥਾਪਤੀ ਦੇ ਜਨੂੰਨ ਵਿਚ ਕਵਿਤਾ ਦੇ ਬੁਨਿਆਦੀ ਸਿਧਾਂਤ ਅਤੇ ਸਾਰਥਕ ਜੀਵਨ ਦੇ ਚੱਜ-ਆਚਾਰ ਨੂੰ ਵੀ ਇਕ ਵਰਜਣਾ ਵਜੋਂ ਹੀ ਗ੍ਰਹਿਣ ਕਰ ਰਿਹਾ ਹੋਵੇ। ਇਸ ਗੱਦ-ਕਾਵਿ ਸੰਕਲਨ ਵਿਚ ਪਰਵਾਨਾ ਜੀ ਦੀਆਂ ਅਠਾਹਠ (68) ਰਚਨਾਵਾਂ ਸੰਕਲਿਤ ਹਨ। ਇਸ ਪੁਸਤਕ ਦੀ ਭੂਮਿਕਾ ਉਹਨਾਂ ਨੇ ਆਪ ਲਿਖੀ ਹੈ ਜਿਹੜੀ ਕਾਵਿ-ਮੈਂ ਨੂੰ ਉਹਨਾਂ ਦੀ ਅਸਤਿਤਵੀ-ਮੈਂ ਦੇ ਵਿਸਥਾਰ ਦੀਆਂ ਵਿਭਿੰਨ ਪਰਤਾਂ ਦਾ ਪ੍ਰਗਟਾਵਾ ਹੋਣ ਦੀ ਪੁਸ਼ਟੀ ਕਰਦੀ ਹੈ। ਜਿਸ ਨਾਲ ਕਾਵਿ ਮੁਹਾਵਰੇ ਦੇ ਸੌੜੇ ਅਤੇ ਨਿਸ਼ਚਿਤ ਅਰਥਾਂ ਦੇ ਘੇਰੇ ਵਿਚ ਕੈਦ ਹੋ ਜਾਣ ਦੀ ਸੰਭਾਵਨਾ ਵੀ ਵਧ ਜਾਂਦੀ ਹੈ।

ਪਰਵਾਨਾ ਜੀ ਆਪਣੇ ਆਪ ਨੂੰ ਕਾਮਰੇਡ ਦੱਸਦੇ ਹਨ। ਜਿਸ ਦੇ ਪ੍ਰਚਲਤ ਅਰਥ ਮਾਰਕਸਵਾਦੀ ਸਿਧਾਂਤ ਦੇ ਅਨੁਯਾਈ ਹੋਣਾ ਹੈ। ਨਵਾਂ ਜ਼ਮਾਨਾ ਨਾਲ ਸੰਬੰਧਤ ਹੋਣ ਦੇ ਨਾਤੇ ਉਂਝ ਵੀ ਉਹਨਾਂ ਦਾ ਸ਼ੁਮਾਰ ਕਾਮਰੇਡਾਂ ਵਿਚ ਹੋਣਾ ਬਣਦਾ ਹੈ। ਪਾਠ ਦੇ ਪ੍ਰਾਰੰਭ ਸਮੇਂ ਮਨ ਵਿਚ ਪ੍ਰਥਮ ਵਿਚਾਰ ਇਹ ਪੈਦਾ ਹੋਇਆ ਕਿ ਇਸ ਗੱਦ-ਕਾਵਿ ਸੰਰਚਨਾ ਦੀ ਧਰਾਤਲ ਉੱਤੇ ਮਾਰਕਸਵਾਦੀ ਸੌਂਦਰਯ ਸ਼ਾਸਤਰ ਦਾ ਨਿਰਮਾਣ ਕਰਨ ਦਾ ਯਤਨ ਕੀਤਾ ਜਾਵੇ। ਪਰੰਤੂ ਜਿਉਂ-ਜਿਉਂ ਅੱਗੇ ਵਧਿਆ ਤਾਂ ਕੁੱਝ ਗਿਣਤੀ ਦੀਆਂ ਰਚਨਾਵਾਂ ਤੋਂ ਬਿਨਾਂ ਨਿਰਾਸ਼ਾ ਹੀ ਪੱਲੇ ਪਈ।

ਪਰਵਾਨਾ ਜੀ ਦੇ ਰਚਨਾ ਸੰਸਾਰ ਦੀਆਂ ਅਧਿਕਾਂਸ਼ ਕਵਿਤਾਵਾਂ ਦੀ ਪ੍ਰਕਿਰਤੀ ਇਹ ਹੈ ਕਿ ਇਕ ਸੰਵੇਦਨਸ਼ੀਲ ਵਿਅਕਤੀ ਹੋਣ ਕਾਰਨ ਉਹਨਾਂ ਦੇ ਮਨ ਵਿਚ ਬਾਹਰਲੇ ਸੰਸਾਰ ਅਥਵਾ ਸਮਕਾਲੀ ਯਥਾਰਥ ਤੋਂ ਉਤੇਜਿਤ ਹੋ ਕੇ ਭਾਵਾਂ ਦਾ ਪ੍ਰਵਾਹ ਉਤਪੰਨ ਹੁੰਦਾ ਹੈ ਜਿਨ੍ਹਾਂ ਵਿਚੋਂ ਕੁੱਝ ਪ੍ਰਚੰਡ ਚੇਤਨ ਰੂਪ ਵਿਚ ਕਾਵਿ-ਸਿਰਜਣਾ ਦਾ ਵਾਹਣ ਬਣਦੇ ਹਨ ਅਤੇ ਬਾਕੀ ਅਵਚੇਤਨ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਚੇਤਨ, ਨਿਮਨ-ਚੇਤਨ ਅਤੇ ਅਵ-ਚੇਤਨ ਮਨੁੱਖੀ ਮਨ ਦੀਆਂ ਤਿੰਨ ਤੈਹਾਂ ਅਥਵਾ ਖੰਡ ਹਨ। ਪ੍ਰੰਤੂ ਇਹ ਕੋਈ ਬੰਦ ਦਰਵਾਜ਼ਿਆਂ ਵਾਲੇ ਕਮਰੇ ਨਹੀਂ ਹੁੰਦੇ। ਇਹਨਾਂ ਵਿਚ ਭਾਵਾਂ ਦਾ ਪ੍ਰਸਪਰ ਅਦਾਨ-ਪ੍ਰਦਾਨ ਚਲਦਾ ਰਹਿੰਦਾ ਹੈ। ਕੁਝ ਭਾਵ ਅਵਚੇਤਨ ਦੀ ਕਿਸੇ ਡੂੰਘੀ ਤਹਿ ਵਿਚ ਨਾਗ ਵਲ ਵਾਂਗ ਹਮੇਸ਼ਾ ਲਈ ਪੀਡੀਆਂ ਗੰਢਾਂ ਪਾ ਲੈਂਦੇ ਹਨ ਜਿਨ੍ਹਾਂ ਨੂੰ ਮਾਨਸਿਕ ਉਲਝਣਾਂ

ਦਾ ਨਾਉਂ ਦਿੱਤਾ ਜਾਂਦਾ ਹੈ। ਮੇਰਾ ਕੋਈ ਦਾਅਵਾ ਨਹੀਂ ਪਰ ਮੈਨੂੰ ਪ੍ਰਤੀਤ ਹੁੰਦਾ ਹੈ ਕਿ ਪਰਵਾਨਾ ਜੀ ਦੇ ਮਨ ਵਿਚ ਵੀ ਕਿਸੇ ਗੁੰਝਲ ਦੀ ਹੈਸੀਅਤ ਵਿਚ ਉਹਨਾਂ ਦੇ ਪੁਰਖੇ ਵਾਂਗ, ਜਿਸ ਦਾ ਜ਼ਿਕਰ ਪਰਵਾਨਾ ਜੀ ਖੁਦ ਹਥਲੀ ਪੁਸਤਕ ਦੀ ਭੂਮਿਕਾ ਵਿਚ ਕਰਦੇ ਹਨ, ਇਕ ਵਲਗਰ ਪਰਵਾਨਾ ਵੀ ਬੈਠਾ ਹੈ। ਇਹ ਵਲਗਰ ਪਰਵਾਨਾ, ਸਿਰਜਣਾਤਮਿਕ ਪਰਵਾਨਾ ਜੀ ਦੇ ਭਾਵਾਂ ਨੂੰ ਕਾਵਿ-ਰਚਨਾ ਵਿਚ ਰੂਪਾਂਤਰਤ ਹੋਣ ਦੀ ਪ੍ਰਕਿਰਿਆ ਵਿਚ ਦਖਲ ਦੇ ਕੇ ਉਹਨਾਂ ਨੂੰ ਕਦੇ-ਕਦੇ ਉਲਾਰਪੁਣੇ ਦੇ ਰਾਹ ਪਾ ਦਿੰਦਾ ਹੈ। ਸਿਰਜਣਾਤਮਿਕ ਛਿਣ ਸਮੇਂ ਜੇਕਰ ਇਹ ਵਲਗਰ ਪਰਵਾਨਾ ਸੁੱਤਾ ਰਹੇ ਤਾਂ ਸਿਰਜਣਾਤਮਿਕ ਪਰਵਾਨਾ ਜੀ ਸੰਤੁਲਤ ਰਚਨਾ ਕਰਦੇ ਹਨ। ਪਰੰਤੂ ਪਰਵਾਨਾ ਜੀ ਦੀ ਕਾਵਿ-ਸੰਰਚਨਾ ਦਾ ਦੁਖਦਾਈ ਪਹਿਲੂ ਇਹ ਹੈ ਕਿ ਔਰਤ/ਮਰਦ ਦੇ ਪ੍ਰਸਪਰ ਸੰਬੰਧਾਂ ਦੀ ਅਭਿਵਿਅਕਤੀ ਦੌਰਾਨ ਇਹ ਵਲਗਰ ਪਰਵਾਨਾ ਅਧਿਕਤਮ ਜਾਗਰਤ ਹੀ ਰਹਿੰਦਾ ਹੈ। ਸਿੱਟੇ ਵਜੋਂ ਪਰਵਾਨਾ ਜੀ ਔਰਤ /ਮਰਦ ਦੇ ਪ੍ਰਸਪਰ ਪਿਆਰ ਸੰਬੰਧਾਂ ਦੀਆਂ ਰਚਨਾਵਾਂ ਵਿਚ ਅਕਸਰ ਕਾਮੁਕ ਅਥਵਾ ਜਿਸਮਾਨੀ ਸੰਬੰਧਾਂ ਤੱਕ ਹੀ ਸੀਮਤ ਹੋ ਜਾਂਦੇ ਹਨ ਜਿਵੇਂ :-

**ਤੇਰੇ ਹੁਸਨ ਦੇ ਸੇਕ ਵਿਚ ਪਿਘਲਦਾ**
**ਬਣ ਕੇ ਉਫਨਦਾ ਲਾਵਾ**
**ਉਲਟ ਜਾਣਾ ਚਾਹੁੰਦਾ ਹਾਂ ਤੇਰੇ ਵਿਚ**
**ਸਾਰੇ ਦਾ ਸਾਰਾ।**

(ਪਿਆਰ 'ਚ ਹਾਂ ਮੈਂ, ਸਫ਼ਾ 30)

**ਅਤੇ**

**ਉਬਲਦਾ ਹੈ ਲਹੂ, ਮਚਲਦੇ ਅੰਗ**
**ਉਹ ਸਾਰੇ ਦਾ ਸਾਰਾ ਸਿਮਟ ਜਾਣਾ ਚਾਹੁੰਦਾ ਹੈ**
**ਉਸ ਕਲਪਿਤ ਜਿਸਮ 'ਚ ਤਰਲ ਬਣ ਕੇ।**

(ਭਾਵੁਕ ਪਲਾਂ ਦੀ ਸੋਚ, ਸਫ਼ਾ 39)

ਇਸ ਪ੍ਰਸੰਗ ਵਿਚ ਤੇਰਾ ਫੋਨ, ਸੰਪੂਰਨਤਾ, ਸੁਪਨ-ਭੋਗ, ਦਰਿਆ ਅਤੇ ਪਿਆਸ, ਰਿਸ਼ਤਿਆਂ ਦੇ ਘੇਰੇ ਤੋਂ ਬਾਹਰ, ਭਾਵੁਕ ਪਲਾਂ ਦੀ ਸੋਚ, ਏਥੇ ਕਿਤੇ ਅਤੇ ਅਜਿਹੀਆਂ ਹੋਰ ਕਈ ਰਚਨਾਵਾਂ ਪਰਮਾਣ ਵਜੋਂ ਪ੍ਰਸਤੁਤ ਕੀਤੀਆਂ ਜਾ ਸਕਦੀਆਂ ਹਨ। ਜਿਨ੍ਹਾਂ ਵਿਚ ਪਰਵਾਨਾ ਜੀ ਕਾਮੁਕ ਭੁੱਖ Sex Starvation ਭਰਪੂਰ ਤ੍ਰਿਸ਼ਨਾਵਾਂ ਦੀ ਸਬਲੀਮੇਸ਼ਨ ਸਵੈ-ਇਛਤ ਸ਼ਬਦਾਂ ਦਾ ਸੰਸਾਰ ਰਚ ਕੇ ਕਰਦੇ ਹਨ। ਏਥੋਂ ਤਕ ਕਿ ਉਸ ਨੂੰ ਆਪਣੀ ਜੀਵਨ ਸਾਥਣ ਨਾਲ ਨਿਭਣਾ ਇਕ ਸੁਹਿਰਦ ਸਾਥੀ ਦਾ ਦੂਜੇ ਪ੍ਰਤੀ ਸਨੇਹ, ਆਦਰ ਸਤਿਕਾਰ, ਫਰਜ਼, ਵਫ਼ਾ, ਦੁੱਖ-ਸੁੱਖ ਪ੍ਰਸਪਰ ਪਹਿਚਾਣ ਆਦਿ ਦੀ ਥਾਂ ਹੇਠ ਲਿਖੇ ਅਨੁਸਾਰ ਪਰਤੀਤ ਹੁੰਦਾ ਹੈ :-

ਤੇ ਬਹੁਤ ਵਾਰ
ਬੀਵੀ ਨਾਲ ਸੌਣ ਦਾ ਕੰਮ ਵੀ
ਨਿਭਾਉਣਾ ਪੈਂਦਾ ਹੈ
ਹੋਮ-ਵਰਕ ਵਾਂਗ।

(ਰਿਸ਼ਤਿਆਂ ਦੇ ਘੇਰੇ ਤੋਂ ਬਾਹਰ, ਸਫ਼ੇ 30-31)

ਪਰਵਾਨਾ ਜੀ ਦੀ ਇਹ ਮਨੋਗਰੰਥੀ ਆਪਣੇ ਪੂਰੇ ਜਲੌਅ ਵਿਚ 'ਏਥੇ ਹੀ ਕਿਤੇ' ਨਾਮੀ ਕਵਿਤਾ ਵਿਚ ਪੇਸ਼ ਹੁੰਦੀ ਹੈ। ਜਦੋਂ ਉਹ ਆਪਣੇ ਸੁਪਨਿਆਂ ਦੇ ਸੰਸਾਰ ਨੂੰ ਹੇਠ ਲਿਖੀ



ਸਿਮ੍ਰਿਤੀ ਵਿਚ ਢਾਲਦੇ ਹਨ :

ਸ਼ਾਇਦ ਏਥੇ ਹੀ ਕਿਤੇ
ਵਿਚਰਦਾ ਸੀ ਉਹ ਕਬੀਲਾ
ਨਰ-ਨਾਰੀਆਂ ਜਿਹਦੇ
ਜੀਅ ਆਉਣ 'ਤੇ
ਮਨ-ਇਛਤ ਸੰਭੋਗ ਕਰਦੇ, ਬੇਝਿਜਕ, ਬੇਫ਼ਿਕਰ
ਆਪਣੀਆਂ ਦੂਸਰੀਆਂ ਸਰਗਰਮੀਆਂ ਵਾਂਗ ਹੀ
ਸੈਕਸ ਹਊਆ ਨਹੀਂ ਸੀ ਬਣਿਆ ਤਦ।

(ਸਫ਼ੇ 93-94)

ਕੀ ਸਮਾਜ ਵਿਚ ਇਹ ਸਥਿਤੀ ਸੈਕਸ ਪ੍ਰਤੀ ਇਕ ਆਤੰਕ ਸਿਰਜਣ ਵਾਂਗ ਨਹੀਂ। ਕੀ ਉਸ ਸਮੇਂ ਦੇ ਸਮਾਜਿਕ ਜੀਵਨ ਦਾ ਮੁੱਖ ਮਸਲਾ ਕੇਵਲ ਸੈਕਸ ਦੀ ਪੂਰਤੀ ਹੀ ਸੀ। ਸਮਾਜਿਕ ਜੀਵਨ ਨੂੰ ਸਮਝਣ ਲਈ ਮਾਰਕਸਵਾਦੀ ਫਲਸਫਾ ਪਦਾਰਥ ਉੱਤੇ ਅਧਾਰਤ ਹੈ ਅਤੇ ਇਸ ਫਲਸਫੇ ਵਿਚ ਜਨ-ਜੀਵਨ ਨਾਲ ਸੰਬੰਧਤ ਕਿਸੇ ਵੀ ਵਿਸ਼ੇ ਉਤੇ ਵਿਚਾਰ / ਚਰਚਾ ਕਰਨੀ ਵਿਵਰਜਿਤ ਨਹੀਂ ਪਰੰਤੂ ਇਹ ਦਵੰਦਮਈ ਵਿਧੀ ਅਪਨਾਉਂਦਾ ਹੈ। ਇਸ ਕਰਕੇ ਹੀ ਇਸ ਦਵੰਦਾਤਮਿਕ ਪਦਾਰਥਵਾਦ ਕਿਹਾ ਜਾਂਦਾ ਹੈ। ਕੀ ਉਸ ਸਮੇਂ ਉਪਜ ਦੇ ਸਾਧਨਾਂ ਉਤੇ ਕਬਜ਼ਾ ਅਤੇ ਉਪਜ ਦੀ ਸਮਾਜਿਕ ਵੰਡ 'ਤੇ ਅਧਾਰਤ ਸਮਾਜਿਕ ਰਿਸ਼ਤੇ, ਜਿਨ੍ਹਾਂ ਵਿਚ ਜਿਣਸੀ ਸੰਬੰਧ ਵੀ ਆਉਂਦੇ ਹਨ ਅਤੇ ਉਪਜ ਦੇ ਸਾਧਨਾ ਵਿਚ ਉਨਤੀ ਜੀਵਨ-ਜਾਚ ਵਿਚੋਂ ਖਾਰਜ ਸਨ। ਕਾਮਰੇਡ ਪਰਵਾਨਾ ਨੂੰ ਅਜਿਹੇ ਸਵਾਲਾਂ ਦੇ ਸਨਮੁੱਖ ਹੋਣਾ ਹੀ ਪਵੇਗਾ।

ਇਸ ਸੰਗ੍ਰਹਿ ਵਿਚ ਪੜ੍ਹਨ-ਯੋਗ ਕੁਝ ਚੰਗੀਆਂ ਰਚਨਾਵਾਂ ਵੀ ਹਨ। ਜਿਨ੍ਹਾਂ ਵਿਚ ਸੰਸਾਰੀਕਰਣ, ਆਸ, ਮਨ ਤੇ ਮੀਂਹ, ਪਹਿਚਾਣ, ਜੇ ਡੁੱਬਣਾ ਹੀ ਸੀ, ਅਤੇ ਸਫਰ-ਗਾਥਾ ਆਦਿ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਇਹਨਾਂ ਰਚਨਾਵਾਂ ਵਿਚ ਪਰਵਾਨਾ ਜੀ ਸੰਤੁਲਨ ਕਾਇਮ ਰੱਖਦੇ ਹਨ ਅਤੇ ਯਥਾਰਥਕ ਜੀਵਨ ਨੂੰ ਕਾਵਿ-ਯਥਾਰਥ ਵਿਚ ਰੂਪਾਂਤਰਣ ਸਮੇਂ ਸਹਿਜ, ਸੰਜਮ ਅਤੇ ਸੁੰਦਰ ਸ਼ਬਦਾਂ ਦੇ ਮਾਧਿਅਮ ਰਾਹੀਂ ਅਭਿਵਿਅੰਜਤ ਕਰਦੇ ਹਨ ਜਿਵੇਂ :

ਕੰਮ, ਲਗਨ, ਸਿਰੜ
ਕਿਤੇ ਵੀ ਹੋਣ
ਸਿਰਜ ਹੀ ਲੈਂਦੇ ਹਨ ਆਪਣੀ ਪਹਿਚਾਣ
ਤੇ ਵਕਤ ਦੀ ਹਿੱਕ ਤੇ
ਉਕਰੀਆਂ ਪੈੜਾਂ ਨੂੰ
ਜ਼ਰੂਰਤ ਨਹੀਂ ਹੁੰਦੀ ਵੈਸਾਖੀਆਂ ਦੀ

(ਪਹਿਚਾਣ, ਸਫ਼ਾ 78)

ਵਾਰਤਕੀ ਕਾਵਿ ਦਾ ਇਕ ਹੋਰ ਨਮੂਨਾ ਪੇਸ਼ ਹੈ:

ਭਵਿੱਖ ਕੀ ਲੁਕਾਈ ਬੈਠਾ ਹੈ
ਇਸ ਗੱਲ ਤੇ ਨਿਰਭਰ
ਕਿ ਅੱਜ
ਕਿੰਨੀ ਜੁਰਅਤ ਨਾਲ ਤੁਰਦੇ ਹਾਂ

ਤੇ ਉਲੀਕਦੇ ਹਾਂ
ਸਿਰਜਣਾਤਮਿਕ ਪੈੜਾਂ

(ਸਫ਼ਾ 73)

ਇਸ ਸੰਗ੍ਰਹਿ ਦੀ ਇਕ ਹੋਰ ਵਿਵਾਦ-ਗ੍ਰਸਤ ਕਵਿਤਾ ਹੈ 'ਮਾਰਕਸਵਾਦ ਜ਼ਿੰਦਾਬਾਦ' ਜੋ ਵਿਸਤ੍ਰਿਤ ਚਰਚਾ ਦੀ ਮੰਗ ਕਰਦੀ ਹੈ। ਇਸ ਕਵਿਤਾ ਬਾਰੇ ਨਵਾਂ ਜ਼ਮਾਨਾ ਵਿਚ ਪਰਵਾਨਾ ਜੀ ਨੇ ਪ੍ਰਸ਼ੰਸਾਮਈ ਚਰਚਾ ਵੀ ਕਰਵਾਈ ਸੀ। ਉਸ ਸਮੇਂ ਮਨ ਵਿਚ ਇਸ ਕਵਿਤਾ ਨੂੰ ਪੜ੍ਹਨ ਦੀ ਉਤਸੁਕਤਾ ਜਾਗੀ ਸੀ। ਇਹ ਨਿਰੋਲ ਰਾਜਨੀਤਕ ਕਵਿਤਾ ਹੈ ਜਿਸ ਦਾ ਸੰਬੰਧ ਸੋਵੀਅਤ ਯੂਨੀਅਨ ਦੀ ਵਿਖੰਡਨਾ ਨਾਲ ਹੈ।

ਪਾਠਕਾਂ ਦੀ ਦਿਲਚਸਪੀ ਲਈ ਏਥੇ ਵਰਨਣ ਕਰਨਾ ਕੁਥਾਂ ਨਹੀਂ ਹੋਵੇਗਾ ਕਿ ਰਾਜਨੀਤੀ ਵਿਚ ਵਿਸ਼ੇਸ਼ ਤੌਰ 'ਤੇ ਮਾਰਕਸਵਾਦ ਦੇ ਤਿੰਨ ਵਿਹਾਰਕ ਰੂਪ ਰੇਖਾਂਕਤ ਹੁੰਦੇ ਹਨ:

1) ਯਾਂਤਰਿਕ ਅਥਵਾ ਮਕੈਨੀਕਲ ਮਾਰਕਸਵਾਦ : ਇਸ ਰੁਝਾਨ ਵਿਚ ਵਾਸਤਵਿਕ ਪ੍ਰਸਥਿਤੀਆਂ ਦਾ ਡੂੰਘਿਆਈ ਵਿਚ ਬੋਧ ਕਰਨ ਦੀ ਬਜਾਏ ਇਹਨਾਂ ਉੱਤੇ ਘੜੇ ਘੜਾਏ ਫਾਰਮੂਲੇ ਲਾਗੂ ਕਰਕੇ ਘੜੇ-ਘੜਾਏ ਸਿੱਟੇ ਕੱਢ ਲਏ ਜਾਂਦੇ ਹਨ।
2) ਗੰਵਾਰੂ ਅਥਵਾ ਵਲਗਰ ਮਾਰਕਸਵਾਦ : ਇਸ ਰੁਝਾਨ ਦੇ ਲੱਛਣ ਹੇਠ ਲਿਖੇ ਹਨ-
   ੳ) ਕਮਿਊਨਿਸਟ ਨੇਤਾਵਾਂ ਅਥਵਾ ਮਾਰਕਸਵਾਦੀਆਂ ਦੇ ਚਰਿੱਤਰ ਵਿਚ ਪਾਰਦਰਸ਼ਤਾ ਦੀ ਅਣਹੋਂਦ ਜਾਂ ਘਾਟ।
   ਅ) ਕਮਿਊਨਿਸਟ ਪਾਰਟੀਆਂ ਦੇ ਨੇਤਾਵਾਂ ਅਥਵਾ ਮਾਰਕਸਵਾਦੀਆਂ ਵਲੋਂ ਅਵਸਰਵਾਦੀ ਰਾਜਨੀਤਕ ਸਮਝੌਤੇ।
   ੲ) ਪਾਰਟੀ ਦੇ ਅੰਦਰ ਕਾਡਰ ਦਾ ਭੰਨ-ਤੋੜ, ਜੋੜ-ਤੋੜ ਕਰਕੇ ਆਪਣੇ ਗੁੱਟ ਦਾ ਪਾਰਟੀ ਦੀ ਲੀਡਰਸ਼ਿਪ ਉੱਤੇ ਗਲਬਾ ਕਾਇਮ ਕਰਨਾ ਜਾਂ ਬਰਕਰਾਰ ਰੱਖਣਾ।
   ਸ) ਕਿਸੇ ਬਾਹਰਲੇ ਦੇਸ਼ ਦੀ ਕਮਿਊਨਿਸਟ ਪਾਰਟੀ ਜਾਂ ਕਿਸੇ ਵੀ ਸਮਾਜਵਾਦੀ ਦੇਸ਼ ਦੀ ਬਿਦੇਸ਼ੀ ਨੀਤੀ ਨੂੰ ਟੋਅ (Tow) ਕਰਨਾ।
3) ਸਿਰਜਣਾਤਮਿਕ ਮਾਰਕਸਵਾਦ : ਇਹ ਰੁਝਾਨ ਮਾਰਕਸਵਾਦ ਦਾ ਅਸਲੀ ਰੂਪ ਹੈ।

ਇਹ ਕਿਸੇ ਦੇਸ਼ ਦੀਆਂ ਆਰਥਿਕ, ਸਮਾਜਿਕ ਅਤੇ ਇਤਿਹਾਸਕ ਪ੍ਰਸਥਿਤੀਆਂ ਦੀ ਦਵੰਦਵਾਦੀ ਪਦਾਰਥਵਾਦੀ ਪ੍ਰਕਿਰਿਆ ਵਿਚੋਂ ਜਨਮ ਲੈਂਦਾ ਹੈ ਅਤੇ ਇਨਕਲਾਬੀ ਰਾਜਨੀਤਕ ਪਾਰਟੀ ਰਾਹੀਂ ਪਰਤਵੇਂ ਰੂਪ ਵਿਚ ਇਸ ਪ੍ਰਕਿਰਿਆ ਨੂੰ ਪ੍ਰਭਾਵਤ ਕਰਦਾ ਹੋਇਆ ਪ੍ਰੋਲੇਤਾਰੀ ਜਮਾਤ ਦੀ ਅਗਵਾਈ ਵਿਚ ਵਿਗਿਆਨਕ ਸਮਾਜਵਾਦ ਦਾ ਇਤਿਹਾਸਕ ਕਾਰਜ ਨੇਪਰੇ ਚਾੜ੍ਹਦਾ ਹੈ। ਇਸ ਦਾ ਖਾਸਾ ਗਤੀਸ਼ੀਲ ਹੁੰਦਾ ਹੈ। ਇਹ ਕੋਈ ਅਜਿਹਾ ਬਣਿਆ ਬਣਾਇਆ ਨੁਸਖਾ ਨਹੀਂ ਜਿਸ ਤੋਂ ਕੋਈ ਦਵਾਈ ਰਾਤੋ-ਰਾਤ ਤਿਆਰ ਕਰ ਕੇ ਸਮੁੱਚੀ ਜਨਤਾ ਨੂੰ ਪਿਲਾ ਕੇ ਉਸ ਦੇ ਕੁੱਲ ਰੋਗ ਅਤੇ ਕਈਆਂ ਜਨਮਾਂ ਦੇ ਕਸ਼ਟ ਕੱਟੇ ਜਾ ਸਕਦੇ ਹਨ। ਇਸ ਦੇ ਵਿਪਰੀਤ ਇਹ ਇਕ ਅਜਿਹੀ ਵਿਗਿਆਨਕ ਵਿਧੀ ਹੈ ਜਿਸ ਨਾਲ ਪੂੰਜੀਪਤੀ ਸਮਾਜ ਨੂੰ ਸਮਝਦੇ ਹੋਏ ਇਸ ਪ੍ਰੋਲੇਤਾਰੀ ਜਮਾਤ ਦੀ ਅਗਵਾਈ ਵਿਚ ਸ਼੍ਰੇਣੀ-ਸੰਘਰਸ਼ ਰਾਹੀਂ ਸਮਾਜਵਾਦ ਵਿਚ ਪ੍ਰੀਵਰਤਨ ਕੀਤਾ ਜਾ ਸਕਦਾ ਹੈ।

ਹੁਣ ਅਸੀਂ ਪਰਵਾਨਾ ਜੀ ਦੀ ਕਵਿਤਾ 'ਮਾਰਕਸਵਾਦ ਜ਼ਿੰਦਾਬਾਦ' ਵੱਲ ਪਰਤਦੇ ਹਾਂ। ਸੋਵੀਅਤ ਯੂਨੀਅਨ ਦਾ ਕਿਲ੍ਹਾ ਢਾਹੁਣ ਬਾਰੇ ਪਰਵਾਨਾ ਜੀ ਲਿਖਦੇ ਹਨ:

ਕਿਲੇ ਤਾਂ ਢਹਿੰਦੇ ਉਸਰਦੇ ਰਹਿੰਦੇ ਹਨ



ਮਨੁੱਖੀ ਹੱਥ ਹੀ ਉਸਾਰਦੇ
ਤੇ ਜੇ ਉਹ ਹੱਥ
ਨਿਰਾਸ਼ ਨਹੀਂ ਹੋਏ
ਹਾਰ 'ਹਾਰ' ਨਹੀਂ
ਬਸ ਮਾਮੂਲੀ ਜਿਹੀ ਘਟਨਾ ਹੀ ਹੈ
ਤੇ ਘਟਨਾਵਾਂ
ਸਮੇਂ ਦੇ ਵਹਿਣ 'ਚ ਕੋਈ ਅਰਥ ਨਹੀਂ ਰੱਖਦੀਆਂ

(ਸਫ਼ਾ 96)

ਇਸ ਕਵਿਤਾ ਦਾ ਕੇਂਦਰੀ ਧੁਰਾ ਉਪਰੋਕਤ ਪੈਰ੍ਹਾ ਹੀ ਹੈ। ਇਸ ਲਈ ਇਸਦਾ ਜ਼ਰਾ ਗਹੁ ਨਾਲ ਵਿਵੇਚਨ ਕਰਨਾ ਪਵੇਗਾ। ਇਸ ਪੈਰ੍ਹੇ ਦੀਆਂ ਪਹਿਲੀਆਂ ਚਾਰ ਪੰਕਤੀਆਂ ਯਾਂਤਰਿਕ ਮਾਰਕਸਵਾਦ ਦੇ ਘੇਰੇ ਵਿਚ ਰਹਿ ਕੇ ਦਮ ਤੋੜ ਜਾਂਦੀਆਂ ਹਨ। ਕੁੱਲ ਜਹਾਨ ਹੁਣ ਜਾਣਦਾ ਹੈ ਕਿ ਸਾਬਕਾ ਸੋਵੀਅਤ ਦੇਸ਼ ਦੇ ਲੋਕ ਨਿਰਾਸ਼ ਤਾਂ ਕੀ ਕਮਿਊਨਿਸਟ ਪਾਰਟੀ ਹੱਥੋਂ ਦੁਖੀ ਹੋਏ ਬੈਠੇ ਹਨ। ਲਗਪਗ ਪੰਜ ਦਿਨ ਯੈਲਸਤਨ ਦੀ ਫੌਜ ਦੀਆਂ ਤੋਪਾਂ ਡੂਮਾ ਉੱਪਰ ਗੋਲੇ ਦਾਗਦੀਆਂ ਰਹੀਆਂ। ਪ੍ਰੰਤੂ ਲੋਕਾਂ ਦੇ ਹਜੂਮ ਸੜਕਾਂ ਉੱਤੇ ਨਾ ਆਏ। ਏਥੋਂ ਤੱਕ ਕਿ ਸਮਾਜਵਾਦ ਦੇ ਦੁਸ਼ਮਣ ਕਮਿਊਨਿਸਟ ਪਾਰਟੀ ਵਿਚ ਕੁੰਜੀਵਤ ਪੁਜ਼ੀਸ਼ਨਾਂ ਮੱਲ ਬੈਠੇ ਸਨ। ਅੱਜ ਉਥੇ ਕੀ ਹੋ ਰਿਹਾ। ਵਿਸਥਾਰ ਵਿਚ ਜਾਣ ਦੀ ਲੋੜ ਨਹੀਂ।

ਅਗਲੀਆਂ ਦੋ ਪੰਗਤੀਆਂ ਮਾਰਕਸਵਾਦ ਦੇ ਘੇਰੇ ਵਿਚ ਹੀ ਰਹਿੰਦੀਆਂ ਹਨ ਅਤੇ ਆਖਰੀ ਦੋ ਪੰਗਤੀਆਂ ਉਲਟ-ਮਾਰਕਸਵਾਦੀ ਪੈਂਤੜਾ ਅਪਣਾ ਲੈਂਦੀਆਂ ਹਨ।

ਪਰਵਾਨਾ ਜੀ ਨੂੰ ਸ਼ਾਇਦ ਪਤਾ ਨਹੀਂ ਕਿ ਘਟਨਾਵਾਂ ਦਾ ਮਾਰਕਸਵਾਦ ਵਿਚ ਡਾਢਾ ਮਹੱਤਵ ਹੈ ਤੇ ਫਿਰ ਇਹੋ ਜਿਹੀ ਘਟਨਾ ਦਾ ਜਿਸ ਨੇ ਕੁੱਲ ਵਿਸ਼ਵ ਦਾ ਰਾਜਨੀਤਕ ਸੰਦ੍ਰਿਸ਼ ਬਦਲ ਕੇ ਰੱਖ ਦਿੱਤਾ ਹੋਵੇ। ਸੋਵੀਅਤ ਯੂਨੀਅਨ ਦੇ ਵਿਖੰਡਨ ਪਿੱਛੇ ਕਿਹੜੀਆਂ ਸ਼ਕਤੀਆਂ ਹਨ? ਘਟਨਾਵਾਂ ਘਟਣ ਦੇ ਕੀ ਪਦਾਰਥਕ ਕਾਰਨ ਸਨ? ਕਮਿਊਨਿਸਟ ਸ਼ਕਤੀਆਂ ਦੇ ਹਾਰ ਜਾਣ ਦੇ ਕੀ ਕਾਰਨ ਸਨ? ਕਮਿਊਨਿਸਟ ਸ਼ਕਤੀਆਂ ਇਤਨੀਆਂ ਕਮਜ਼ੋਰ ਕਿਉਂ ਅਤੇ ਕਿਵੇਂ ਹੋ ਗਈਆਂ? ਇਹਨਾਂ ਘਟਨਾਵਾਂ ਦੇ ਅਖ਼ੀਰ ਵਿਚ ਕੀ ਸਿੱਟੇ ਨਿਕਲੇ? ਇਹਨਾਂ ਘਟਨਾਵਾਂ ਤੋਂ ਭਵਿੱਖ ਲਈ ਕੀ ਸਬਕ ਸਿੱਖੇ? ਇਹਨਾਂ ਘਟਨਾਵਾਂ ਦਾ ਦੂਜੇ ਦੇਸ਼ਾਂ ਦੀਆਂ ਕਮਿਊਨਿਸਟ ਪਾਰਟੀਆਂ ਉੱਪਰ ਕੀ ਪ੍ਰਭਾਵ ਪਿਆ। ਦੂਜੇ ਦੇਸ਼ਾਂ ਦੀਆਂ ਕਮਿਊਨਿਸਟ ਪਾਰਟੀਆਂ ਨੇ ਇਹਨਾਂ ਘਟਨਾਵਾਂ ਤੋਂ ਸਬਕ ਸਿੱਖ ਕੇ ਆਪਣੇ ਅੰਦਰੂਨੀ ਢਾਂਚੇ ਵਿਚ ਕੀ ਤਬਦੀਲੀਆਂ ਕੀਤੀਆਂ ਤਾਂ ਕਿ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਵਾਲੀਆਂ ਗਲਤੀਆਂ ਨਾ ਦੁਹਰਾਈਆਂ ਜਾਣ। ਇਹਨਾਂ ਅਤੇ ਅਜਿਹੇ ਹੋਰ ਕਈ ਸਵਾਲਾਂ ਦੇ ਸਨਮੁੱਖ ਹੋਣਾ ਹੀ ਪਏਗਾ। ਇਸ ਕਰਕੇ ਘਟਨਾਵਾਂ ਦੇ ਅਰਥ ਸਮੇਂ ਦੇ ਵਹਿਣ ਵਿਚ ਮਹੱਤਵਪੂਰਨ ਹੁੰਦੇ ਹਨ।

ਇਹ ਸੰਗ੍ਰਹਿ ਪ੍ਰਸਿੱਧੀ ਅਤੇ ਸਥਾਪਤੀ ਦੇ ਚੱਕਰ ਵਿਚ ਘਿਰੇ ਮੱਧਵਰਗੀ ਸ਼ਾਇਰ ਪਰਵਾਨਾ ਜੀ ਦੀ ਤੇਜ਼ ਗਤੀ ਨਾਲ ਬਦਲ ਰਹੇ ਸਮਾਜਕ ਸੰਦਰਭਾਂ ਤੋਂ ਪ੍ਰਭਾਵਤ ਮਾਨਸਿਕ ਟੁੱਟ-ਭੱਜ ਰੇਖਾਂਕਤ ਕਰਦਾ ਹੈ। ਇਸ ਵਿਚ ਕਲਾ ਦੇ ਕਿਸੇ ਉਤਮ ਨਮੂਨੇ ਦਾ ਵੀ ਪ੍ਰਗਟਾਵਾ ਨਹੀਂ ਹੋ ਸਕਿਆ। ਇਸ ਵਿਚ ਕੁਝ ਖ਼ੂਬਸੂਰਤ ਗੱਦ-ਕਵਿਤਾਵਾਂ ਉਪਲਬਧ ਹਨ। ਜਿਨ੍ਹਾਂ ਨੂੰ ਪੜ੍ਹ ਕੇ ਆਸ ਬੱਝਦੀ ਹੈ ਕਿ ਭਵਿੱਖ ਵਿਚ ਪਰਵਾਨਾ ਜੀ ਹੋਰ ਵੀ ਸੁੰਦਰਤਾ ਭਰਪੂਰ ਉਸਾਰੂ ਰਚਨਾਵਾਂ ਕਰਨਗੇ।

ਗੁਰਨਾਮ ਢਿੱਲੋਂ, ਯੂ.ਕੇ.

## ਖਿਆਲ ਆਪੋ-ਆਪਣਾ

ਇਸ ਵਾਰ ਦਾ ਕਵੀ ਸਿਰਲੇਖ ਅਧੀਨ ਸੁਰਜੀਤ ਜੱਜ ਦੀਆਂ ਚਾਰ ਗ਼ਜ਼ਲਾਂ ਉੱਚ ਪਾਏ ਦੀਆਂ ਹਨ। ਸੁਰਜੀਤ ਜੁਗਤ ਨਾਲ ਬਹਿਰਾਂ ਦੇ ਨਾਲ-ਨਾਲ ਛੰਦਾਂ ਦੀ ਵਰਤੋਂ ਕਰ ਰਿਹਾ ਹੈ। ਪ੍ਰੰਤੂ ਬੈਂਤ ਵਿਚ ਗ਼ਜ਼ਲ ਨਹੀਂ ਫੱਬਦੀ। ਕਾਰਨ ਇਹ ਹੈ ਕਿ ਬੈਂਤ ਆਪਣੇ ਆਪ ਵਿਚ ਕਿ ਪੂਰੀ ਸੂਰੀ ਕਾਵਿ-ਵਿਧਾ ਹੈ ਤੇ ਇਸ ਦਾ ਆਪਣਾ ਖੇਤਰ ਪੰਜਾਬੀਆਂ ਵਿਚ ਨਿਰਧਾਰਤ ਹੈ। ਕਬਿੱਤ ਦਵਈਆ, ਦੋਹਰਾ, ਸੋਰਠਾ, ਰਕੁਬ, ਸੁਖਦਾ ਆਦਿ ਛੰਦਾਂ ਵਿਚ ਗ਼ਜ਼ਲ ਪ੍ਰਭਾਵ ਦੇਂਦੀ ਹੈ। ਬੈਂਤ ਵਿਚ ਪਾਕਿਸਤਾਨ ਦੇ ਕਵੀਆਂ ਵੀ ਤਜਰਬੇ ਕੀਤੇ ਹਨ ਪਰ ਬੈਂਤ ਬੈਂਤ ਹੀ ਰਹਿੰਦਾ ਹੈ ਤੇ ਗ਼ਜ਼ਲ ਨੂੰ ਉਹ ਕੁੱਛੜ ਨਹੀਂ ਚੁੱਕਦਾ। ਉਸਦਾ ਇਹ ਸ਼ਿਅਰ ਪਾਰਦਰਸ਼ੀ ਹੈ ਕਿ 'ਮੈਂ ਧਰਮੀ ਹਾਂ, ਸ਼ਰਧਾ ਦਾ ਬੜਾ ਸਤਿਕਾਰ ਕਰਦਾ ਹਾਂ ਤੇ ਇਸ ਸਤਿਕਾਰ ਲਈ ਲਾਸ਼ਾਂ ਦਾ ਕਾਰੋਬਾਰ ਕਰਦਾ ਹਾਂ।' ਕੁਲਤਾਰ ਸਿੰਘ ਕੁਲਤਾਰ ਬੜਾ ਹੀ ਸਿਰੜੀ ਸਿਦਕੀ ਅਤੇ ਪ੍ਰਤੀਬੱਧ ਸ਼ਾਇਰ ਹੈ। ਉਸਦੀਆਂ ਯਕ ਮੁਸ਼ੱਤ ਚਾਰ ਗ਼ਜ਼ਲਾਂ ਵਧੀਆ ਪ੍ਰਭਾਵ ਸਿਰਜਦੀਆਂ ਹਨ ਪ੍ਰੰਤੂ ਦੋ ਗ਼ਜ਼ਲਾਂ ਉਸਦੀਆਂ ਵਾਧੂ-ਘਾਟੂ ਜਿਹੇ ਥਾਂ ਲਾ ਕੇ ਚੰਗਾ ਨਹੀਂ ਕੀਤਾ। ਇਸ ਥਾਂ ਹੋਰ ਗ਼ਜ਼ਲਾਂ ਦਿੱਤੀਆਂ ਜਾ ਸਕਦੀਆਂ ਸਨ। ਮੱਖਣ ਸਿੰਘ ਕੁਹਾੜ ਵੀ ਇਸ ਵੇਰ ਗ਼ਜ਼ਲ ਦਾ ਨਵਾਂ ਰੂਪ ਲੈ ਕੇ ਹਾਜ਼ਰ ਹੋਇਆ ਹੈ। ਬਹਿਰ ਮੁਤਕਾਰਕਿ ਉਸ ਨੇ ਖੂਬ ਨਿਭਾਇਆ ਹੋਵੇ ਪਰ ਰਦੀਫ ਗਲਤ ਬੰਨ੍ਹ ਗਿਆ। ਇਸ ਬਹਿਰ ਦੀ ਮੰਗ ਅਖ਼ੀਰ ਵਿਚ ਲਘੂ+ਗੁਰੂ ਹੁੰਦੀ ਹੈ।

ਪਾਕਿਸਤਾਨੀ ਸੱਤ ਸ਼ਾਇਰਾਂ ਦੀਆਂ ਗ਼ਜ਼ਲਾਂ ਏਸ ਵੇਰ ਪੜ੍ਹਨ ਨੂੰ ਮਿਲੀਆਂ ਇਹ ਦੋਹਾਂ ਪੰਜਾਬਾਂ ਦੇ ਸ਼ਾਇਰਾਂ ਲਈ ਸਾਂਝਾਂ-ਸਾਹਿਤਕ ਕਰਮ ਹੈ। ਅੱਗੇ ਤੋਂ ਵੀ ਦਿੰਦੇ ਰਹੋ। ਗੁਰਦੀਪ ਬਾਰੇ ਡਾ. ਕੁਲਦੀਪ ਸਿੰਘ ਧੀਰ ਨੇ ਵਿਗਿਆਨਕ ਗੱਲਬਾਤ ਕੀਤੀ ਹੈ। ਖੂਬ ਹੈ। ਪਰ ਜਨਾਬ ਹੁਣ ਗੁਰਦੀਪ ਅਣਗੌਲਿਆ ਵਿਸ਼ੇਸ਼ਣ ਦਾ ਹੱਕਦਾਰ ਨਹੀਂ ਰਿਹਾ। ਗੁਰਦੀਪ ਮੈਦਾਨੀ ਦਰਿਆ ਹੈ ਉਸ ਕੋਲ ਤ੍ਰਿਪਤੀ ਤਾਂ ਹੈ ਪਹਾੜੀ ਸਫ਼ਰ ਦਾ ਰੌਲਾ ਨਹੀਂ। 'ਬਸਤੀ ਬਸਤੀ ਜੰਗਲ' ਬਾਰੇ ਤੁਸਾਂ ਜੋ ਵਾਦ-ਵਿਵਾਦ ਛੇੜਿਆ ਹੈ। ਉਹ ਅਜੋਕੀ ਗ਼ਜ਼ਲ ਦਾ ਧ੍ਰੁਵੀਕਰਨ ਕਰੇਗਾ। ਅਜੇ ਵੀ ਐਸੇ ਖੜਪੈਂਚ ਮੌਜੂਦ ਨੇ ਜੋ ਗ਼ਜ਼ਲ ਨੂੰ ਵੀ ਉੱਤਰ ਆਧੁਨਿਕਤਾ ਦੀ ਖੱਡ ਵਿਚ ਧੱਕਣਾ ਚਾਹੁੰਦੇ ਹਨ ਪਰ ਗ਼ਜ਼ਲ ਦਾ ਸੁਭਾਅ ਪੰਜਾਬੀਅਤ ਦਾ ਖਮੀਰ ਹੈ। ਤੁਹਾਡੇ ਵੱਲੋਂ ਪੇਸ਼ ਕੀਤਾ ਨਾਜ਼ਿਮ ਹਿਕਮਤ ਦਾ ਲੇਖ ਕਰੁਣਾ ਤੇ ਬੀਰ ਰਸ ਦਾ ਸੁਮੇਲ ਹੈ। ਮੈਂ ਇਸ ਨੂੰ ਸਾਹ ਬੰਦ ਕਰਕੇ ਪੜ੍ਹਿਆ। ਤੁਹਾਡੇ ਵੱਲੋਂ ਇਕ ਲੇਖ ਵਿਚ ਪ੍ਰਤੀਕ 'ਸਰਸਾ ਨਦੀ' ਮੇਰੇ ਦਿਲ ਨੂੰ ਏਨੀ ਧੂਹ ਪਾਈ ਕਿ ਰਾਤ ਦੇ 12 ਵਜੇ ਉੱਠ ਕੇ ਏਹੀ ਰਦੀਫ ਰੱਖ ਕੇ ਗ਼ਜ਼ਲ ਕਹਿਣ ਲਈ ਮਜਬੂਰ ਹੋ ਗਿਆ।

**-ਸੁਲੱਖਣ ਸਰਹੱਦੀ, ਗੁਰਦਾਸਪੁਰ**

ਅੱਜ ਚਿਰਾਗ਼-49 ਮਿਲਿਆ। 'ਫੀਦਲ ਕਾਸਤਰੋ' ਪੜ੍ਹਕੇ ਬਹੁਤ ਡੂੰਘੀ ਕਾਵਿ-ਪ੍ਰੇਰਣਾ ਮਿਲੀ। ਮੈਨੂੰ ਇਸ ਤਰ੍ਹਾਂ ਦੇ ਲੇਖ ਦੀ ਹੋਂਦ ਬਾਰੇ ਪਹਿਲਾਂ ਬਿਲਕੁਲ ਨਹੀਂ ਸੀ ਪਤਾ। ਮੈਂ ਆਪਜੀ ਦਾ ਬਹੁਤ-ਬਹੁਤ ਸ਼ੁਕਰ-ਗੁਜ਼ਾਰ ਹਾਂ ਕਿ ਆਪਨੇ ਮਹਾਨ ਨਾਵਲਕਾਰ ਦੀ ਲਿਖੀ ਸੁੰਦਰ ਦਸਤਾਵੇਜ਼ ਨਾਲ ਦਾਸ ਦੀ ਮੁਲਾਕਾਤ ਕਰਵਾਈ। ਸ਼ਾਇਦ ਮੈਨੂੰ ਇਹ ਮਨਮੋਹਕ ਚੀਜ਼ ਪੜ੍ਹਨ ਦਾ ਕਦੇ ਵੀ ਮੌਕਾ ਨਾ ਮਿਲਦਾ। ਡਾ. ਕੁਲਦੀਪ ਸਿੰਘ ਧੀਰ ਨੇ ਗੁਰਦੀਪ ਦੀ ਗ਼ਜ਼ਲ ਬਾਰੇ ਜੋ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ, ਬਿਲਕੁਲ ਸਹੀ ਹੈ। ਗੁਰਦੀਪ ਮਿਸਟਰ ਪਾਤਰ ਨਾਲੋਂ ਸੂਖਮ / ਦਾਰਸ਼ਨਿਕ ਗ਼ਜ਼ਲਗੋ ਹੈ, ਭਾਵੇਂ ਜਗਤਾਰ ਨਾਲੋਂ ਰੀਣ ਕੁ ਘੱਟ ਹੈ।

**ਹਰਿੰਦਰ ਸਿੰਘ ਮਹਿਬੂਬ**



ਵਾਹ ਪ੍ਰੀਤ ਬੱਲੇ ਪ੍ਰੀਤ

ਤੁਹਾਡੇ ਭਰੋਸੇ ਦਾ ਨਾਂ

ਸਪੈਸ਼ਿਲ

ਅਮਰ ਪ੍ਰੀਤ
ਸੰਤੁਲਿਤ ਫੀਡ

ਅਤੇ ਖਲ ਬਿਨੌਲਾ ਸਦਾ ਵਰਤੋ

ਸਟਾਕਿਸਟ

ਪ੍ਰੀਤ ਫੀਡ ਸੇਲਜ਼, ਤਰਨਤਾਰਨ

ਫੋਨ (O) 01852-222927
(R) 98140-75265
(Fax) 225327

**Chiragh Quarterly** **October-December-2004**
**Registered with the Registrar of News-Papers of India No- PUN-PUN O 2276/AL/TC94**

## *ਇਹ ਪਾਠਕਾਂ ਸਦਕਾ ਹੀ ਸੰਭਵ ਹੋਇਆ !*

ਅੱਜ ਅਸੀਂ ਇਹ ਮਾਣ ਨਾਲ ਕਹਿ ਸਕਦੇ ਹਾਂ ਕਿ ਥੋੜ੍ਹੇ ਜਿਹੇ ਅਰਸੇ ਵਿਚ ਹੀ *ਕੁਕਨੁਸ ਪ੍ਰਕਾਸ਼ਨ* ਦੀਆਂ ਮਿਆਰੀ ਅਤੇ ਕਿਫ਼ਾਇਤੀ ਕਿਤਾਬਾਂ ਪਾਠਕਾਂ ਵਿਚ ਦਿਨੋ-ਦਿਨ ਮਕਬੂਲ ਹੋ ਰਹੀਆਂ ਹਨ। ਹੁਣ ਤੱਕ ਇਹ ਪ੍ਰਕਾਸ਼ਨ ਡੇਢ ਸੌ ਤੋਂ ਉੱਪਰ ਕਿਤਾਬਾਂ ਛਾਪ ਚੁੱਕਾ ਹੈ ਜਿਨ੍ਹਾਂ ਵਿਚ ਕੁਝ ਇਹ ਹਨ :

**ਵਿਸ਼ਵ-ਸਾਹਿਤ ਲੜੀ :** ਫਰੈਂਚ ਨਾਵਲ-'ਰਾਤ', 'ਪਹੁ-ਫੁਟਾਲਾ', 'ਦੁਰਘਟਨਾ' (ਐਲੀ ਵਾਈਜ਼ਲ), ਰੇਤ ਦਾ ਦਰਵਾਜ਼ਾ (ਤਾਹਿਰ ਬਿਨ ਜੈਲੋਨ), ਬੁੱਢਾ ਜੋ ਇਸ਼ਕੀਆ ਕਹਾਣੀਆਂ ਪੜ੍ਹਦਾ (ਲੂਈਸ ਸੈਪਲ ਵੇਦਾ), ਰੂਸੀ ਨਾਵਲ-ਚਾਨਣੀਆਂ ਪੈੜਾਂ (ਤਿਖੋਨ ਸਾਈਮੁਸ਼ਕਿਨ), ਪਾਕਿਸਤਾਨੀ ਨਾਵਲ-ਪੰਧ (ਅਫ਼ਜ਼ਲ ਅਹਿਸਨ ਰੰਧਾਵਾ), ਕਮਜ਼ਾਤ (ਫ਼ਖ਼ਰ ਜ਼ਮਾਂ) ਇਕ ਸਮੁੰਦਰ ਪਾਰ, ਤ੍ਰੇਹ (ਮੀਰ ਤਨਹਾ ਯੂਸਫ਼ੀ), ਜੀਵਨ ਯਾਦਾਂ (ਪਾਬਲੋ ਨੇਰੂਦਾ), ਜਾਪਾਨੀ ਕਹਾਣੀਆਂ, ਗੋਰਕੀ ਦੀਆਂ ਕਹਾਣੀਆਂ, ਪਾਕਿਸਤਾਨੀ ਕਹਾਣੀਆਂ, ਬਿਹਾਰ ਦੀਆਂ ਕਹਾਣੀਆਂ, ਸੰਸਾਰ ਪ੍ਰਸਿੱਧ ਖੇਡ ਕਹਾਣੀਆਂ, ਚੋਣਵੀਂ ਕਵਿਤਾ-ਨਾਜ਼ਿਮ ਹਿਕਮਤ, ਹਬੀਬ ਜਾਲਿਬ, ਪਰਵੀਨ ਸ਼ਾਕਿਰ, ਮਹਿਮੂਦ ਦਰਵੇਸ਼, ਪਾਬਲੋ ਨੇਰੂਦਾ ਅਤੇ ਟੈਗੋਰ ਦੀ ਗੀਤਾਂਜਲੀ।

**ਖ਼ਤ ਲੜੀ :** ਫ਼ੈਜ਼ ਅਹਿਮਦ ਫ਼ੈਜ਼, ਖ਼ਲੀਲ ਜਿਬਰਾਨ, ਸਆਦੰਤ ਹਸਨ ਮੰਟੋ, ਮਿਰਜ਼ਾ ਗਾਲਿਬ ਅਤੇ ਪ੍ਰੇਮ ਚੰਦ।

**ਕਹਾਣੀਆਂ :** ਗੁਰਦੇਵ ਰੁਪਾਣਾ, ਪ੍ਰੇਮ ਪ੍ਰਕਾਸ਼, ਵਰਿਆਮ ਸਿੰਘ ਸੰਧੂ, ਗੁਲਜ਼ਾਰ ਸਿੰਘ ਸੰਧੂ, ਰਵਿੰਦਰ ਰਵੀ, ਜਸਵੰਤ ਸਿੰਘ ਵਿਰਦੀ, ਦਲਬੀਰ ਚੇਤਨ, ਪ੍ਰੇਮ ਗੋਰਖੀ, ਲਾਲ ਸਿੰਘ, ਰਾਜਿੰਦਰ ਕੌਰ, ਸੁਕੀਰਤ, ਗੁਰਮੇਲ ਮਡਾਹੜ, ਪ੍ਰੀਤਮਾ ਦੁਮੇਲ, ਜਸਵੀਰ ਰਾਣਾ, ਜਤਿੰਦਰ ਸਿੰਘ ਹਾਂਸ, ਦਵਿੰਦਰ ਮੰਡ, ਗੁਰਮੀਤ ਕੜਿਆਲਵੀ, ਜਸਵੰਤ ਅਮਨ, ਪਵਨ ਪਰਿੰਦਾ ਅਤੇ ਜਸਵੀਰ ਕਲਸੀ ਦੇ ਕਹਾਣੀ ਸੰਗ੍ਰਹਿ।

**ਨਾਵਲ :** ਹਰ ਆਦਮੀ ਦਾ ਡਰ (ਕੁਲਦੀਪ ਬੱਗਾ), ਮਰਦ ਵਿਚਲੀ ਔਰਤ (ਅਜਾਇਬ ਕਮਲ), ਸੁਲਘਦਾ ਸੱਚ (ਅਜੀਤ ਰਾਹੀ), ਪੀਤੂ (ਪਰਮਜੀਤ ਜੱਜ), ਪਰਾਈ ਧਰਤੀ (ਇਕਬਾਲ ਅਰਪਨ), ਧੁਖ਼ਦਾ ਗੋਹਟਾ (ਹਰਨੇਕ ਹੇਅਰ)।

**ਕਵਿਤਾਵਾਂ/ਗ਼ਜ਼ਲਾਂ :** ਸਰਦਾਰ ਪੰਛੀ, ਇਫ਼ਤਿਖਾਰ ਨਸੀਮ, ਹਰਦਿਆਲ ਸਾਗਰ, ਬਰਜਿੰਦਰ ਚੌਹਾਨ, ਸੁਰਿੰਦਰ ਸੋਹਲ, ਓਂਕਾਰਪ੍ਰੀਤ, ਸ਼ਹਰਯਾਰ, ਮਨਮੋਹਨ, ਕ੍ਰਿਸ਼ਨ ਭਨੋਟ, ਹਰਭਜਨ ਹੁੰਦਲ, ਪ੍ਰਮਿੰਦਰਜੀਤ (ਸੰਪਾਦਕ ਵਜੋਂ), ਸੁਖਪਾਲ, ਰਮਨਦੀਪ, ਰਮਨ, ਦੀਪਕ, ਜਗਤਾਰਜੀਤ, ਹਰਵਿੰਦਰ ਭੰਡਾਲ, ਸ਼ਿਵ ਨਾਥ, ਬਲਵਿੰਦਰ ਸੰਧੂ, ਹਰਮੀਤ ਵਿਦਿਆਰਥੀ, ਸੋਮਾ ਸਬਲੋਕ, ਗੁਰਦਿਆਲ ਪੱਲ੍ਹਾ, ਭੁਪਿੰਦਰਪ੍ਰੀਤ, ਕੰਵਲਜੀਤ ਭੁੱਲਰ, ਰਾਮ ਸਿੰਘ ਚਾਹਲ, ਮਦਨਵੀਰਾ, ਜਗੀਰ ਜੋਸਨ, ਜਗਤਾਰ ਢਾਅ ਅਤੇ ਦਰਸ਼ਨ ਬਲੰਦਵੀ ਦੇ ਕਾਵਿ-ਸੰਗ੍ਰਹਿ।

**ਵਿਸ਼ਵ ਚਿੰਤਨ ਲੜੀ :** ਸਮਕਾਲੀ ਮਾਰਕਸੀ ਚਿੰਤਨ, ਮਾਰਕਸੀ ਵਿਸ਼ਵ ਚਿੰਤਨ (ਡਾ. ਭੀਮ ਇੰਦਰ)

**ਵਾਰਤਕ/ਸਫ਼ਰਨਾਮੇ :** ਅਰਜਨ ਸਿੰਘ ਗੜਗੱਜ ਦੀ ਸਮੁੱਚੀ ਰਚਨਾ, ਸ਼ਿਵ ਵਰਮਾ, ਵਰਿਆਮ ਸਿੰਘ ਸੰਧੂ, ਡਾ. ਰਜਨੀਸ਼ ਬਹਾਦਰ ਸਿੰਘ, ਬਿਪਨ ਗੋਇਲ, ਡਾ. ਗੁਰਚਰਨ ਸਿੰਘ ਮਹਿਤਾ, ਤਸਕੀਨ, ਹਰਵਿੰਦਰ ਭੰਡਾਲ, ਬਲਦੇਵ ਸਿੰਘ ਆਜ਼ਾਦ ਅਤੇ ਗੁਰਚਰਨ ਸੱਗੂ ਦੀਆਂ ਵਾਰਤਕ ਪੁਸਤਕਾਂ, ਉਪਰੋਕਤ ਕਿਤਾਬਾਂ ਤੋਂ ਬਿਨਾਂ ਪੱਚੀ ਹੋਰ ਕਿਤਾਬਾਂ।

150 ਕਿਤਾਬਾਂ ਦੇ ਪੂਰੇ ਸੈੱਟ ਦੀ ਕੀਮਤ : 2500 ਰੁਪਏ

**ਜੀਵਨ ਮੈਂਬਰਸ਼ਿਪ : ਪੰਜ ਹਜ਼ਾਰ ਰੁਪਏ**

ਤੁਹਾਡੀ ਆਪਣੀ ਪਸੰਦ ਦੀਆਂ ਗਿਆਰਾਂ ਸੌ ਰੁਪਏ ਮੁੱਲ ਦੀਆਂ ਕਿਤਾਬਾਂ ਪੰਜ ਸੌ ਰੁਪਏ ਵਿਚ।

ਪਾਠਕਾਂ ਲਈ ਵਿਸ਼ੇਸ਼ ਰਿਆਇਤ - 40 ਪ੍ਰਤੀਸ਼ਤ ਤੋਂ 70 ਪ੍ਰਤੀਸ਼ਤ ਤੱਕ

*ਵਧੇਰੇ ਜਾਣਕਾਰੀ ਲਈ ਪੰਜ ਰੁਪਏ ਦੀਆਂ ਡਾਕ ਟਿਕਟਾਂ ਭੇਜ ਕੇ ਸੂਚੀ ਪੱਤਰ ਮੰਗਵਾਉ*

## ਸੰਪਰਕ : ਕੁਕਨੁਸ ਪ੍ਰਕਾਸ਼ਨ

**ਐਨ. ਐਮ. 451, ਮੁਹੱਲਾ ਕਰਾਰ ਖਾਂ, ਜਲੰਧਰ ਫੋਨ : 2214028, 98140-55411**

*(ਸਹਿਯੋਗ ਰਾਸ਼ੀ ਮਨੀਆਰਡਰ ਜਾਂ ਡਿਮਾਂਡ ਡਰਾਫ਼ਟ ਰਾਹੀਂ ਹੀ ਭੇਜਣਾ)*